Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 5 : # ਅੰਕ 19 | 16/07/2026 | www.samajweekly.com | samajweekly | @samajweekly | samajweekly

# ਅਮਰੀਕਾ ਨੇ ਮੁੜ ਨਾਕਾਬੰਦੀ ਤੋਂ ਬਾਅਦ ਹਮਲੇ ਕੀਤੇ ਤੇਜ਼

## ਤਹਿਰਾਨ ਵੱਲੋਂ ਊਰਜਾ ਨਿਰਯਾਤ ਰੋਕਣ ਦੀ ਧਮਕੀ

**ਦੁਬਈ:** ਅਮਰੀਕਾ ਨੇ ਹੋਰਮੁਜ਼ ਜਲਡਮਰੂਮੱਧ (Striat of Hormuz) ਤੋਂ ਲੰਘਣ ਦੀ ਕੋਸ਼ਿਸ਼ ਕਰ ਰਹੇ ਜਹਾਜ਼ਾਂ 'ਤੇ ਇਰਾਨ ਦੇ ਹਮਲਿਆਂ ਦੇ ਜਵਾਬ ਵਿੱਚ ਬੁੱਧਵਾਰ ਨੂੰ ਤਹਿਰਾਨ 'ਤੇ ਮੁੜ ਸਮੁੰਦਰੀ ਨਾਕੇਬੰਦੀ ਲਾਗੂ ਕਰ ਦਿੱਤੀ ਅਤੇ ਉਸ ਦੇ ਖਿਲਾਫ ਆਪਣੇ ਹਵਾਈ ਹਮਲੇ ਤੇਜ਼ ਕਰ ਦਿੱਤੇ।

ਇਰਾਨੀ ਅਧਿਕਾਰੀਆਂ ਅਨੁਸਾਰ, ਅਮਰੀਕੀ ਹਵਾਈ ਹਮਲਿਆਂ ਵਿੱਚ ਇਰਾਨੀ ਫੌਜ ਦੀ ਇੱਕ ਬੈਰਕ ਨੂੰ ਨਿਸ਼ਾਨਾ ਬਣਾਇਆ ਗਿਆ, ਜਿਸ ਵਿੱਚ ਘੱਟੋ-ਘੱਟ ਸੱਤ ਸੈਨਿਕ ਮਾਰੇ ਗਏ ਅਤੇ ਦੇਸ਼ ਭਰ ਵਿੱਚ 260 ਤੋਂ ਵੱਧ ਲੋਕ ਜ਼ਖਮੀ ਹੋ ਗਏ।

ਪੱਛਮੀ ਏਸ਼ੀਆ ਵਿੱਚ ਅਮਰੀਕਾ ਅਤੇ ਇਰਾਨ ਵਿਚਾਲੇ ਕਈ ਦਿਨਾਂ ਤੋਂ ਜਾਰੀ ਜਵਾਬੀ ਹਮਲਿਆਂ ਅਤੇ ਵਿਸ਼ਵ ਊਰਜਾ ਸਪਲਾਈ ਲਈ ਬੇਹੱਦ ਅਹਿਮ ਹੋਰਮੁਜ਼ ਜਲਡਮਰੂਮੱਧ ਨੂੰ ਲੈ ਕੇ ਮੁੜ ਧਮਕੀਆਂ ਦੇ ਵਧਣ ਨਾਲ ਜੰਗ ਖਤਮ ਕਰਨ ਲਈ ਹੋਇਆ ਅੰਤਰਿਮ ਸਮਝੌਤਾ ਲਗਭਗ ਬੇਅਸਰ ਹੋ ਗਿਆ ਹੈ ਅਤੇ ਇਹ ਖੇਤਰ ਇੱਕ ਵਾਰ ਫਿਰ ਪੂਰਨ ਯੁੱਧ ਵੱਲ ਵਧ ਸਕਦਾ ਹੈ।

ਅਮਰੀਕਾ ਨੇ ਪਹਿਲੀ ਵਾਰ ਅਪ੍ਰੈਲ ਵਿੱਚ ਇਰਾਨ 'ਤੇ ਸਮੁੰਦਰੀ ਨਾਕੇਬੰਦੀ ਲਾਗੂ ਕੀਤੀ ਸੀ, ਪਰ ਇਰਾਨ ਦੇ ਪਰਮਾਣੂ ਪ੍ਰੋਗਰਾਮ ਵਰਗੇ ਮੁੱਦਿਆਂ 'ਤੇ 60 ਦਿਨਾਂ ਤੱਕ ਗੱਲਬਾਤ ਕਰਨ ਲਈ ਪਿਛਲੇ ਮਹੀਨੇ ਹੋਏ ਅੰਤਰਿਮ ਸਮਝੌਤੇ ਤੋਂ ਬਾਅਦ ਇਸ ਨੂੰ ਹਟਾ ਲਿਆ ਸੀ। ਅੰਤਰਿਮ ਸਮਝੌਤੇ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਾਲੇ ਜੰਗਬੰਦੀ ਹੋ ਗਈ ਸੀ। ਹਾਲਾਂਕਿ, ਹੋਰਮੁਜ਼ ਜਲਡਮਰੂਮੱਧ ਨੂੰ ਲੈ ਕੇ ਟਕਰਾਅ ਤੇਜ਼ ਹੋਣ ਕਾਰਨ ਇਹ ਗੱਲਬਾਤ ਠੱਪ ਹੋ ਗਈ ਹੈ।

ਜਦੋਂ ਅਮਰੀਕਾ ਅਤੇ ਇਜ਼ਰਾਈਲ ਨੇ 28 ਫਰਵਰੀ ਨੂੰ ਇਰਾਨ ਵਿਰੁੱਧ ਜੰਗ ਸ਼ੁਰੂ ਕੀਤੀ ਸੀ, ਤਾਂ ਤਹਿਰਾਨ ਨੇ ਹੋਰਮੁਜ਼ ਜਲਡਮਰੂਮੱਧ ਨੂੰ ਸਮੁੰਦਰੀ ਆਵਾਜਾਈ ਲਈ ਪ੍ਰਭਾਵਸ਼ਾਲੀ ਢੰਗ ਨਾਲ ਬੰਦ ਕਰ ਦਿੱਤਾ ਸੀ। ਇਸ ਕਦਮ ਨਾਲ ਤੇਲ, ਖਾਦਾਂ ਅਤੇ ਕਈ ਹੋਰ ਚੀਜ਼ਾਂ ਦੀਆਂ ਕੀਮਤਾਂ ਨਾ ਸਿਰਫ਼ ਖੇਤਰ ਵਿੱਚ ਬਲਕਿ ਵਿਸ਼ਵ ਪੱਧਰ 'ਤੇ ਵੀ ਤੇਜ਼ੀ ਨਾਲ ਵਧ ਗਈਆਂ ਸਨ ਅਤੇ ਇਸ ਨਾਲ ਗੱਲਬਾਤ ਵਿੱਚ ਇਰਾਨ ਦੀ ਸਥਿਤੀ ਮਜ਼ਬੂਤ ਹੋ ਗਈ ਸੀ। ਵਧਦੀਆਂ ਕੀਮਤਾਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਉਨ੍ਹਾਂ ਦੀ ਰਿਪਬਲਿਕਨ ਪਾਰਟੀ ਲਈ ਇੱਕ ਵੱਡੀ ਚੁਣੌਤੀ ਬਣ ਗਈਆਂ ਹਨ, ਕਿਉਂਕਿ ਪਾਰਟੀ ਨਵੰਬਰ ਵਿੱਚ ਹੋਣ ਵਾਲੀਆਂ ਚੋਣਾਂ ਵਿੱਚ ਕਾਂਗਰਸ 'ਤੇ ਆਪਣਾ ਕੰਟਰੋਲ ਬਰਕਰਾਰ ਰੱਖਣਾ ਚਾਹੁੰਦੀ ਹੈ। ਹਾਲਾਂਕਿ, ਵਾਸ਼ਿੰਗਟਨ ਇਸ ਜਲਮਾਰਗ ਨੂੰ ਸਫਲਤਾਪੂਰਵਕ ਮੁੜ ਖੋਲ੍ਹਣ ਲਈ ਸੰਘਰਸ਼ ਕਰਦਾ ਦਿਖਾਈ ਦੇ ਰਿਹਾ ਹੈ।

ਇਰਾਨ ਦੇ ਨੀਮ-ਫੌਜੀ ਬਲ ਰੈਵੋਲਿਊਸ਼ਨਰੀ ਗਾਰਡਜ਼ ਨੇ ਬੁੱਧਵਾਰ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਨਾਕੇਬੰਦੀ ਜਾਰੀ ਰਹੀ ਤਾਂ ਉਹ ਪੂਰੇ ਪੱਛਮੀ ਏਸ਼ੀਆ ਤੋਂ ਊਰਜਾ ਨਿਰਯਾਤ ਰੋਕ ਦੇਵੇਗਾ।

ਰੈਵੋਲਿਊਸ਼ਨਰੀ ਗਾਰਡਜ਼ ਨੇ ਕਿਹਾ, ''ਖੇਤਰ ਤੋਂ ਤੇਲ ਅਤੇ ਗੈਸ ਦਾ ਨਿਰਯਾਤ ਜਾਂ ਤਾਂ ਸਾਰਿਆਂ ਲਈ ਹੋਵੇਗਾ ਜਾਂ ਫਿਰ ਕਿਸੇ ਲਈ ਨਹੀਂ ਹੋਵੇਗਾ।''

ਨਾਕੇਬੰਦੀ ਦੁਬਾਰਾ ਲਾਗੂ ਹੁੰਦੇ ਹੀ ਅਮਰੀਕਾ ਅਤੇ ਇਰਾਨ ਨੇ ਇੱਕ-ਦੂਜੇ 'ਤੇ ਹਮਲੇ ਕੀਤੇ।

ਅਮਰੀਕੀ ਫੌਜ ਦੀ ਕੇਂਦਰੀ ਕਮਾਂਡ ਨੇ ਬੁੱਧਵਾਰ ਨੂੰ ਕਿਹਾ ਕਿ ਅਮਰੀਕਾ ਨੇ ਰਾਤ ਭਰ ਕਈ ਟਿਕਾਣਿਆਂ 'ਤੇ ਹਮਲੇ ਕੀਤੇ ਅਤੇ ਫਿਰ ਦਿਨ ਵੇਲੇ ਵੀ ਇਰਾਨ 'ਤੇ ਹਵਾਈ ਹਮਲੇ ਜਾਰੀ ਰੱਖੇ। ਦਿਨ ਦੇ ਚਾਨਣ ਵਿੱਚ ਹਮਲੇ ਕਰਨਾ ਇੱਕ ਅਸਾਧਾਰਨ ਕਦਮ ਹੈ, ਜੋ ਹਮਲਿਆਂ ਦੀ ਵਧਦੀ ਤੀਬਰਤਾ ਦਾ ਸੰਕੇਤ ਦਿੰਦਾ ਹੈ।

ਇਰਾਨੀ ਬੰਦਰਗਾਹਾਂ 'ਤੇ ਦੁਬਾਰਾ ਸਮੁੰਦਰੀ ਨਾਕੇਬੰਦੀ ਲਾਗੂ ਕੀਤੇ ਜਾਣ ਦੇ 17 ਘੰਟਿਆਂ ਦੇ ਅੰਦਰ ਅਮਰੀਕੀ ਫੌਜ ਦੀ ਕੇਂਦਰੀ ਕਮਾਂਡ ਨੇ ਕਿਹਾ ਕਿ ਅਮਰੀਕੀ ਬਲਾਂ ਨੇ ਨਾਕੇਬੰਦੀ ਤੋੜਨ ਦੀ ਕੋਸ਼ਿਸ਼ ਕਰ ਰਹੇ ਦੋ ਵਪਾਰਕ ਜਹਾਜ਼ਾਂ ਦਾ ਰਸਤਾ ਬਦਲਵਾ ਦਿੱਤਾ।



ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਕਿਹਾ, ''ਅਮਰੀਕੀ ਫੌਜ ਪੂਰੀ ਤਰ੍ਹਾਂ ਚੌਕਸ ਹੈ ਅਤੇ ਨਾਕੇਬੰਦੀ ਦੀ ਪੂਰੀ ਪਾਲਣਾ ਯਕੀਨੀ ਬਣਾਉਣ ਲਈ ਤਿਆਰ ਹੈ।''

ਅਮਰੀਕੀ ਫੌਜ ਦੇ ਨਿਸ਼ਾਨਿਆਂ ਵਿੱਚ ਗ੍ਰੇਟਰ ਤੁੰਬ ਟਾਪੂ ਵੀ ਸ਼ਾਮਲ ਸੀ, ਜਿਸ ਨੂੰ ਹੋਰਮੁਜ਼ ਜਲਡਮਰੂਮੱਧ ਵਿੱਚ ਰਣਨੀਤਕ ਪੱਖੋਂ ਇੱਕ ਮਹੱਤਵਪੂਰਨ ਸਥਾਨ ਮੰਨਿਆ ਜਾਂਦਾ ਹੈ।

ਅਮਰੀਕੀ ਫੌਜ ਦੀ ਕੇਂਦਰੀ ਕਮਾਂਡ ਨੇ ਕਿਹਾ ਕਿ ਇਸ ਹਮਲੇ ਵਿੱਚ ਇਰਾਨ ਦੇ ਰੱਖਿਆ ਸਥਾਪਨਾਵਾਂ ਅਤੇ ਮਿਜ਼ਾਈਲ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ।

ਇਰਾਨ ਨੇ 1971 ਵਿੱਚ ਤਿੰਨ ਟਾਪੂਆਂ - ਅਬੂ ਮੂਸਾ, ਗ੍ਰੇਟਰ ਤੁੰਬ ਅਤੇ ਲੈਸਰ ਤੁੰਬ 'ਤੇ ਕਬਜ਼ਾ ਕਰ ਲਿਆ ਸੀ, ਜਦੋਂ ਅੱਜ ਦਾ ਸੰਯੁਕਤ ਅਰਬ ਅਮੀਰਾਤ (ਯੂਏਈ) ਹੋਂਦ ਵਿੱਚ ਆਉਣ ਵਾਲਾ ਸੀ। ਯੂਏਈ ਉਦੋਂ ਤੋਂ ਇਨ੍ਹਾਂ ਟਾਪੂਆਂ 'ਤੇ ਆਪਣਾ ਕੰਟਰੋਲ ਮੁੜ ਸਥਾਪਿਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।

ਕੁਝ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਜੇਕਰ ਅਮਰੀਕਾ ਇਨ੍ਹਾਂ ਟਾਪੂਆਂ 'ਤੇ ਕਬਜ਼ਾ ਕਰ ਲੈਂਦਾ ਹੈ, ਤਾਂ ਇਸ ਨਾਲ ਉਸ ਨੂੰ ਹੋਰਮੁਜ਼ ਜਲਡਮਰੂਮੱਧ 'ਤੇ ਕੰਟਰੋਲ ਸਥਾਪਿਤ ਕਰਨ ਵਿੱਚ ਮਦਦ ਮਿਲ ਸਕਦੀ ਹੈ।

ਇਰਾਨ ਦੇ ਸਰਕਾਰੀ ਟੈਲੀਵਿਜ਼ਨ ਨੇ ਦੱਸਿਆ ਕਿ ਇੱਕ ਹਮਲੇ ਵਿੱਚ ਸਿਸਤਾਨ ਅਤੇ ਬਲੋਚਿਸਤਾਨ ਸੂਬੇ ਦੇ ਬਾਮਪੁਰ ਵਿੱਚ ਸਥਿਤ '388ਵੀਂ ਮਸ਼ੀਨੀਕ੍ਰਿਤ ਇਨਫੈਂਟਰੀ ਬ੍ਰਿਗੇਡ' ਦੀ ਬੈਰਕ ਨੂੰ ਨਿਸ਼ਾਨਾ ਬਣਾਇਆ ਗਿਆ। ਖ਼ਬਰ ਅਨੁਸਾਰ, ਅਮਰੀਕਾ ਨੇ ਹਮਲੇ ਦੌਰਾਨ ਘੱਟੋ-ਘੱਟ 13 ਮਿਜ਼ਾਈਲਾਂ ਦਾਗੀਆਂ। ਮਰਨ ਵਾਲਿਆਂ ਵਿੱਚ ਲਾਜ਼ਮੀ ਫੌਜੀ ਸੇਵਾ ਤਹਿਤ ਭਰਤੀ ਕੀਤੇ ਗਏ ਸੈਨਿਕ ਅਤੇ ਨਿਯਮਤ ਫੌਜੀ ਮੁਲਾਜ਼ਮ ਸ਼ਾਮਲ ਹਨ। ਕਈ ਹੋਰ ਸੈਨਿਕ ਜ਼ਖਮੀ ਵੀ ਹੋਏ ਹਨ। ਇਰਾਨੀ ਸਰਕਾਰ ਦੀ ਬੁਲਾਰਾ ਫਾਤਿਮਾ ਮੋਹਾਜੇਰਾਨੀ ਨੇ ਕਿਹਾ ਕਿ ਬੈਰਕ ਵਿੱਚ ਮਾਰੇ ਗਏ ਲੋਕਾਂ ਸਮੇਤ ਹਾਲ ਹੀ ਦੇ ਦਿਨਾਂ ਵਿੱਚ 30 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ। ਹਾਲਾਂਕਿ, ਉਨ੍ਹਾਂ ਨੇ ਇਸ ਬਾਰੇ ਵਧੇਰੇ ਜਾਣਕਾਰੀ ਨਹੀਂ ਦਿੱਤੀ।

ਇਸ ਦੌਰਾਨ, ਸਿਹਤ ਮੰਤਰਾਲੇ ਦੇ ਬੁਲਾਰੇ ਹੁਸੈਨ ਕੇਰਮਨਪੋਰ ਨੇ ਕਿਹਾ ਕਿ ਸਿਰਫ ਰਾਤ ਭਰ ਹੋਏ ਹਮਲਿਆਂ ਵਿੱਚ ਹੀ 260 ਤੋਂ ਵੱਧ ਲੋਕ ਜ਼ਖਮੀ ਹੋਏ ਹਨ। ਹਾਲ ਹੀ ਦੇ ਦਿਨਾਂ ਵਿੱਚ ਅਮਰੀਕਾ ਅਤੇ ਇਰਾਨ ਵਿਚਾਲੇ ਹੋਈ ਕਿਸੇ ਵੀ ਹੋਰ ਹਿੰਸਕ ਘਟਨਾ ਦੀ ਤੁਲਨਾ ਵਿੱਚ ਇਹ ਗਿਣਤੀ ਬਹੁਤ ਜ਼ਿਆਦਾ ਹੈ। ਹਾਲਾਂਕਿ, ਉਨ੍ਹਾਂ ਨੇ ਇਹ ਨਹੀਂ ਦੱਸਿਆ ਕਿ ਰਾਤ ਭਰ ਦੇ ਹਮਲਿਆਂ ਵਿੱਚ ਕਿੰਨੇ ਲੋਕਾਂ ਦੀ ਮੌਤ ਹੋਈ। ਸਰਕਾਰੀ ਟੈਲੀਵਿਜ਼ਨ ਅਨੁਸਾਰ, ਇਰਾਨੀ ਫੌਜ ਨੇ ਕਿਹਾ ਕਿ ਉਹ ''ਅਮਰੀਕੀ ਦੁਸ਼ਮਣ ਦੀ ਇਸ ਹਮਲਾਵਰ ਕਾਰਵਾਈ ਦਾ ਕਰਾਰਾ ਜਵਾਬ ਦੇਵੇਗੀ।''

ਬੁੱਧਵਾਰ ਤੜਕੇ ਬਹਿਰੀਨ ਅਤੇ ਕੁਵੈਤ ਵਿੱਚ ਇਰਾਨੀ ਮਿਜ਼ਾਈਲ ਹਮਲੇ ਦੀ ਚੇਤਾਵਨੀ ਵਾਲੇ ਸਾਇਰਨ ਵੱਜ ਉੱਠੇ। ਹਾਲ ਹੀ ਦੇ ਦਿਨਾਂ ਵਿੱਚ ਇਹ ਲਗਭਗ ਰੋਜ਼ਾਨਾ ਦੀ ਘਟਨਾ ਬਣ ਗਈ ਹੈ। ਜਾਰਡਨ ਨੇ ਕਿਹਾ ਕਿ ਉਸਨੇ ਇਰਾਨ ਵੱਲੋਂ ਦਾਗੀਆਂ ਗਈਆਂ ਤਿੰਨ ਮਿਜ਼ਾਈਲਾਂ ਨੂੰ ਹਵਾ ਵਿੱਚ ਹੀ ਤਬਾਹ ਕਰ ਦਿੱਤਾ। ਇਰਾਨ ਨੇ ਇਨ੍ਹਾਂ ਤਿੰਨਾਂ ਦੇਸ਼ਾਂ 'ਤੇ ਹਮਲੇ ਕਰਨ ਦਾ ਦਾਅਵਾ ਕੀਤਾ। ਇਨ੍ਹਾਂ ਤਿੰਨਾਂ ਦੇਸ਼ਾਂ ਵਿੱਚ ਅਮਰੀਕੀ ਫੌਜਾਂ ਤਾਇਨਾਤ ਹਨ।

ਅਮਰੀਕਾ ਦੀ ਕੇਂਦਰੀ ਕਮਾਂਡ ਦੀ ਅਗਵਾਈ ਕਰਨ ਵਾਲੇ ਨੇਵੀ ਐਡਮਿਰਲ ਬ੍ਰੈਡ ਕੂਪਰ ਨੇ ਇੱਕ ਬਿਆਨ ਵਿੱਚ ਕਿਹਾ ਕਿ ਇਰਾਨ ਨੇ ਗੁਆਂਢੀ ਖਾੜੀ ਦੇਸ਼ਾਂ ਵੱਲ ਦਰਜਨਾਂ ਮਿਜ਼ਾਈਲਾਂ ਅਤੇ ਡਰੋਨ ਦਾਗੇ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੰਗਲਵਾਰ ਰਾਤ ਫਾਕਸ ਨਿਊਜ਼ ਚੈਨਲ ਨੂੰ ਦੱਸਿਆ ਕਿ ਅਗਲੇ ਦੋ ਦਿਨਾਂ ਵਿੱਚ ਇਰਾਨ 'ਤੇ ਅਮਰੀਕਾ ਵੱਲੋਂ ਹੋਰ ਹਮਲੇ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਜੇਕਰ ਗੱਲਬਾਤ ਮੁੜ ਸ਼ੁਰੂ ਨਾ ਹੋਈ ਤਾਂ ਅਗਲੇ ਹਫ਼ਤੇ ਤੱਕ ਪੁਲਾਂ ਅਤੇ ਬਿਜਲੀ ਘਰਾਂ ਨੂੰ ਵੀ ਨਿਸ਼ਾਨਾ ਬਣਾਇਆ ਜਾ ਸਕਦਾ ਹੈ। ਅਮਰੀਕਾ ਪਹਿਲਾਂ ਹੀ ਘੱਟੋ-ਘੱਟ ਇੱਕ ਪੁਲ 'ਤੇ ਹਮਲਾ ਕਰ ਚੁੱਕਾ ਹੈ। ਟਰੰਪ ਨੇ ਚੇਤਾਵਨੀ ਦਿੰਦਿਆਂ ਕਿਹਾ, ''ਬਿਹਤਰ ਹੋਵੇਗਾ ਕਿ ਸਮਝੌਤਾ ਕਰ ਲਓ, ਨਹੀਂ ਤਾਂ ਤੁਹਾਡੇ ਕੋਲ ਕੁਝ ਵੀ ਨਹੀਂ ਬਚੇਗਾ।''ਸੰਯੁਕਤ ਰਾਸ਼ਟਰ ਵਿੱਚ ਇਰਾਨ ਦੇ ਰਾਜਦੂਤ ਅਮੀਰ ਸਈਦ ਇਰਾਵਾਨੀ ਨੇ ਅਮਰੀਕਾ ਦੇ ਹਮਲਿਆਂ ਦੀ ਨਿੰਦਾ ਕੀਤੀ। ਸਰਕਾਰੀ ਸਮਾਚਾਰ ਏਜੰਸੀ 'ਇਰਨਾ' (IRNA) ਅਨੁਸਾਰ, ਉਨ੍ਹਾਂ ਨੇ ਸੰਯੁਕਤ ਰਾਸ਼ਟਰ ਦੇ ਮੁਖੀ ਨੂੰ ਲਿਖੇ ਪੱਤਰ ਵਿੱਚ ਕਿਹਾ, ''ਅਮਰੀਕਾ ਪੀੜਤ ਨਹੀਂ, ਸਗੋਂ ਹਮਲਾਵਰ ਹੈ।'' ਤਾਜ਼ਾ ਟਕਰਾਅ ਦਾ ਕੇਂਦਰ ਹਾਰਮੂਜ਼ ਜਲਡਮਰੂਮੱਧ ਬਣਿਆ ਹੋਇਆ ਹੈ, ਜਿੱਥੋਂ ਆਮ ਹਾਲਤਾਂ ਵਿੱਚ ਦੁਨੀਆ ਦੇ ਤੇਲ ਅਤੇ ਕੁਦਰਤੀ ਗੈਸ ਦੇ ਵਪਾਰ ਦਾ ਲਗਭਗ ਪੰਜਵਾਂ ਹਿੱਸਾ ਲੰਘਦਾ ਹੈ। ਜੰਗ ਦੇ ਸ਼ੁਰੂਆਤੀ ਦਿਨਾਂ ਵਿੱਚ ਇਰਾਨ ਵੱਲੋਂ ਇਸ ਜਲਮਾਰਗ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਬੰਦ ਕੀਤੇ ਜਾਣ ਤੋਂ ਬਾਅਦ ਅਮਰੀਕਾ ਲਈ ਇਸਨੂੰ ਦੁਬਾਰਾ ਖੋਲ੍ਹਣਾ ਇੱਕ ਵੱਡੀ ਚੁਣੌਤੀ ਬਣਿਆ ਹੋਇਆ ਹੈ।

ਅੰਤਰਿਮ ਸਮਝੌਤੇ ਦੌਰਾਨ ਕੁਝ ਜਹਾਜ਼ਾਂ ਨੇ ਓਮਾਨ ਦੇ ਨੇੜੇ ਸਥਿਤ ਉਸ ਰਸਤੇ ਰਾਹੀਂ ਆਉਣਾ-ਜਾਣਾ ਸ਼ੁਰੂ ਕੀਤਾ, ਜਿਸ ਦੀ ਨਿਗਰਾਨੀ ਅਮਰੀਕੀ ਫੌਜ ਕਰਦੀ ਹੈ ਅਤੇ ਜੋ ਤਹਿਰਾਨ ਦੇ ਕੰਟਰੋਲ ਤੋਂ ਬਾਹਰ ਹੈ। ਹਾਲ ਹੀ ਦੇ ਦਿਨਾਂ ਵਿੱਚ ਇਰਾਨ ਨੇ ਇਸੇ ਰਸਤੇ ਤੋਂ ਲੰਘ ਰਹੇ ਜਹਾਜ਼ਾਂ 'ਤੇ ਹਮਲੇ ਕੀਤੇ, ਜਿਸ ਤੋਂ ਬਾਅਦ ਦੋਵਾਂ ਧਿਰਾਂ ਵਿਚਾਲੇ ਜਵਾਬੀ ਹਮਲਿਆਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਅਮਰੀਕਾ ਨੇ ਜਲਡਮਰੂਮੱਧ ਨੂੰ ਤਾਕਤ ਦੇ ਜ਼ੋਰ 'ਤੇ ਮੁੜ ਖੋਲ੍ਹਣ ਦੀ ਚੇਤਾਵਨੀ ਦਿੱਤੀ ਹੈ, ਪਰ ਮਾਹਰਾਂ ਦਾ ਕਹਿਣਾ ਹੈ ਕਿ ਇਸ ਦੇ ਲਈ ਹਜ਼ਾਰਾਂ ਜ਼ਮੀਨੀ ਸੈਨਿਕਾਂ ਦੀ ਨਹੀਂ ਤਾਂ ਬਹੁਤ ਵੱਡੇ ਜਲ ਸੈਨਾ ਦੇ ਬੇੜੇ ਦੀ ਲੋੜ ਪਵੇਗੀ। ਅਜਿਹੇ ਵਿੱਚ ਇਰਾਨ 'ਤੇ ਦਬਾਅ ਵਧਾਉਣ ਲਈ ਸਮੁੰਦਰੀ ਨਾਕੇਬੰਦੀ ਲਾਗੂ ਕਰਨਾ ਇੱਕ ਬਦਲਵਾਂ ਉਪਾਅ ਮੰਨਿਆ ਜਾ ਰਿਹਾ ਹੈ। ਇਸ ਦੌਰਾਨ, ਤੇਲ ਦੀਆਂ ਕੀਮਤਾਂ ਲਗਾਤਾਰ ਵਧ ਰਹੀਆਂ ਹਨ। ਅੰਤਰਰਾਸ਼ਟਰੀ ਮਿਆਰ ਮੰਨੇ ਜਾਣ ਵਾਲੇ ਬ੍ਰੈਂਟ ਕਰੂਡ ਦੀ ਕੀਮਤ ਬੁੱਧਵਾਰ ਨੂੰ 85 ਅਮਰੀਕੀ ਡਾਲਰ ਪ੍ਰਤੀ ਬੈਰਲ ਤੋਂ ਉੱਪਰ ਪਹੁੰਚ ਗਈ। ਇਹ ਜੰਗ ਸ਼ੁਰੂ ਹੋਣ ਤੋਂ ਪਹਿਲਾਂ ਦੇ ਪੱਧਰ ਨਾਲੋਂ 15 ਫੀਸਦੀ ਤੋਂ ਵੱਧ ਹੈ, ਹਾਲਾਂਕਿ ਟਕਰਾਅ ਦੇ ਸਿਖਰ ਦੌਰਾਨ ਪਹੁੰਚੀ ਲਗਭਗ 120 ਡਾਲਰ ਪ੍ਰਤੀ ਬੈਰਲ ਦੀ ਕੀਮਤ ਨਾਲੋਂ ਅਜੇ ਵੀ ਕਾਫੀ ਘੱਟ ਹੈ। ਅੰਤਰਰਾਸ਼ਟਰੀ ਮੁਦਰਾ ਕੋਸ਼ (ਆਈਐਮਐਫ) ਦੇ ਵਿਸ਼ਲੇਸ਼ਕਾਂ ਨੇ ਬੁੱਧਵਾਰ ਨੂੰ ਚੇਤਾਵਨੀ ਦਿੱਤੀ ਕਿ ਹੁਣ ਤੱਕ ਤੇਲ ਦੀ ਵੱਧ ਉਪਲਬਧਤਾ ਕਾਰਨ ਕੀਮਤਾਂ ਕੰਟਰੋਲ ਵਿੱਚ ਸਨ, ਪਰ ''ਹੁਣ ਉਸ ਰਾਹਤ ਦਾ ਵੱਡਾ ਹਿੱਸਾ ਖਤਮ ਹੋ ਚੁੱਕਾ ਹੈ।''

ਇਸ ਦੌਰਾਨ, ਖੇਤਰੀ ਵਿਚੋਲੇ ਅਜੇ ਵੀ ਅਮਰੀਕਾ ਅਤੇ ਇਰਾਨ ਨੂੰ ਮੁੜ ਗੱਲਬਾਤ ਦੀ ਮੇਜ਼ 'ਤੇ ਲਿਆਉਣ ਦੀ ਕੋਸ਼ਿਸ਼ ਕਰ ਰਹੇ ਹਨ।

# ਪੰਜਾਬ ’ਚ ਸ਼੍ਰੀ ਦੀ ਪ੍ਰਕਿਰਿਆ 11 ਦਿਨ ਹੋਰ ਵਧੀ

## ਭਾਰਤੀ ਚੋਣ ਕਮਿਸ਼ਨ ਨੇ ਸ਼੍ਰੀ ਦਾ ਸੋਧਿਆ ਹੋਇਆ ਸ਼ਡਿਊਲ ਕੀਤਾ ਜਾਰੀ

**ਨਵੀਂ ਦਿੱਲੀ :** ਭਾਰਤੀ ਚੋਣ ਕਮਿਸ਼ਨ ਨੇ ਪੰਜਾਬ ’ਚ ਵੋਟਰ ਸੂਚੀ ਦੀ ਵਿਸ਼ੇਸ਼ ਸੁਧਾਈ ਦਾ ਸੋਧਿਆ ਹੋਇਆ ਸ਼ਡਿਊਲ ਜਾਰੀ ਕੀਤਾ ਹੈ। 1 ਅਕਤੂਬਰ 2026 ਦੀ ਯੋਗਤਾ ਮਿਤੀ ਦੇ ਆਧਾਰ 'ਤੇ ਹੋਣ ਵਾਲੀ ਇਸ ਸੁਧਾਈ ਨੂੰ ਲੈ ਕੇ ਮੁੱਖ ਚੋਣ ਅਫ਼ਸਰ, ਪੰਜਾਬ ਨੂੰ ਨਵੇਂ ਹੁਕਮ ਭੇਜ ਦਿੱਤੇ ਗਏ ਹਨ ਅਤੇ ਪੰਜਾਬ ’ਚ ਚੱਲਣ ਵਾਲੀ ਸ਼੍ਰੀ ਦੀ ਪ੍ਰਕਿਰਿਆ ’ਚ 11 ਦਿਨਾਂ ਲਈ ਹੋਰ ਵਧ ਗਈ ਹੈ। ਪਹਿਲਾਂ ਇਹ ਪ੍ਰਕਿਰਿਆ 24 ਜੁਲਾਈ ਤੱਕ ਨਿਰਧਾਰਤ ਕੀਤੀ ਗਈ ਸੀ ਜਦਿਕ ਹੁਣ ਇਹ ਪ੍ਰਕਿਰਿਆ 3 ਅਗਸਤ ਤੱਕ ਚੱਲੇਗੀ।ਜਦਕਿ 12 ਅਕਤੂਬਰ ਨੂੰ ਅੰਤਮ ਵੋਟਰ ਸੂਚੀ ਜਾਰੀ ਕਰ ਦਿੱਤੀ ਜਾਵੇਗੀ। ਨਵੇਂ ਪ੍ਰੋਗਰਾਮ ਤਹਿਤ ਹੁਣ ਸੂਬੇ ਵਿੱਚ ਪੋਲਿੰਗ ਸਟੇਸ਼ਨਾਂ ਦੇ ਪੁਨਰਗਠਨ ਤੋਂ ਲੈ ਕੇ ਅੰਤਿਮ ਵੋਟਰ ਸੂਚੀ ਦੇ ਪ੍ਰਕਾਸ਼ਨ ਤੱਕ ਦੀਆਂ ਤਾਰੀਖ਼ਾਂ ਵਿੱਚ ਬਦਲਾਅ ਕੀਤਾ ਗਿਆ ਹੈ। ਇਸ ਦੇ ਤਹਿਤ ਹੁਣ ਬੀ.ਐੱਲ.ਓ.



(BLO) 3 ਅਗਸਤ 2026 ਤੱਕ ਲੋਕਾਂ ਦੇ ਘਰ-ਘਰ ਜਾ ਕੇ ਪੜਤਾਲ ਕਰਨਗੇ । ਇਸ ਤੋਂ ਬਾਅਦ 13 ਅਗਸਤ ਨੂੰ ਨਵੀਂ ਵੋਟਰ ਸੂਚੀ ਦਾ ਪਹਿਲਾ ਡਰਾਫਟ ਜਾਰੀ ਹੋਵੇਗਾ, ਜਿਸ 'ਤੇ ਲੋਕ 12 ਸਤੰਬਰ ਤੱਕ ਆਪਣੇ ਨਾਮ ਜੁੜਵਾਉਣ ਜਾਂ ਸੁਧਾਰ ਕਰਵਾਉਣ ਲਈ ਦਾਅਵੇ ਅਤੇ ਇਤਰਾਜ਼ ਦੇ ਸਕਣਗੇ। ਸਾਰੇ ਸੁਧਾਰਾਂ ਨੂੰ ਪੂਰਾ ਕਰਨ ਤੋਂ ਬਾਅਦ 12 ਅਕਤੂਬਰ 2026 ਨੂੰ ਫਾਈਨਲ ਵੋਟਰ ਸੂਚੀ ਜਾਰੀ ਕਰ ਦਿੱਤੀ ਜਾਵੇਗੀ, ਜਿਸ ਦੇ ਆਧਾਰ 'ਤੇ ਅਗਲੀਆਂ ਚੋਣਾਂ ਹੋਣਗੀਆਂ। ਪੰਜਾਬ ਵਿੱਚ ਵੋਟਰ ਸੂਚੀ ਦੀ ਵਿਸ਼ੇਸ਼ ਗਹਿਣ ਸੁਧਾਈ ਦਾ ਪਹਿਲਾ ਸ਼ੈਡਿਊਲ 25 ਜੂਨ ਤੋਂ 24 ਜੁਲਾਈ 2026 ਤੱਕ ਘਰ-ਘਰ ਜਾ ਕੇ ਪੜਤਾਲ (BLO Veirifcaiton) ਕਰਨ ਲਈ ਤੈਅ ਕੀਤਾ ਗਿਆ ਸੀ। ਇਸ ਤੋਂ ਬਾਅਦ 3 ਅਗਸਤ 2026 ਨੂੰ ਪ੍ਰਾਰੂਪ ਵੋਟਰ ਸੂਚੀ ਦਾ ਪ੍ਰਕਾਸ਼ਨ, 3 ਅਗਸਤ ਤੋਂ 2 ਸਤੰਬਰ 2026 ਤੱਕ ਦਾਅਵੇ ਅਤੇ ਇਤਰਾਜ਼ ਦਰਜ ਕਰਨਾ, 28 ਸਤੰਬਰ ਤੱਕ ਉਨ੍ਹਾਂ ਦਾ ਨਿਪਟਾਰਾ ਅਤੇ ਅਖ਼ੀਰ 1 ਅਕਤੂਬਰ 2026 ਨੂੰ ਅੰਤਿਮ ਵੋਟਰ ਸੂਚੀ ਦਾ ਪ੍ਰਕਾਸ਼ਨ ਹੋਣਾ ਸੀ। ਹਾਲਾਂਕਿ, ਭਾਰਤ ਚੋਣ ਕਮਿਸ਼ਨ ਨੇ ਇਸ ਟਾਈਮਲਾਈਨ ਵਿੱਚ ਸੋਧ ਕਰ ਦਿੱਤੀ ਹੈ। ਇਸ ਦੇ ਤਹਿਤ ਘਰ-ਘਰ ਜਾ ਕੇ ਪੜਤਾਲ ਕਰਨ ਦੀ ਤਾਰੀਖ਼ ਨੂੰ ਵਧਾ ਕੇ 3 ਅਗਸਤ 2026 ਕਰ ਦਿੱਤਾ ਗਿਆ ਹੈ ਅਤੇ ਹੁਣ ਪ੍ਰਾਰੂਪ ਸੂਚੀ ਦਾ ਪ੍ਰਕਾਸ਼ਨ 13 ਅਗਸਤ ਨੂੰ ਅਤੇ ਅੰਤਿਮ ਵੋਟਰ ਸੂਚੀ ਦਾ ਪ੍ਰਕਾਸ਼ਨ 12 ਅਕਤੂਬਰ 2026 ਨੂੰ ਕੀਤਾ ਜਾਵੇਗਾ।

# ਅੰਮ੍ਰਿਤਸਰ ਪੁਲਿਸ ਨੇ ਹੈਂਡ ਗ੍ਰਨੇਡ ਸਮੇਤ ਇਕ ਮੁਲਜ਼ਮ ਕੀਤਾ ਗ੍ਰਿਫ਼ਤਾਰ

**ਅੰਮ੍ਰਿਤਸਰ।** ਅੰਮ੍ਰਿਤਸਰ ਪੁਲਿਸ ਨੇ ਸੂਬੇ ਵਿਚ ਵੱਡੀ ਅੱਤਵਾਦੀ ਸਾਜ਼ਿਸ਼ ਨੂੰ ਨਾਕਾਮ ਕੀਤਾ ਹੈ। ਪੁਲਿਸ ਨੇ ਹੈਂਡ ਗ੍ਰਨੇਡ ਸਮੇਤ  ਇਕ ਮੁਲਜ਼ਮ ਨੂੰ ਕਾਬੂ ਕੀਤਾ ਹੈ। ਉਸ ਦੇ ਕਬਜ਼ੇ ਵਿਚੋਂ ਗਲੌਕ ਪਿਸਤੌਲ ਵੀ ਬਰਾਮਦ ਹੋਇਆ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਮੁਲਜ਼ਮ ਪਾਕਿਸਤਾਨੀ ਏਜੰਸੀ ISI ਦੇ ਸੰਪਰਕ ਵਿਚ ਸੀ।  ਡੀ. ਜੀ. ਪੀ. ਗੌਰਵ ਯਾਦਵ ਨੇ ਸੋਸ਼ਲ ਮੀਡੀਆ 'ਤੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਵੱਲੋਂ ਇੱਕ ਵੱਡੀ ਸਫਲਤਾ ਹਾਸਲ ਕਰਦਿਆਂ, ਸਰਹੱਦ ਪਾਰ ਅੱਤਵਾਦੀ ਸਾਜ਼ਿਸ਼ ਦਾ ਪਰਦਾਫਾਸ਼ ਕੀਤਾ ਗਿਆ, ਇੱਕ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਕੇ ਉਸ ਕੋਲੋਂ ਇੱਕ ਹੈਂਡ ਗ੍ਰਨੇਡ ਅਤੇ ਇੱਕ 9mm ਗਲੌਕ ਪਿਸਤੌਲ ਸਮੇਤ ਚਾਰ ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ ਹਨ। ਮੁੱਢਲੀ ਜਾਂਚ ਤੋਂ ਪਤਾ ਚੱਲਿਆ ਹੈ ਕਿ ਮੁਲਜ਼ਮ ਇੰਸਟਾਗ੍ਰਾਮ ਰਾਹੀਂ ਸਰਹੱਦ ਪਾਰੋਂ ਆਈ.ਐੱਸ.ਆਈ. ਹੈਂਡਲਰਾਂ ਦੇ ਸੰਪਰਕ ਵਿਚ ਸੀ ਅਤੇ ਉਸ ਨੂੰ ਅਮਨ-ਕਾਨੂੰਨ ਦੀ ਸਥਿਤੀ ਨੂੰ ਵਿਗਾੜਨ ਲਈ ਪੁਲਿਸ ਅਦਾਰਿਆਂ ਅਤੇ ਜਨਤਕ ਥਾਵਾਂ ਨੂੰ ਨਿਸ਼ਾਨਾ ਬਣਾਉਣ ਦੇ ਨਿਰਦੇਸ਼ ਦਿੱਤੇ ਜਾ ਰਹੇ ਸਨ। ਥਾਣਾ ਕੈਂਟ,




ਅੰਮ੍ਰਿਤਸਰ ਵਿਖੇ ਐੱਫ.ਆਈ.ਆਰ. ਦਰਜ ਕਰ ਲਈ ਗਈ ਹੈ। ਗੌਰਵ ਯਾਦਵ ਨੇ ਲਿਖਿਆ ਕਿ ਇਸ ਪੂਰੇ ਨੈੱਟਵਰਕ ਦਾ ਪਰਦਾਫਾਸ਼ ਕਰਨ ਅਤੇ ਇਸ ਵਿੱਚ ਸ਼ਾਮਲ ਹੋਰ ਸਾਥੀਆਂ ਤੇ ਹੈਂਡਲਰਾਂ ਦੀ ਪਛਾਣ ਕਰਨ ਲਈ ਅਗਲੇਰੀ ਜਾਂਚ ਜਾਰੀ ਹੈ। ਪੰਜਾਬ ਪੁਲਿਸ ਸਰਹੱਦ ਪਾਰ ਅੱਤਵਾਦੀ ਨੈੱਟਵਰਕਾਂ ਨੂੰ ਖ਼ਤਮ ਕਰਨ ਅਤੇ ਜਨਤਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ।

# ਪੰਜਾਬ ਕਾਂਗਰਸ ਦੇ ਰੇੜਕੇ ਦਰਮਿਆਨ ਬਘੇਲ ਨੇ ਕੌਮੀ ਲੀਡਰਸ਼ਿਪ ਨੂੰ ਰਿਪੋਰਟ ਸੌਂਪੀ

**ਨਵੀਂ ਦਿੱਲੀ,** ।ਕਾਂਗਰਸ ਨੇਤਾ ਅਤੇ ਪੰਜਾਬ ਇੰਚਾਰਜ ਭੁਪੇਸ਼ ਬਘੇਲ ਨੇ ਅੱਜ ਪੰਜਾਬ ਇਕਾਈ ਵਿੱਚ ਚੱਲ ਰਹੀ ਅੰਦਰੂਨੀ ਕਲੇਸ਼ ਬਾਰੇ ਆਪਣੀ ਰਿਪੋਰਟ ਆਲ ਇੰਡੀਆਂ ਕਾਗਰਸ ਕਮੇਟੀ ਦੇ ਦੇ ਜਨਰਲ ਸਕੱਤਰ (ਸੰਗਠਨ) ਕੇ ਸੀ ਵੇਣੂਗੋਪਾਲ ਨੂੰ ਸੌਂਪ ਦਿੱਤੀ ਅਤੇ ਕਿਹਾ ਕਿ ਪਾਰਟੀ ਦੀ ਲੀਡਰਸ਼ਿਪ ਬਾਰੇ ਕੋਈ ਵੀ ਫੈਸਲਾ ਸੋਚ-ਵਿਚਾਰ ਤੋਂ ਬਾਅਦ ਹੀ ਲਿਆ ਜਾਵੇਗਾ ਅਤੇ ਇਸ ਨੂੰ ਮਾਮੂਲੀ ਕੰਮ ਨਹੀਂ ਮੰਨਿਆ ਜਾਵੇਗਾ। ਵੇਣੂਗੋਪਾਲ ਨਾਲ ਉਨ੍ਹਾਂ ਦੀ ਰਿਹਾਇਸ਼ ਤੇ ਕੀਤੀ ਮੁਲਾਕਾਤ ਤੋਂ ਬਾਅਦ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਭੁਪੇਸ਼ ਬਘੇਲ ਨੇ ਦੱਸਿਆ ਕਿ ਉਹਨਾਂ ਨੇ ਪੰਜਾਬ ਦੇ ਸਾਰੇ ਨੇਤਾਵਾਂ ਨਾਲ ਮੁਲਾਕਾਤ ਕੀਤੀ। ਇਸ ਦੌਰਾਨਪੰਜਾਬ ਕਾਂਗਰਸ ਕਮੇਟੀ ਦਫ਼ਤਰ ਵਿੱਚ ਮੀਟਿੰਗਾਂ ਵੀ ਕੀਤੀਆਂ ਗਈਆਂ ਅਤੇ ਇੱਕ-ਇੱਕ ਕਰਕੇ ਵੀ ਆਗੂਆਂ ਨਾਲ ਗੱਲ ਕੀਤੀ ਗਈ। ਉਨ੍ਹਾਂ ਕਿਹਾ ਕਿ ਉਹਨਾਂ ਵਲੋਂ ਪੰਜਾਬ ਦੇ ਆਗੂਆਂ ਨਾਲ ਕੀਤੀ ਗਈ ਗੱਲਬਾਤ ਦੇ ਆਧਾਰ ਤੇ ਆਪਣੀ ਰਿਪੋਰਟ ਕੇਸੀ ਵੇਣੂਗੋਪਾਲ ਨੂੰ ਸੌਂਪ ਦਿੱਤੀ ਗਈ ਹੈ। ਸੂਬਾਈ ਲੀਡਰਸ਼ਿਪ ਵਿੱਚ ਸੰਭਾਵਿਤ ਬਦਲਾਅ ਦੀਆਂ ਚਰਚਾਵਾਂ ਦੇ ਵਿਚਕਾਰ, ਬਘੇਲ ਨੇ ਕਿਹਾ ਕਿ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਹੁਣ ਤੱਕ ਕੋਈ ਅਸਤੀਫਾ ਨਹੀਂ ਦਿੱਤਾ ਗਿਆ ਹੈ। ਉਨ੍ਹਾਂ ਨੇ ਇਨ੍ਹਾਂ ਸੁਝਾਵਾਂ ਨੂੰ ਵੀ ਖਾਰਜ ਕਰ ਦਿੱਤਾ ਕਿ ਪਾਰਟੀ ਜਲਦਬਾਜ਼ੀ ਵਿੱਚ



ਫੈਸਲੇ ਲਵੇਗੀ। ਇਸ ਦੌਰਾਨ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵੀ ਵੇਣੂਗੋਪਾਲ ਦੀ ਰਿਹਾਇਸ਼ ਤੇ ਪਹੁੰਚੇ ਅਤੇ ਉਹਨਾਂ ਨੂੰ ਪੰਜਾਬ ਦੇ ਸਿਆਸੀ ਹਾਲਾਤ ਬਾਰੇ ਜਾਂਣੂ ਕਰਵਾਇਆ। ਇਹ ਘਟਨਾਕ੍ਰਮ ਸੀਨੀਅਰ ਕਾਂਗਰਸੀ ਨੇਤਾ ਰਾਹੁਲ ਗਾਂਧੀ ਵਲੋਂ ਪੰਜਾਬ ਕਾਂਗਰਸ ਵਿੱਚ ਧੜੇਬੰਦੀ ਅਤੇ ਅੱਗੇ ਦੀ ਰਣਨੀਤੀ ਬਾਰੇ ਚਰਚਾ ਕਰਨ ਲਈ ਪਾਰਟੀ ਪ੍ਰਧਾਨ ਮੱਲਿਕਾਰਜੁਨ ਖੜਗੇ ਅਤੇ ਵੇਣੂਗੋਪਾਲ ਨਾਲ ਮੀਟਿੰਗ ਕੀਤੇ ਜਾਣ ਦੇ ਇੱਕ ਦਿਨ ਬਾਅਦ ਵਾਪਰਿਆ ਹੈ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878  456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਸਕੂਲ ਵੈਨ ਹੇਠ ਆਉਣ ਨਾਲ ਮਾਸੂਮ ਦੀ ਮੌਤ, ਮਾਂ ਨਾਲ ਭੈਣ ਨੂੰ ਚੜ੍ਹਾਉਣ ਗਿਆ ਸੀ ਬੱਸ

**ਲੁਧਿਆਣਾ**

ਲੁਧਿਆਣਾ ਦੇ ਕੋਹਾੜਾ ਇਲਾਕੇ ਵਿਚ ਸਥਿਤ ਸ਼ਾਲੂ (ਬੇਨੀ) ਪਿੰਡ ਵਿਚ ਅੱਜ ਢਾਈ ਸਾਲ ਦੇ ਬੱਚੇ ਸਮਰਦੀਪ ਦੀ ਸੜਕ ਹਾਦਸੇ ਵਿੱਚ ਮੌਤ ਹੋ ਗਈ। ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਉਹ ਆਪਣੀ ਮਾਂ ਨਾਲ ਵੱਡੀ ਭੈਣ ਨੂੰ ਸਕੂਲ ਵੈਨ ਵਿੱਚ ਚੜ੍ਹਾਉਣ ਗਿਆ ਸੀ। ਇਸ ਦੌਰਾਨ ਤੇਜ਼ ਰਫ਼ਤਾਰ ਸਕੂਲ ਵੈਨ ਦੀ ਟੱਕਰ ਲੱਗਣ ਨਾਲ ਬੱਚੇ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਘਟਨਾ ਨੇ ਪੂਰੇ ਪਿੰਡ ਵਿੱਚ ਸੋਗ ਅਤੇ ਗੁੱਸੇ ਦੀ ਲਹਿਰ ਫੈਲ ਗਈ। ਰਿਪੋਰਟਾਂ ਅਨੁਸਾਰ, ਸਮਰਦੀਪ ਅੱਜ ਸਵੇਰੇ 7 ਵਜੇ ਦੇ ਕਰੀਬ ਆਪਣੀ ਮਾਂ ਨਾਲ ਆਪਣੇ ਘਰ ਦੇ ਬਾਹਰ ਖੜ੍ਹਾ ਸੀ। ਉਸ ਦੀ ਵੱਡੀ ਭੈਣ ਸਕੂਲ ਜਾਣ ਵਾਲੀ ਘਰ ਦੇ ਬਾਹਰ ਵੈਨ ਦਾ ਇੰਤਜ਼ਾਰ ਕਰ ਰਹੀ ਸੀ। ਉਸੇ ਸਮੇਂ ਸਕੂਲ ਵੈਨ ਆਈ। ਚਸ਼ਮਦੀਦਾਂ ਨੇ ਦੱਸਿਆ ਕਿ ਜਿਵੇਂ ਹੀ ਵੈਨ ਅੱਗੇ ਵਧੀ ਤਾਂ ਮਾਸੂਮ ਇਸ ਦੀ ਲਪੇਟ ਵਿਚ ਆ ਗਈ। ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਵੈਨ ਦਾ ਅਗਲਾ ਟਾਇਰ ਪਹਿਲਾਂ ਬੱਚੇ ਦੇ ਉੱਪਰੋਂ ਲੰਘਿਆ, ਉਸ ਤੋਂ ਬਾਅਦ ਪਿਛਲਾ ਟਾਇਰ ਵੀ ਉਸ ਨੂੰ ਕੁਚਲਦਾ ਹੋਇਆ ਉਸ ਦੇ ਉਪਰੋਂ ਲੰਘ ਗਿਆ। ਹਾਦਸਾ ਇੰਨਾ ਭਿਆਨਕ ਸੀ ਕਿ ਬੱਚੇ ਦੇ ਥਾਂ ਹੀ ਪ੍ਰਾਣ ਨਿਕਲ ਗਏ। ਸਥਾਨਕ ਲੋਕਾਂ ਦਾ ਦੋਸ਼ ਹੈ ਕਿ ਹਾਦਸੇ ਤੋਂ ਬਾਅਦ ਡਰਾਈਵਰ ਨੇ



ਵੈਨ ਨਹੀਂ ਰੋਕੀ ਅਤੇ ਮੌਕੇ ਤੋਂ ਭੱਜਣ ਦੀ ਕੋਸ਼ਿਸ਼ ਕੀਤੀ। ਲੋਕਾਂ ਨੇ ਉਸ ਨੂੰ ਰੁਕਣ ਲਈ ਰੌਲਾ ਪਾਇਆ, ਪਰ ਉਹ ਭੱਜ ਗਿਆ। ਇਸ ਤੋਂ ਬਾਅਦ, ਪਿੰਡ ਵਾਸੀਆਂ ਅਤੇ ਰਾਹਗੀਰਾਂ ਨੇ ਆਪਣੇ ਵਾਹਨਾਂ ਵਿੱਚ ਉਸ ਦਾ ਪਿੱਛਾ ਕੀਤਾ ਅਤੇ ਥੋੜ੍ਹੀ ਦੂਰੀ 'ਤੇ ਡਰਾਈਵਰ ਨੂੰ ਫੜ ਲਿਆ ਗਿਆ ਅਤੇ ਪੁਲਿਸ ਦੇ ਹਵਾਲੇ ਕਰ ਦਿੱਤਾ ਗਿਆ। ਚਸ਼ਮਦੀਦਾਂ ਦੇ ਅਨੁਸਾਰ, ਫੜੇ ਜਾਣ 'ਤੇ, ਡਰਾਈਵਰ ਨੇ ਦਾਅਵਾ ਕੀਤਾ ਕਿ ਉਹ ਬੇਕਸੂਰ ਹੈ ਅਤੇ ਜ਼ੋਰ ਦੇ ਕੇ ਕਿਹਾ ਕਿ ਹਾਦਸੇ ਲਈ ਉਸ ਦੀ ਕੋਈ ਗਲਤੀ ਨਹੀਂ ਹੈ। ਮੌਕੇ 'ਤੇ ਪਹੁੰਚੀ ਪੁਲਿਸ ਨੇ ਉਸ ਨੂੰ ਭੀੜ ਤੋਂ ਛੁਡਾਇਆ ਅਤੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ।

## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਸੋਨਮ ਵਾਂਗਚੁਕ ਦੀ ਭੁੱਖ ਹੜਤਾਲ ਦੀ ਅਣਦੇਖੀ ਕਰ ਕੇ ਸਰਕਾਰ ਬੇਰਹਿਮੀ ਕਰ ਰਹੀ ਹੈ: ਅਭਿਜੀਤ ਦੀਪਕੇ

**ਨਵੀਂ ਦਿੱਲੀ:** ਕਾਰਜਕਰਤਾ ਸੋਨਮ ਵਾਂਗਚੁਕ ਦੀ ਭੁੱਖ ਹੜਤਾਲ ਦੇ 18ਵੇਂ ਦਿਨ ਬੁੱਧਵਾਰ ਨੂੰ ਵੱਖ-ਵੱਖ ਪਾਰਟੀਆਂ ਦੇ ਆਗੂ ਉਨ੍ਹਾਂ ਨੂੰ ਮਿਲਣ ਪਹੁੰਚੇ। ਉੱਥੇ ਹੀ, ਕਾਕਰੋਚ ਜਨਤਾ ਪਾਰਟੀ (ਕਾਜਪਾ) ਦੇ ਸੰਸਥਾਪਕ ਅਭਿਜੀਤ ਦੀਪਕੇ ਨੇ ਪ੍ਰਦਰਸ਼ਨਕਾਰੀਆਂ ਨਾਲ ਗੱਲਬਾਤ ਨਾ ਕਰਨ ਨੂੰ ਲੈ ਕੇ ਸਰਕਾਰ ਨੂੰ ''ਬੇਰਹਿਮ'' ਦੱਸਿਆ। ਕਾਜਪਾ ਦਾ ਮੈਡੀਕਲ ਦੀ ਪ੍ਰਵੇਸ਼ ਪ੍ਰੀਖਿਆ 'ਨੀਟ'ਵਿੱਚ ਕਥਿਤ ਬੇਨਿਯਮੀਆਂ ਦੇ ਵਿਰੋਧ ਵਿੱਚ ਜੰਤਰ-ਮੰਤਰ 'ਤੇ ਜਾਰੀ ਪ੍ਰਦਰਸ਼ਨ 26ਵੇਂ ਦਿਨ ਵਿੱਚ ਪ੍ਰਵੇਸ਼ ਕਰ ਗਿਆ। ਕਾਜਪਾ ਨੇ 20 ਜੁਲਾਈ ਨੂੰ ਪ੍ਰਸਤਾਵਿਤ 'ਚਲੋ ਸੰਸਦ' ਮਾਰਚ ਤੋਂ ਪਹਿਲਾਂ ਵੀਰਵਾਰ ਨੂੰ ਇੱਕ ਦਿਨ ਦੀ ਸਮੂਹਿਕ ਭੁੱਖ ਹੜਤਾਲ ਦੀ ਵੀ ਘੋਸ਼ਣਾ ਕੀਤੀ।

ਕਾਜਪਾ ਵੱਲੋਂ ਜਾਰੀ ਮੈਡੀਕਲ ਬੁਲੇਟਿਨ ਅਨੁਸਾਰ, ਵਾਂਗਚੁਕ ਅਜੇ ਵੀ ''ਬਹੁਤ ਕਮਜ਼ੋਰ'' ਹਨ ਅਤੇ ਲਗਾਤਾਰ ਡਾਕਟਰੀ ਨਿਗਰਾਨੀ ਹੇਠ ਹਨ। ਵਾਂਗਚੁਕ ਦਾ ਭਾਰ ਘਟ ਕੇ 57.15 ਕਿਲੋਗ੍ਰਾਮ ਰਹਿ ਗਿਆ ਹੈ। ਪਿਛਲੇ 24 ਘੰਟਿਆਂ ਵਿੱਚ ਉਨ੍ਹਾਂ ਦਾ ਭਾਰ 400 ਗ੍ਰਾਮ ਘਟਿਆ ਹੈ। ਭੁੱਖ ਹੜਤਾਲ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ ਉਨ੍ਹਾਂ ਦਾ ਕੁੱਲ ਭਾਰ 8.9 ਕਿਲੋਗ੍ਰਾਮ ਘਟ ਚੁੱਕਾ ਹੈ। ਮੈਡੀਕਲ ਬੁਲੇਟਿਨ ਅਨੁਸਾਰ, ਉਨ੍ਹਾਂ ਦਾ ਬਲੱਡ ਪ੍ਰੈਸ਼ਰ 105/76, ਬਲੱਡ ਸ਼ੂਗਰ ਦਾ ਪੱਧਰ 80 ਐਮਜੀ/ਡੀਐਲ ਅਤੇ ਆਕਸੀਜਨ ਸੰਤ੍ਰਿਪਤਾ (ਸੈਚੁਰੇਸ਼ਨ) 97 ਫੀਸਦੀ ਦਰਜ ਕੀਤੀ ਗਈ। ਸਰੀਰ ਵਿੱਚ ਪਾਣੀ ਦਾ ਪੱਧਰ ਠੀਕ ਦੱਸਿਆ ਗਿਆ ਹੈ।

ਡਾਕਟਰਾਂ ਨੇ ਦੱਸਿਆ ਕਿ ਉਹ ਹੋਸ਼ ਵਿੱਚ ਹਨ ਅਤੇ ਮਾਨਸਿਕ ਤੌਰ 'ਤੇ ਪੂਰੀ ਤਰ੍ਹਾਂ ਸੁਚੇਤ ਹਨ, ਪਰ ਉਨ੍ਹਾਂ ਨੂੰ ਲਗਾਤਾਰ ਨਿਗਰਾਨੀ ਦੀ ਲੋੜ ਹੈ। ਦੀਪਕੇ ਨੇ 'ਐਕਸ' (ਟਵਿੱਟਰ) 'ਤੇ ਲਿਖਿਆ, ''ਸੋਨਮ ਵਾਂਗਚੁਕ ਦੀ ਭੁੱਖ ਹੜਤਾਲ ਦਾ 18ਵਾਂ ਦਿਨ ਹੈ। ਜਿਸ ਵਿਅਕਤੀ ਨੇ ਖ਼ੁਦਕੁਸ਼ੀ



ਕਰਨ ਵਾਲੇ ਵਿਦਿਆਰਥੀਆਂ ਲਈ ਇਨਸਾਫ਼ ਦੀ ਮੰਗ ਨੂੰ ਲੈ ਕੇ ਆਪਣੀ ਜਾਨ ਦਾਅ 'ਤੇ ਲਗਾਉਣ ਦਾ ਫੈਸਲਾ ਕੀਤਾ, ਉਸ ਨੂੰ ਸਰਕਾਰ ਵੱਲੋਂ ਸਿਰਫ਼ ਚੁੱਪੀ ਮਿਲੀ ਹੈ। ਸਰਕਾਰ ਨਾ ਸਿਰਫ਼ ਜਵਾਬਦੇਹੀ ਤੋਂ ਬਚ ਰਹੀ ਹੈ, ਸਗੋਂ ਉਹ ਬੇਰਹਿਮ ਵੀ ਹੈ।'' ਦੀਪਕੇ ਨੇ ਕਿਹਾ ਕਿ ਜਿਨ੍ਹਾਂ ਸਵਾਲਾਂ ਦੇ ਜਵਾਬ ਮਿਲਣੇ ਚਾਹੀਦੇ ਹਨ, ਉਹ ਇਹ ਹਨ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਗੱਲਬਾਤ ਕਰਨ ਤੋਂ ਕਿਉਂ ਇਨਕਾਰ ਕਰ ਰਹੇ ਹਨ ਅਤੇ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਨੂੰ ਹੁਣ ਤੱਕ ਜਵਾਬਦੇਹ ਕਿਉਂ ਨਹੀਂ ਠਹਿਰਾਇਆ ਗਿਆ। ਉਨ੍ਹਾਂ ਕਿਹਾ, ''ਇਹ ਪੁੱਛਣ ਦੀ ਬਜਾਏ ਕਿ ਵਿਰੋਧੀ ਧਿਰ ਦੇ ਨੇਤਾ ਨੇ ਕਾਜਪਾ ਦਾ ਸਮਰਥਨ ਕਿਉਂ ਨਹੀਂ ਕੀਤਾ ਜਾਂ ਕਾਜਪਾ ਦੀ ਟੀਮ ਦਾ ਹਰ ਮੈਂਬਰ ਸੋਨਮ ਸਰ ਨਾਲ ਭੁੱਖ ਹੜਤਾਲ 'ਤੇ ਕਿਉਂ ਨਹੀਂ ਬੈਠਾ ਹੈ, ਉਨ੍ਹਾਂ ਸਵਾਲਾਂ ਨੂੰ ਪੁੱਛੋ ਜੋ ਅਸਲ ਵਿੱਚ ਮਾਇਨੇ ਰੱਖਦੇ ਹਨ।''

ਭੀਮ ਆਰਮੀ ਦੇ ਮੁਖੀ ਅਤੇ ਨਗੀਨਾ ਤੋਂ ਸਾਂਸਦ ਚੰਦਰਸ਼ੇਖਰ ਆਜ਼ਾਦ, ਸਮਾਜਵਾਦੀ ਪਾਰਟੀ ਦੇ ਸਾਂਸਦ ਮੋਹਿਬੁੱਲ੍ਹਾ ਨਦਵੀ ਅਤੇ ਅਜੇਂਦਰ ਸਿੰਘ ਲੋਧੀ, ਤ੍ਰਿਣਮੂਲ ਕਾਂਗਰਸ ਦੀ ਰਾਜ ਸਭਾ ਮੈਂਬਰ ਡੋਲਾ ਸੇਨ, ਕਾਂਗਰਸ ਦੇ ਲੋਕ ਸਭਾ ਮੈਂਬਰ ਪ੍ਰਸ਼ਾਂਤ ਯਾਦਵਰਾਓ ਪਡੋਲੇ ਅਤੇ ਭਾਰਤੀ ਕਮਿਊਨਿਸਟ ਪਾਰਟੀ ਦੇ ਰਾਜ ਸਭਾ ਮੈਂਬਰ ਸੰਦੋਸ਼ ਕੁਮਾਰ ਜੰਤਰ-ਮੰਤਰ ਪਹੁੰਚੇ ਅਤੇ ਅੰਦੋਲਨ ਪ੍ਰਤੀ ਆਪਣਾ ਸਮਰਥਨ ਜਤਾਇਆ।

ਕਾਜਪਾ ਅਨੁਸਾਰ, ਸਾਂਸਦਾਂ ਨੇ ਪ੍ਰਦਰਸ਼ਨਕਾਰੀਆਂ ਨੂੰ ਭਰੋਸਾ ਦਿਵਾਇਆ ਕਿ ਸੰਸਦ ਦੇ ਮਾਨਸੂਨ ਸੈਸ਼ਨ ਅਤੇ 19 ਜੁਲਾਈ ਨੂੰ ਹੋਣ ਵਾਲੀ ਸਰਵਦਲੀ ਬੈਠਕ ਵਿੱਚ ਉਨ੍ਹਾਂ ਦੇ ਮੁੱਦਿਆਂ ਨੂੰ ਜ਼ੋਰ-ਸ਼ੋਰ ਨਾਲ ਉਠਾਇਆ ਜਾਵੇਗਾ। ਪ੍ਰਦਰਸ਼ਨਕਾਰੀਆਂ ਨੂੰ ਸੰਬੋਧਨ ਕਰਦਿਆਂ ਚੰਦਰਸ਼ੇਖਰ ਆਜ਼ਾਦ ਨੇ ਸੰਸਦ ਮਾਰਚ ਦਾ ਸਮਰਥਨ ਕੀਤਾ ਅਤੇ ਦੇਸ਼ ਭਰ ਦੇ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਇਸ ਅੰਦੋਲਨ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਆਜ਼ਾਦ ਨੇ ਕਿਹਾ, ''ਇਹ ਤਾਨਾਸ਼ਾਹੀ ਕਦੋਂ ਤੱਕ ਚੱਲੇਗੀ? ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਅਤੇ ਸਿੱਖਿਆ ਮੰਤਰੀ ਗੱਲ ਕਿਉਂ ਨਹੀਂ ਸੁਣ ਰਹੇ? ਕੀ ਇਹ ਸਰਕਾਰ ਸੋਨਮ ਵਾਂਗਚੁਕ ਦੀ ਮੌਤ ਦਾ ਇੰਤਜ਼ਾਰ ਕਰ ਰਹੀ ਹੈ? ਮੈਂ ਉਨ੍ਹਾਂ ਦੇ ਹੌਸਲੇ ਨੂੰ ਸਲਾਮ ਕਰਦਾ ਹਾਂ। ਜੇਕਰ ਉਨ੍ਹਾਂ ਨੂੰ ਕੁਝ ਵੀ ਹੁੰਦਾ ਹੈ, ਤਾਂ ਸਰਕਾਰ ਜ਼ਿੰਮੇਵਾਰ ਹੋਵੇਗੀ।''

**ਕਾਮੇਡੀਅਨ ਕੁਣਾਲ ਕਾਮਰਾ ਵੀ ਪ੍ਰਦਰਸ਼ਨ ਵਾਲੀ ਥਾਂ 'ਤੇ ਪਹੁੰਚੇ**

ਇੱਕ ਵੱਖਰੇ ਮੰਚ 'ਤੇ, ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ (ਆਈਸਾ) ਦੇ ਆਗੂ ਨੇਹਾ, ਮਨੀਸ਼ ਅਤੇ ਆਮੀਨ ਨੇ ਸਿਹਤ ਵਿਗੜਨ ਦੇ ਬਾਵਜੂਦ ਆਪਣੀ ਭੁੱਖ ਹੜਤਾਲ ਜਾਰੀ ਰੱਖੀ। ਮੰਗਲਵਾਰ ਅਤੇ ਬੁੱਧਵਾਰ ਨੂੰ ਵੱਖ-ਵੱਖ ਪਾਰਟੀਆਂ ਦੇ ਨੇਤਾਵਾਂ ਸਮੇਤ ਵੱਖ-ਵੱਖ ਖੇਤਰਾਂ ਦੀਆਂ ਹਸਤੀਆਂ ਨੇ ਵਾਂਗਚੁਕ ਨੂੰ ਭੁੱਖ ਹੜਤਾਲ ਖ਼ਤਮ ਕਰਨ ਦੀ ਅਪੀਲ ਕੀਤੀ।

# ਕੁਡਨਕੁਲਮ ਪ੍ਰਮਾਣੂ ਊਰਜਾ ਪਲਾਂਟ ਦਾ ਡਾਟਾ ਲੀਕ : ਰੀਪੋਰਟ



**ਨਵੀਂ ਦਿੱਲੀ :** ਤਾਮਿਲਨਾਡੂ ਵਿੱਚ ਸਥਿਤ ਕੁਡਨਕੁਲਮ ਪ੍ਰਮਾਣੂ ਊਰਜਾ ਪਲਾਂਟ, ਜੋ ਕਿ ਭਾਰਤ ਦਾ ਸਭ ਤੋਂ ਵੱਡਾ ਪ੍ਰਮਾਣੂ ਊਰਜਾ ਪਲਾਂਟ ਹੈ, ਹਾਲ ਹੀ ਵਿੱਚ ਇੱਕ ਵੱਡੇ ਡਾਟਾ ਲੀਕ ਦਾ ਸ਼ਿਕਾਰ ਹੋਇਆ ਹੈ। ਰਿਪੋਰਟਾਂ ਮੁਤਾਬਕ, ਰੈਨਸਮਵੇਅਰ ਗਰੁੱਪ 'ਵਰਲਡ ਲੀਕਸ' ਨੇ ਡਾਰਕ ਵੈੱਬ 'ਤੇ ਲਗਭਗ 19,000 ਫਾਈਲਾਂ ਜਾਰੀ ਕੀਤੀਆਂ ਹਨ, ਜਿਨ੍ਹਾਂ ਵਿੱਚ ਪਲਾਂਟ ਦੇ ਬਲੂਪ੍ਰਿੰਟ, ਸਪਲਾਇਰ ਵੇਰਵੇ ਅਤੇ ਇੰਸ਼ੋਰੈਂਸ ਪਾਲਿਸੀਆਂ ਸ਼ਾਮਲ ਹਨ। ਰਿਲਾਇੰਸ ਗਰੁੱਪ, ਜੋ ਪਲਾਂਟ ਦਾ ਇੱਕ ਠੇਕੇਦਾਰ ਹੈ, ਨੇ ਕਿਹਾ, ''ਸਾਡੇ ਸਰਵਰ 'ਤੇ ਤੀਜੇ ਧਿਰ ਦੇ ਡਾਟਾ ਸੈਂਟਰ ਯੋਟਾ ਰਾਹੀਂ 'ਪਾਰਸ਼ਲ ਬ੍ਰੀਚ' ਹੋਇਆ ਹੈ ਅਤੇ ਸਰਕਾਰ ਨੂੰ ਇਸ ਬਾਰੇ ਸੂਚਿਤ ਕੀਤਾ ਗਿਆ ਹੈ।'' ਹਾਲਾਂਕਿ, ਰਿਲਾਇੰਸ ਨੇ ਇਹ ਨਹੀਂ ਦੱਸਿਆ ਕਿ ਕਿਹੜਾ ਡਾਟਾ ਲੀਕ ਹੋਇਆ ਹੈ। ਪ੍ਰਮਾਣੂ ਖ਼ਤਰਾ ਪਹਿਲ (ਐਨ.ਟੀ.ਆਈ.) ਦੇ ਸੀਨੀਅਰ ਡਾਇਰੈਕਟਰ ਨਿਕੋਲਸ ਰੋਥ ਨੇ ਚੇਤਾਵਨੀ ਦਿੱਤੀ ਹੈ ਕਿ ਇਹ ਲੀਕ ਪਲਾਂਟ ਦੀ ਸੁਰੱਖਿਆ ਲਈ ਗੰਭੀਰ ਖਤਰਾ ਬਣ ਸਕਦਾ ਹੈ। ਸਾਇਬਰ ਸੁਰੱਖਿਆ ਮਾਹਰ ਰਾਕੇਸ਼ ਕ੍ਰਿਸ਼ਨਨ ਨੇ ਦੱਸਿਆ ਕਿ ਇਹ ਫਾਈਲਾਂ 11 ਜੂਨ ਤੋਂ ਆਨਲਾਈਨ ਹਨ ਅਤੇ ਇਨ੍ਹਾਂ ਵਿੱਚ 2016 ਤੋਂ 2025 ਤੱਕ ਦੇ ਰਿਕਾਰਡ ਸ਼ਾਮਲ ਹਨ। ਯੋਟਾ ਨੇ ਆਪਣੇ ਬਿਆਨ ਵਿੱਚ ਕਿਹਾ ਕਿ 29 ਮਈ ਨੂੰ ਉਸ ਦੇ ਸਰਵਰ 'ਤੇ ਸ਼ੱਕੀ ਗਤੀਵਿਧੀ ਪਾਈ ਗਈ ਸੀ, ਜਿਸ ਨੂੰ ਤੁਰੰਤ ਰੋਕ ਦਿੱਤਾ ਗਿਆ। ਪਰ ਜੂਨ ਦੇ ਅੰਤ ਵਿੱਚ ਰਿਲਾਇੰਸ ਇਨਫਰਾਸਟਰਕਚਰ ਨੇ ਜਾਣਕਾਰੀ ਦਿੱਤੀ ਕਿ ਬਾਹਰੀ ਖਤਰਨਾਕ ਤੱਤਾਂ ਵੱਲੋਂ ਡਾਟਾ ਬ੍ਰੀਚ ਦੇ ਦਾਅਵੇ ਕੀਤੇ ਗਏ ਹਨ। ਇਹ ਘਟਨਾ ਭਾਰਤ ਵਿੱਚ ਵੱਧ ਰਹੀਆਂ ਸਾਇਬਰ ਹਮਲਿਆਂ ਦੀ ਗੰਭੀਰਤਾ ਨੂੰ ਦਰਸਾਉਂਦੀ ਹੈ। ਇੱਕ ਰਿਪੋਰਟ ਮੁਤਾਬਕ, ਭਾਰਤ ਪਿਛਲੇ ਸਾਲ 28.9 ਮਿਲੀਅਨ ਖਾਤਿਆਂ ਦੇ ਡਾਟਾ ਬ੍ਰੀਚ ਨਾਲ ਸੰਸਾਰ ਵਿੱਚ ਤੀਜੇ ਸਥਾਨ 'ਤੇ ਰਿਹਾ। ਇਹ ਦੂਜੀ ਵਾਰ ਹੈ ਕਿ ਕੁਡਨਕੁਲਮ ਪਲਾਂਟ ਸਾਇਬਰ ਘਟਨਾ ਨਾਲ ਜੋੜਿਆ ਗਿਆ ਹੈ। 2019 ਵਿੱਚ ਵੀ ਇੱਥੇ ਉੱਤਰੀ ਕੋਰੀਆਈ ਹੈਕਰ ਗਰੁੱਪ ਨਾਲ ਸੰਬੰਧਤ ਮਾਲਵੇਅਰ ਮਿਲਿਆ ਸੀ। ਇਸ ਲੀਕ ਨੇ ਨਾ ਸਿਰਫ਼ ਪਲਾਂਟ ਦੀ ਸੁਰੱਖਿਆ 'ਤੇ ਸਵਾਲ ਖੜ੍ਹੇ ਕੀਤੇ ਹਨ, ਸਗੋਂ ਭਾਰਤ ਦੀ ਸਾਇਬਰ ਸੁਰੱਖਿਆ ਤਿਆਰੀ 'ਤੇ ਵੀ ਗੰਭੀਰ ਚਿੰਤਾ ਪ੍ਰਗਟਾਈ ਹੈ।

SHAM LAL CHANDER

ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਅਧਿਆਪਕ ਦਲ ਪੰਜਾਬ ਦੇ ਸੂਬਾ ਕਨਵੀਨਰ ਸ: ਜਸਵਿੰਦਰ ਸਿੰਘ ਔਲਖ ਨੈਸ਼ਨਲ ਐਵਾਰਡੀ ਦੀ ਸੇਵਾ ਮੁਕਤੀ ਤੇ ਸਨਮਾਨ ਸਮਾਰੋਹ ਕਰਵਾਇਆ ਗਿਆ

**● ਧਾਰਮਿਕ ਸਮਾਰੋਹ ਦੌਰਾਨ ਅਧਿਆਪਕ ਆਗੂਆਂ, ਸਮਾਜਿਕ ਤੇ ਰਾਜਨੀਤਿਕ ਆਗੂਆਂ ਵਲੋਂ ਜਸਵਿੰਦਰ ਸਿੰਘ ਔਲਖ ਨੂੰ ਕੀਤਾ ਗਿਆ ਸਨਮਾਨਿਤ**

**● ਜਸਵਿੰਦਰ ਸਿੰਘ ਔਲਖ ਵੱਲੋਂ ਵਿਦਿਅਕ ਖੇਤਰ ਦੇ ਨਾਲ ਨਾਲ ਸਮਾਜਿਕ ਅਤੇ ਜਥੇਬੰਦਕ ਖੇਤਰ ਵਿੱਚ ਵੀ ਮੋਹਰੀ ਰੋਲ ਅਦਾ ਕੀਤਾ ਗਿਆ- ਹਰਦੇਵ ਸਿੰਘ ਜਵੰਧਾ**







**ਕਪੂਰਥਲਾ, 15 ਜੁਲਾਈ ( ਵਿਸੇਸ ਪ੍ਰਤੀਨਿਧ)**–ਅਧਿਆਪਕ ਦਲ ਪੰਜਾਬ ਦੇ ਸੂਬਾ ਕਨਵੀਨਰ ਜਸਵਿੰਦਰ ਸਿੰਘ ਔਲਖ ਨੈਸ਼ਨਲ ਐਵਾਰਡੀ ਦੀ ਸੇਵਾ ਮੁਕਤੀ ਤੇ ਬੀਤੇ ਦਿਨੀ ਉਹਨਾਂ ਵੱਲੋਂ ਪਰਿਵਾਰ ਸਮੇਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਐਸ.ਐਸ.ਏ ਨਗਰ ਵਿਖੇ ਪਰਮਾਤਮਾ ਦਾ ਸ਼ੁਕਰਾਨਾ ਕਰਨ ਲਈ ਸ੍ਰੀ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ ਜਿਸ ਮੌਕੇ ਵੱਡੀ ਗਿਣਤੀ ਵਿੱਚ ਅਧਿਆਪਕ ਆਗੂਆਂ, ਸਮਾਜਿਕ ਤੇ ਰਾਜਨੀਤਿਕ ਆਗੂਆਂ, ਸੱਜਣਾਂ ਅਤੇ ਰਿਸ਼ਤੇਦਾਰਾਂ ਵਲੋਂ ਸ਼ਿਰਕਤ ਕੀਤੀ ਗਈ। ਇਸ ਮੌਕੇ ਅਧਿਆਪਕ ਦਲ ਪੰਜਾਬ ਦੇ ਸਰਪ੍ਰਸਤ ਹਰਦੇਵ ਸਿੰਘ ਜਵੰਧਾ ਨੇ ਜਸਵਿੰਦਰ ਸਿੰਘ ਔਲਖ ਦੇ ਸਮੁੱਚੇ ਸੇਵਾ ਕਾਲ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜਸਵਿੰਦਰ ਸਿੰਘ ਔਲਖ ਨੇ ਜਿੱਥੇ ਵਿਦਿਅਕ ਖੇਤਰ ਵਿੱਚ ਵਧੀਆ ਕਾਰਗੁਜਾਰੀ ਦਿਖਾਉਂਦੇ ਹੋਏ ਨੈਸ਼ਨਲ ਅਵਾਰਡ ਪ੍ਰਾਪਤ ਕੀਤਾ ਉਥੇ ਅਧਿਆਪਕ ਵਰਗ ਪ੍ਰਤੀ ਸੰਵੇਦਨਸ਼ੀਲਤਾ ਰੱਖਦੇ ਹੋਏ ਜਥੇਬੰਦਕ ਖੇਤਰ ਵਿੱਚ ਵੀ ਮੋਹਰੀ ਰੋਲ ਅਦਾ ਕੀਤਾ ਹੈ ਅਤੇ ਅਧਿਆਪਕ ਦਲ ਪੰਜਾਬ ਦੀ ਮਜ਼ਬੂਤੀ ਲਈ ਦਿਨ ਰਾਤ ਮਿਹਨਤ ਕੀਤੀ ਹੈ ਜਿਸ ਕਾਰਨ ਸਮੁੱਚਾ ਅਧਿਆਪਕ ਦਲ ਪੰਜਾਬ ਉਹਨਾਂ ਤੇ ਫ਼ਖਰ ਮਹਿਸੂਸ ਕਰ ਰਿਹਾ ਹੈ। ਇਸ ਮੌਕੇ ਅਧਿਆਪਕ ਦਲ ਦੇ ਸੂਬਾ ਪ੍ਰਧਾਨ ਸਤਨਾਮ ਸਿੰਘ ਰੰਧਾਵਾ, ਸਕੱਤਰ ਜਨਰਲ ਰਵਿੰਦਰਜੀਤ ਸਿੰਘ ਪੰਨੂ ਅਤੇ ਅਧਿਆਪਕ ਦਲ ਦੇ ਸੀਨੀਅਰ ਆਗੂਆਂ ਭੁਪਿੰਦਰ ਸਿੰਘ ਨਾਗਰਾ ਕਨਵੀਨਰ ਯੂ ਟੀ, ਰਾਜਦੀਪ ਸਿੰਘ ਬਰੇਟਾ, ਆਤਮਜੀਤ ਸਿੰਘ ਢਿੱਲੋਂ, ਵਰਿੰਦਰ ਕੰਬੋਜ , ਰਵਿੰਦਰ ਸਿੰਘ ਗਿੱਲ ( ਸੀਨੀਅਰ ਮੀਤ ਪ੍ਰਧਾਨ) ਤਰਪਿੰਦਰ ਸਿੰਘ ਭੱਟੀਵਾਲ, ਸੁਖਜੀਤ ਸਿੰਘ ਪਨੂੰ ( ਸੂਬਾ ਜਨਰਲ ਸਕੱਤਰ) , ਬਾਬਾ ਤਾਰਾ ਸਿੰਘ, ਅਮਰਜੀਤ ਸਿੰਘ ਘੁਡਾਣੀ, ਗੁਰਮੀਤ ਸਿੰਘ ਮੋਹੀ , ਕੁਲਵੰਤ ਸਿੰਘ, ਕੁਲਵਿੰਦਰ ਸਿੰਘ ਬਰਾੜ , ਜ਼ਿਲ੍ਹਾ ਪ੍ਰਧਾਨ ਗੁਰਬਚਨ ਸਿੰਘ ਮੋਹਾਲੀ ਆਦਿ ਆਗੂਆਂ ਨੇ ਦੱਸਿਆ ਕਿ ਜਸਵਿੰਦਰ ਸਿੰਘ ਔਲਖ ਆਪਣੇ ਆਪ ਵਿੱਚ ਇਕ ਸੰਸਥਾ ਹਨ ਜਿਹਨਾਂ ਵਲੋਂ ਜਿੱਥੇ ਆਪਣੇ ਕਾਰਜਕਾਲ ਦੌਰਾਨ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਵਿਦਿਆਰਥੀਆਂ ਦੇ ਸੁਨਹਿਰੇ ਭਵਿੱਖ ਲਈ ਮਿਹਨਤ ਕੀਤੀ ਗਈ ਹੈ ਅਤੇ ਆਪਣੇ ਇਲਾਕੇ ਦੇ ਮੋਹਤਬਰਾਂ ਅਤੇ ਆਮ ਲੋਕਾਂ ਨਾਲ ਲਗਾਤਾਰ ਰਾਬਤਾ ਕਾਇਮ ਕਰ ਕੇ ਆਪਣੀ ਸੰਸਥਾ ਅਤੇ ਵਿਦਿਆਰਥੀਆਂ ਦੇ ਹਿੱਤ ਵਿੱਚ ਸ਼ਲਾਘਾਯੋਗ ਉਪਰਾਲੇ ਕੀਤੇ ਗਏ ਹਨ ਉਥੇ ਅਧਿਆਪਕ ਵਰਗ ਦੇ ਹੱਕਾਂ ਅਤੇ ਹਿਤਾਂ ਦੀ ਰਾਖੀ ਲਈ ਅਧਿਆਪਕ ਦਲ ਪੰਜਾਬ ਅਤੇ ਸਾਂਝਾ ਅਧਿਆਪਕ ਮੋਰਚਾ ਪੰਜਾਬ ਵਿੱਚ ਵੀ ਮੋਹਰੀ ਹੋ ਕੇ ਸੰਘਰਸ਼ ਕੀਤਾ ਹੈ ਜਿਸ ਲਈ ਉਹ ਵਧਾਈ ਦੇ ਹੱਕਦਾਰ ਹਨ। ਇਸ ਮੌਕੇ ਸਟੇਜ ਸਕੱਤਰ ਦੀ ਭੂਮਿਕਾ ਰਵਿੰਦਰਜੀਤ ਸਿੰਘ ਪੰਨੂ ਸੂਬਾ ਸਕੱਤਰ ਜਨਰਲ ਅਤੇ ਗੁਰਬਚਨ ਸਿੰਘ ਜ਼ਿਲ੍ਹਾ ਪ੍ਰਧਾਨ ਮੋਹਾਲੀ ਵਲੋਂ ਬਾਖੂਬੀ ਨਿਭਾਈ ਗਈ। ਇਸ ਮੌਕੇ ਅਧਿਆਪਕ ਦਲ ਪੰਜਾਬ ਵਲੋਂ ਜਸਵਿੰਦਰ ਸਿੰਘ ਔਲਖ ਦੁਆਰਾ ਨਿਭਾਈਆਂ ਗਈਆਂ ਸ਼ਾਨਦਾਰ ਸੇਵਾਵਾਂ ਲਈ ਉਹਨਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ ਅਤੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਅਧਿਆਪਕ ਦਲ ਪੰਜਾਬ ਦੀ ਅਗਵਾਈ ਕਰਦੇ ਰਹਿਣ ਦੀ ਕਾਮਨਾ ਕੀਤੀ ਗਈ। ਇਸ ਮੌਕੇ ਹਰਪ੍ਰੀਤ ਸਿੰਘ ਪੀ.ਸੀ.ਐਸ ਡਿਪਟੀ ਡਾਇਰੈਕਟਰ ਸਕੂਲ ਸਿੱਖਿਆ ਪੰਜਾਬ, ਪ੍ਰਿੰਸੀਪਲ ਬਲਵੰਤ ਸਿੰਘ, ਅੰਮ੍ਰਿਤਪਾਲ ਸਿੰਘ ਜ਼ਿਲ੍ਹਾ ਮੈਨੇਜਰ ਪਨਸਪ,ਚਮਕੌਰ ਸਿੰਘ ਕੁੱਪ ਕਲਾਂ,ਚਰਨਜੀਤ ਸਿੰਘ ਅਸਿਸਟੈਂਟ ਏ ਡੀ ਜੀ, ਜਸਵੀਰ ਸਿੰਘ ਗਰਾਂਗ ਸਕੱਤਰ ਜਨਰਲ ਕੈਟਾਗਰੀ ਪੰਜਾਬ, ਹਰਨੇਕ ਸਿੰਘ ਸਿਆਊ, ਪਰਮਿੰਦਰ ਸਿੰਘ ਸੋਹਾਣਾ ਜਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਸੰਬੋਧਨ ਦੌਰਾਨ ਜਸਵਿੰਦਰ ਸਿੰਘ ਔਲਖ ਵਲੋਂ ਵਿਦਿਅਕ, ਸਮਾਜਿਕ ਅਤੇ ਜਥੇਬੰਦਕ ਖੇਤਰ ਵਿੱਚ ਨਿਭਾਈਆਂ ਸ਼ਾਨਦਾਰ ਸੇਵਾਵਾਂ ਲਈ ਮੁਬਾਰਕਬਾਦ ਦਿੰਦੇ ਹੋਏ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਜਸਵਿੰਦਰ ਸਿੰਘ ਔਲਖ ਤੰਦਰੁਸਤ ਜੀਵਨ ਬਤੀਤ ਕਰਦੇ ਹੋਏ ਸਮਾਜ ਦੀ ਇਸੇ ਤਰਾਂ ਨਿਸ਼ਕਾਮ ਸੇਵਾ ਕਰਦੇ ਰਹਿਣ। ਇਸ ਮੌਕੇ ਸੁਖਵਿੰਦਰ ਕੁਮਾਰ ਅਸਿਸਟੈਂਟ ਟਰਾਂਸਪੋਰਟ ਕਮਿਸ਼ਨਰ ਪੰਜਾਬ, ਜ਼ਿਲ੍ਹਾ ਪ੍ਰਧਾਨ ਦਿਲਬਾਗ ਸਿੰਘ ਪੱਡਾ, ਪ੍ਰਚਾਰ ਸਕੱਤਰ ਰਜਨੀਸ਼ ਕੁਮਾਰ, ਸੂਬਾ ਮੀਤ ਪ੍ਰਧਾਨ ਜਸਵਿੰਦਰ ਸਿੰਘ ਮਾਨਾਂਵਾਲਾ, ਉਮੇਸ਼ ਕੁਮਾਰ, ਤਰਸੇਮ ਪਾਲ, ਸੁਖਵਿੰਦਰ ਸਿੰਘ, ਜੋਗਿੰਦਰ ਸਿੰਘ, ਗੁਰਵਿੰਦਰ ਸਿੰਘ ਚੇਅਰਮੈਨ , ਜਗਜੀਤ ਸਿੰਘ ਸੰਧੂ ਜੀਜਾ ਜੀ, ਬਲਜੀਤ ਕੌਰ ਸੰਧੂ ਭੈਣ ਜੀ, ਗੁਰਮੀਤ ਕੌਰ ਔਲਖ ਧਰਮ ਪਤਨੀ, ਦਵਿੰਦਰ ਔਲਖ ਭਰਾਤਾ ( ਕੈਨੇਡਾ), ਗੁਰਨੂਰ ਸਿੰਘ ਔਲਖ ਬੇਟਾ ਸਮੇਤ ਵੱਡੀ ਗਿਣਤੀ ਵਿੱਚ ਪਰਿਵਾਰਿਕ ਮੈਂਬਰ, ਰਿਸ਼ਤੇਦਾਰ, ਸੱਜਣ , ਪ੍ਰਿੰਸੀਪਲ ਸਾਹਿਬਾਨ ਅਤੇ ਵੱਡੀ ਗਿਣਤੀ ਵਿੱਚ ਅਧਿਆਪਕ ਹਾਜ਼ਰ ਸਨ।

# ਕੇਂਦਰੀ ਹਲਕਾ, ਕਿਦਵਈ ਨਗਰ ਮੰਡਲ, ਵਿਖੇ ਸਫਾਈ ਮੁਹਿੰਮ ਦਾ ਆਯੋਜਨ ਕੀਤਾ





**ਲੁਧਿਆਣਾ 15 ਜੁਲਾਈ (ਕਰਨੈਲ ਸਿੰਘ ਐੱਮ. ਏ.)** ਸਵੱਛ ਭਾਰਤ ਅਭਿਆਨ ਦੇ ਹਿੱਸੇ ਵਜੋਂ, ਭਾਜਪਾ ਕਿਦਵਈ ਨਗਰ ਮੰਡਲ ਦੇ ਜਨਰਲ ਸਕੱਤਰ ਸੰਜੇ ਖਟਕ ਵੱਲੋਂ ਕੇਂਦਰੀ ਹਲਕਾ, ਕਿਦਵਈ ਨਗਰ ਮੰਡਲ, ਲੁਧਿਆਣਾ ਦੇ ਵਾਰਡ ਨੰਬਰ 76 ਵਿੱਚ ਗੁਰਦੁਆਰਾ ਦੁਖ ਨਿਵਾਰਨ ਸਾਹਿਬ ਦੇ ਕੰਢੇ ਵਾਲੀ ਸੜਕ 'ਤੇ ਇੱਕ ਸਫਾਈ ਮੁਹਿੰਮ ਦਾ ਆਯੋਜਨ ਕੀਤਾ ਗਿਆ। ਇਸ ਮੁਹਿੰਮ ਵਿੱਚ ਹਲਕਾ ਇੰਚਾਰਜ ਸ਼੍ਰੀ ਗੁਰਦੇਵ ਸ਼ਰਮਾ (ਦੇਬੀ ਜੀ), ਹਲਕਾ ਪ੍ਰਭਾਰੀ, ਸ਼੍ਰੀ ਨਰਿੰਦਰ ਮੱਲ੍ਹੀ ਅਤੇ ਮੰਡਲ ਇੰਚਾਰਜ, ਸ਼੍ਰੀ ਦੇਵੀ ਸਹਾਏ ਟੰਡਨ, ਪ੍ਰਧਾਨ ਦੀਪਕ ਜੌਹਰ, ਬੰਸੀਲਾਲ, ਗੋਬਿੰਦ, ਲਲਿਤ ਚੌਹਾਨ, ਸ਼ੰਕਰ ਲਾਲ ਜ਼ੋਇਆ, ਹੰਸਰਾਜ ਖੱਤਰੀ, ਰਾਜਿੰਦਰ ਬਾਮਣੀਆ, ਪ੍ਰਤੀਕ ਖੱਟਕ, ਮੰਗਤੂ ਖੰਨਾ, ਰਮੇਸ਼ ਬਾਗੜੀ, ਸੁਭਾਸ਼ ਖਰੇਰਾ, ਅਸ਼ੋਕ ਚੌਹਾਨ, ਰਾਜੂ ਕੁਮਾਰ, ਅਤੇ ਸੰਨੀ ਕੁਮਾਰ ਸ਼ਾਮਲ ਸਨ।

ਮੁਹਿੰਮ ਦੌਰਾਨ, ਇਲਾਕੇ ਦੀ ਸਫਾਈ ਕੀਤੀ ਗਈ ਅਤੇ ਵਸਨੀਕਾਂ ਨੂੰ ਸਫਾਈ ਬਣਾਈ ਰੱਖਣ ਅਤੇ ਆਪਣੇ ਆਲੇ ਦੁਆਲੇ ਨੂੰ ਸਾਫ਼ ਰੱਖਣ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ ਗਿਆ। ਆਓ ਆਪਾਂ ਸਾਰੇ ਮਿਲ ਕੇ ਆਪਣੇ ਇਲਾਕੇ ਨੂੰ ਸਾਫ਼, ਸੁੰਦਰ ਅਤੇ ਸਿਹਤਮੰਦ ਬਣਾਉਣ ਵਿੱਚ ਆਪਣਾ ਅਣਮੁੱਲਾ ਯੋਗਦਾਨ ਪਾਈਏ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਵਿਸ਼ਵ ਪਲਾਸਟਿਕ ਸਰਜਰੀ ਦਿਵਸ ਮੌਕੇ ਐਸਪੀਐਸ ਹਸਪਤਾਲ ਵੱਲੋਂ ਐਡਵਾਂਸਡ ਪਲਾਸਟਿਕ ਸਰਜਰੀ ਕਲੀਨਿਕ ਦੀ ਸ਼ੁਰੂਆਤ

**ਹੁਣ ਹਾਦਸਿਆਂ, ਅੱਗ ਨਾਲ ਜਲਣ, ਜਨਮ ਤੋਂ ਮੌਜੂਦ ਵਿਕਾਰਾਂ, ਕੈਂਸਰ ਤੋਂ ਬਾਅਦ ਰੀਕੰਸਟਰਕਸ਼ਨ ਅਤੇ ਆਧੁਨਿਕ ਕਾਸਮੈਟਿਕ ਸਰਜਰੀ ਦੀਆਂ ਵਿਸ਼ਵ-ਪੱਧਰੀ ਸਹੂਲਤਾਂ ਇੱਕੋ ਛੱਤ ਹੇਠ**

**ਲੁਧਿਆਣਾ 15 ਜੁਲਾਈ (ਕਰਨੈਲ ਸਿੰਘ ਐੱਮ.ਏ.)** ਵਿਸ਼ਵ ਪਲਾਸਟਿਕ ਸਰਜਰੀ ਦਿਵਸ ਦੇ ਮੌਕੇ 'ਤੇ ਐਸਪੀਐਸ ਹਸਪਤਾਲ, ਲੁਧਿਆਣਾ ਵੱਲੋਂ ਇੱਕ ਵਿਸ਼ੇਸ਼ ਪ੍ਰੈੱਸ ਕਾਨਫਰੰਸ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਹਸਪਤਾਲ ਨੇ ਆਪਣੇ ਐਡਵਾਂਸਡ ਪਲਾਸਟਿਕ ਸਰਜਰੀ ਕਲੀਨਿਕ ਦੀ ਸ਼ੁਰੂਆਤ ਦਾ ਐਲਾਨ ਕੀਤਾ। ਇਸ ਕਲੀਨਿਕ ਰਾਹੀਂ ਹੁਣ ਮਰੀਜ਼ਾਂ ਨੂੰ ਪਲਾਸਟਿਕ, ਰੀਕੰਸਟਰਕਟਿਵ ਅਤੇ ਐਸਥੈਟਿਕ ਸਰਜਰੀ ਨਾਲ ਸੰਬੰਧਿਤ ਆਧੁਨਿਕ ਅਤੇ ਮਾਹਿਰ ਸੇਵਾਵਾਂ ਇੱਕੋ ਛੱਤ ਹੇਠ ਉਪਲਬਧ ਹੋਣਗੀਆਂ। ਇਸ ਪ੍ਰੈੱਸ ਕਾਨਫਰੰਸ ਵਿੱਚ ਸ਼੍ਰੀ ਯੋਗੇਂਦਰ ਅਵਧਿਆ, ਮੁੱਖ ਸੰਚਾਲਨ ਅਧਿਕਾਰੀ (ਛੋ), ਡਾ: ਅਜੈ ਅਬਰੋਲ, ਡਾਇਰੈਕਟਰ -ਪਲਾਸਟਿਕ ਸਰਜਰੀ ਅਤੇ ਡਾ: ਸੰਦੀਪ ਕੌਰ, ਡਿਪਟੀ ਡਾਇਰੈਕਟਰ -ਪਲਾਸਟਿਕ ਸਰਜਰੀ ਨੇ ਹਾਜ਼ਰੀ ਭਰੀ ਅਤੇ ਪਲਾਸਟਿਕ ਸਰਜਰੀ ਦੇ ਖੇਤਰ ਵਿੱਚ ਹੋ ਰਹੀਆਂ ਤਰੱਕੀਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ।

"ਪਲਾਸਟਿਕ ਸਰਜਰੀ ਸਿਰਫ਼ ਸੁੰਦਰਤਾ ਲਈ ਨਹੀਂ, ਸਗੋਂ ਜ਼ਿੰਦਗੀ ਨੂੰ ਮੁੜ ਸਧਾਰਨ ਬਣਾਉਣ ਲਈ ਹੈ" - ਡਾ: ਅਜੈ ਅਬਰੋਲ

ਡਾ: ਅਜੈ ਅਬਰੋਲ ਨੇ ਕਿਹਾ ਕਿ ਅੱਜ ਵੀ ਬਹੁਤ ਸਾਰੇ ਲੋਕ ਪਲਾਸਟਿਕ ਸਰਜਰੀ ਨੂੰ ਕੇਵਲ ਕਾਸਮੈਟਿਕ ਸਰਜਰੀ ਨਾਲ ਜੋੜ ਕੇ ਦੇਖਦੇ ਹਨ, ਜਦਕਿ ਇਹ ਮੈਡੀਕਲ ਸਾਇੰਸ ਦੀ ਇੱਕ ਅਜਿਹੀ ਵਿਸ਼ੇਸ਼ ਸ਼ਾਖਾ ਹੈ ਜੋ ਹਾਦਸਿਆਂ ਵਿੱਚ ਜ਼ਖ਼ਮੀ ਹੋਏ ਮਰੀਜ਼ਾਂ, ਅੱਗ ਨਾਲ ਜਲੇ ਹੋਏ ਲੋਕਾਂ, ਜਨਮ ਤੋਂ ਮੌਜੂਦ ਵਿਕਾਰਾਂ, ਕੈਂਸਰ ਦੀ ਸਰਜਰੀ ਤੋਂ ਬਾਅਦ ਸਰੀਰ ਦੇ ਮੁੜ ਨਿਰਮਾਣ, ਹੱਥਾਂ ਅਤੇ ਚਿਹਰੇ ਦੀਆਂ ਗੰਭੀਰ ਸੱਟਾਂ, ਡਾਇਬੀਟਿਕ ਫੁੱਟ ਅਤੇ ਜਟਿਲ ਜ਼ਖ਼ਮਾਂ ਦੇ ਇਲਾਜ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। ਉਨ੍ਹਾਂ ਕਿਹਾ ਕਿ ਐਸਪੀਐਸ ਹਸਪਤਾਲ ਵਿੱਚ ਅਤਿਆਧੁਨਿਕ ਮਾਈਕ੍ਰੋਸਰਜਰੀ ਤਕਨੀਕ, ਆਧੁਨਿਕ ਆਪਰੇਸ਼ਨ ਥੀਏਟਰ ਅਤੇ ਤਜਰਬੇਕਾਰ ਮਾਹਿਰਾਂ ਦੀ ਟੀਮ ਰਾਹੀਂ ਮਰੀਜ਼ਾਂ ਨੂੰ ਅੰਤਰਰਾਸ਼ਟਰੀ ਮਿਆਰਾਂ ਅਨੁਸਾਰ ਇਲਾਜ ਮੁਹੱਈਆ ਕਰਵਾਇਆ ਜਾ ਰਿਹਾ ਹੈ। ਸਾਡਾ ਮਕਸਦ ਸਿਰਫ਼ ਸਫਲ ਸਰਜਰੀ ਕਰਨਾ ਨਹੀਂ, ਸਗੋਂ ਮਰੀਜ਼ ਨੂੰ ਉਸ ਦਾ ਆਤਮਵਿਸ਼ਵਾਸ, ਕਾਰਗੁਜ਼ਾਰੀ ਅਤੇ ਜੀਵਨ ਦੀ ਗੁਣਵੱਤਾ ਵਾਪਸ ਦੇਣਾ ਹੈ।

"ਸਮੇਂ ਸਿਰ ਇਲਾਜ ਨਾਲ ਮਿਲਦੇ ਹਨ ਬਿਹਤਰ ਨਤੀਜੇ" - ਡਾ: ਸੰਦੀਪ ਕੌਰ





ਡਾ: ਸੰਦੀਪ ਕੌਰ ਨੇ ਕਿਹਾ ਕਿ ਪਲਾਸਟਿਕ ਸਰਜਰੀ ਵਿੱਚ ਸਮੇਂ ਸਿਰ ਮਾਹਿਰ ਡਾਕਟਰ ਨਾਲ ਸੰਪਰਕ ਕਰਨਾ ਬਹੁਤ ਮਹੱਤਵਪੂਰਨ ਹੁੰਦਾ ਹੈ। ਅੱਜ ਦੀਆਂ ਆਧੁਨਿਕ ਤਕਨੀਕਾਂ ਨਾਲ ਕਈ ਅਜਿਹੀਆਂ ਸਮੱਸਿਆਵਾਂ ਦਾ ਸਫਲ ਇਲਾਜ ਸੰਭਵ ਹੈ, ਜਿਨ੍ਹਾਂ ਨੂੰ ਪਹਿਲਾਂ ਬਹੁਤ ਮੁਸ਼ਕਲ ਮੰਨਿਆ ਜਾਂਦਾ ਸੀ। ਉਨ੍ਹਾਂ ਦੱਸਿਆ ਕਿ ਹਰੇਕ ਮਰੀਜ਼ ਲਈ ਉਸ ਦੀ ਲੋੜ ਅਨੁਸਾਰ ਵਿਅਕਤੀਗਤ ਇਲਾਜ ਯੋਜਨਾ ਤਿਆਰ ਕੀਤੀ ਜਾਂਦੀ ਹੈ, ਜਿਸ ਨਾਲ ਮਰੀਜ਼ ਜਲਦੀ ਸਿਹਤਯਾਬ ਹੋ ਕੇ ਆਮ ਜੀਵਨ ਵੱਲ ਵਾਪਸ ਲੌਟ ਸਕਦਾ ਹੈ।

"ਵਿਸ਼ਵ-ਪੱਧਰੀ ਸਿਹਤ ਸੇਵਾਵਾਂ ਮੁਹੱਈਆ ਕਰਵਾਉਣਾ ਸਾਡੀ ਵਚਨਬੱਧਤਾ ਹੈ" - ਯੋਗੇਂਦਰ ਅਵਧਿਆ

ਐਸਪੀਐਸ ਹਸਪਤਾਲ ਦੇ ਮੁੱਖ ਸੰਚਾਲਨ ਅਧਿਕਾਰੀ ਸ਼੍ਰੀ ਯੋਗੇਂਦਰ ਅਵਧਿਆ ਨੇ ਕਿਹਾ ਕਿ ਐਸਪੀਐਸ ਹਸਪਤਾਲ ਦਾ ਉਦੇਸ਼ ਪੰਜਾਬ ਅਤੇ ਨੇੜਲੇ ਰਾਜਾਂ ਦੇ ਲੋਕਾਂ ਨੂੰ ਵਿਸ਼ਵ-ਪੱਧਰੀ ਸੁਪਰ ਸਪੈਸ਼ਲਟੀ ਸਿਹਤ ਸੇਵਾਵਾਂ ਉਨ੍ਹਾਂ ਦੇ ਆਪਣੇ ਸ਼ਹਿਰ ਵਿੱਚ ਹੀ ਉਪਲਬਧ ਕਰਵਾਉਣਾ ਹੈ। ਉਨ੍ਹਾਂ ਕਿਹਾ ਕਿ ਐਡਵਾਂਸਡ ਪਲਾਸਟਿਕ ਸਰਜਰੀ ਕਲਿਨਿਕ ਦੀ ਸ਼ੁਰੂਆਤ ਇਸੇ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ। ਅਸੀਂ ਨਵੀਂ ਤਕਨੀਕ, ਤਜਰਬੇਕਾਰ ਡਾਕਟਰਾਂ ਅਤੇ ਮਰੀਜ਼-ਕੇਂਦਰਿਤ ਸੇਵਾਵਾਂ ਰਾਹੀਂ ਹਰ ਮਰੀਜ਼ ਨੂੰ ਉੱਚ ਗੁਣਵੱਤਾ ਵਾਲਾ ਇਲਾਜ ਦੇਣ ਲਈ ਵਚਨਬੱਧ ਹਾਂ।

ਐਡਵਾਂਸਡ ਪਲਾਸਟਿਕ ਸਰਜਰੀ ਕਲਿਨਿਕ ਵਿੱਚ ਉਪਲਬਧ ਮੁੱਖ ਸੇਵਾਵਾਂ

ਕਾਸਮੈਟਿਕ ਅਤੇ ਐਸਥੈਟਿਕ ਸਰਜਰੀ

ਚਿਹਰੇ ਦੀ ਪਲਾਸਟਿਕ ਅਤੇ ਰੀਕੰਸਟਰਕਟਿਵ ਸਰਜਰੀ

ਹਾਦਸਿਆਂ ਤੋਂ ਬਾਅਦ ਚਿਹਰੇ ਅਤੇ ਸਰੀਰ ਦਾ ਮੁੜ ਨਿਰਮਾਣ

ਅੱਗ ਨਾਲ ਜਲਣ ਤੋਂ ਬਾਅਦ ਰੀਕੰਸਟਰਕਟਿਵ ਸਰਜਰੀ

ਮਾਈਕ੍ਰੋਸਰਜਰੀ

ਹੈਂਡ ਸਰਜਰੀ ਡਾਇਬੀਟਿਕ ਫੁੱਟ ਅਤੇ ਜਟਿਲ ਜ਼ਖ਼ਮਾਂ ਦਾ ਇਲਾਜ ਕੈਂਸਰ ਤੋਂ ਬਾਅਦ ਰੀਕੰਸਟਰਕਟਿਵ ਸਰਜਰੀ

ਕਲੇਫ਼ਟ ਲਿਪ ਅਤੇ ਕਲੇਫ਼ਟ ਪੈਲਟ ਦਾ ਇਲਾਜ

ਸਕਾਰ (ਨਿਸ਼ਾਨ) ਰਿਵੀਜ਼ਨ ਸਰਜਰੀ ਪ੍ਰੈਸ਼ਰ ਸੋਰ ਅਤੇ ਸਾਫਟ ਟਿਸ਼ੂ ਰੀਕੰਸਟਰਕਸ਼ਨ ਇਸ ਮੌਕੇ ਡਾਕਟਰਾਂ ਨੇ ਪਲਾਸਟਿਕ ਸਰਜਰੀ ਨਾਲ ਜੁੜੀਆਂ ਕਈ ਗਲਤ ਧਾਰਨਾਵਾਂ ਨੂੰ ਵੀ ਦੂਰ ਕੀਤਾ ਅਤੇ ਲੋਕਾਂ ਨੂੰ ਅਪੀਲ ਕੀਤੀ ਕਿ ਹਾਦਸੇ, ਅੱਗ ਨਾਲ ਜਲਣ, ਜਨਮ ਤੋਂ ਮੌਜੂਦ ਵਿਕਾਰ, ਕੈਂਸਰ ਦੀ ਸਰਜਰੀ ਤੋਂ ਬਾਅਦ ਰੀਕੰਸਟਰਕਸ਼ਨ ਜਾਂ ਕਿਸੇ ਵੀ ਜਟਿਲ ਜ਼ਖ਼ਮ ਦੀ ਸਥਿਤੀ ਵਿੱਚ ਬਿਨਾਂ ਦੇਰੀ ਕੀਤੇ ਮਾਹਿਰ ਪਲਾਸਟਿਕ ਸਰਜਨ ਨਾਲ ਸੰਪਰਕ ਕੀਤਾ ਜਾਵੇ। ਪ੍ਰੈੱਸ ਕਾਨਫਰੰਸ ਦੇ ਅੰਤ ਵਿੱਚ ਮੀਡੀਆ ਪ੍ਰਤੀਨਿਧੀਆਂ ਨਾਲ ਪ੍ਰਸ਼ਨ-ਉੱਤਰ ਸੈਸ਼ਨ ਵੀ ਕੀਤਾ ਗਿਆ, ਜਿਸ ਦੌਰਾਨ ਪਲਾਸਟਿਕ ਸਰਜਰੀ ਦੇ ਖੇਤਰ ਵਿੱਚ ਹੋ ਰਹੀਆਂ ਨਵੀਆਂ ਤਕਨੀਕਾਂ, ਮਰੀਜ਼ਾਂ ਦੀ ਸੁਰੱਖਿਆ ਅਤੇ ਇਲਾਜ ਦੇ ਬਿਹਤਰ ਨਤੀਜਿਆਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ। ਐਸਪੀਐਸ ਹਸਪਤਾਲ ਦਾ ਐਡਵਾਂਸਡ ਪਲਾਸਟਿਕ ਸਰਜਰੀ ਕਲੀਨਿਕ ਪੰਜਾਬ ਵਿੱਚ ਪਲਾਸਟਿਕ ਅਤੇ ਰੀਕੰਸਟਰਕਟਿਵ ਸਰਜਰੀ ਦੇ ਖੇਤਰ ਵਿੱਚ ਵਿਸ਼ਵ-ਪੱਧਰੀ ਅਤੇ ਸੰਪੂਰਨ ਇਲਾਜ ਸੇਵਾਵਾਂ ਪ੍ਰਦਾਨ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਸਾਬਤ ਹੋਵੇਗਾ।

# ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਮਨੋਜ ਧੀਮਾਨ ਦੇ ਲਘੁਕਥਾ ਸੰਗ੍ਰਹਿ 'ਜਾਗਤੇ ਰਹੋ' 'ਤੇ ਲਘੂ ਖੋਜ-ਪ੍ਰਬੰਧ, ਰਿਸ਼ੀ ਕੁਮਾਰ ਨੇ ਕੀਤਾ ਵਿਸ਼ਲੇਸ਼ਣਾਤਮਕ ਅਧਿਐਨ


**ਲੁਧਿਆਣਾ 15 ਜੁਲਾਈ (ਕਰਨੈਲ ਸਿੰਘ ਐੱਮ.ਏ.)** ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਹਿੰਦੀ ਵਿਭਾਗ ਦੇ ਮੁਖੀ ਅਤੇ ਭਾਸ਼ਾ ਫੈਕਲਟੀ ਦੇ ਡੀਨ ਪ੍ਰੋ. (ਡਾ:) ਸੁਨੀਲ ਦੀ ਰਹਿਨੁਮਾਈ ਹੇਠ ਐੱਮ.ਏ. (ਹਿੰਦੀ) ਸਮੈਸਟਰ-ਚੌਥੇ ਦੀ ਪਾਠਕ੍ਰਮ ਪ੍ਰੀਖਿਆ ਦੇ ਤਹਿਤ ਵਿਦਿਆਰਥੀ ਰਿਸ਼ੀ ਕੁਮਾਰ ਨੇ ਲੁਧਿਆਣਾ ਦੇ ਸਾਹਿਤਕਾਰ ਮਨੋਜ ਧੀਮਾਨ ਵੱਲੋਂ ਰਚਿਤ ਲਘੁਕਥਾ ਸੰਗ੍ਰਹਿ 'ਜਾਗਤੇ ਰਹੋ' ਦਾ ਵਿਸ਼ਲੇਸ਼ਣਾਤਮਕ ਅਧਿਐਨ ਪੇਸ਼ ਕਰਦੇ ਹੋਏ ਲਘੂ ਖੋਜ-ਪ੍ਰਬੰਧ ਤਿਆਰ ਕੀਤਾ ਹੈ। ਰਿਸ਼ੀ ਕੁਮਾਰ ਨੇ ਆਪਣੇ ਖੋਜ ਨਿਰਦੇਸ਼ਕ ਪ੍ਰੋ. (ਡਾ:) ਸੁਨੀਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਕੀਮਤੀ ਸੁਝਾਵਾਂ, ਨਿਰੰਤਰ ਹੌਂਸਲਾ-ਅਫ਼ਜ਼ਾਈ ਅਤੇ ਵਿਦਵਤਾਪੂਰਨ ਮਾਰਗਦਰਸ਼ਨ ਸਦਕਾ ਇਹ ਖੋਜ ਕਾਰਜ ਸਫਲਤਾਪੂਰਵਕ ਸੰਪੰਨ ਹੋ ਸਕਿਆ ਹੈ। ਉਨ੍ਹਾਂ ਨੇ ਹਿੰਦੀ ਵਿਭਾਗ ਦੇ ਸਮੂਹ ਅਧਿਆਪਕਾਂ ਅਤੇ ਹੋਰ ਮੈਂਬਰਾਂ ਦਾ ਵੀ ਸਹਿਯੋਗ ਲਈ ਧੰਨਵਾਦ ਕੀਤਾ। ਆਪਣੇ ਖੋਜ-ਪ੍ਰਬੰਧ ਦੇ ਉਪਸੰਹਾਰ ਵਿੱਚ ਰਿਸ਼ੀ ਕੁਮਾਰ ਨੇ ਲਿਖਿਆ ਹੈ ਕਿ, "ਮਨੋਜ ਧੀਮਾਨ ਨਾ ਸਿਰਫ਼ ਇੱਕ ਕੁਸ਼ਲ ਰਚਨਾਕਾਰ ਹਨ, ਸਗੋਂ ਉਨ੍ਹਾਂ ਦੀ ਲੇਖਣੀ ਵਿੱਚ ਸੰਵੇਦਨਸ਼ੀਲਤਾ, ਕ੍ਰਾਂਤੀਕਾਰੀ ਸੋਚ, ਸੰਘਰਸ਼ਾਂ ਅਤੇ ਸਮਾਜ ਦੇ ਉਹਨਾਂ ਪੱਖਾਂ ਨੂੰ ਉਜਾਗਰ ਕਰਨ ਦੀ ਸਮਰੱਥਾ ਹੈ, ਜੋ ਮਨੁੱਖੀ ਰਿਸ਼ਤਿਆਂ ਦੀਆਂ ਜਟਿਲਤਾਵਾਂ ਅਤੇ ਸਮਾਜਿਕ ਜਾਗਰੂਕਤਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦੀ ਹੈ।" ਰਿਸ਼ੀ ਕੁਮਾਰ ਨੇ ਆਪਣੇ ਅਧਿਐਨ ਵਿੱਚ ਲਿਖਿਆ ਕਿ ਧੀਮਾਨ ਦੀਆਂ ਲਘੁਕਥਾਵਾਂ ਮਨੋਰੰਜਨ ਦੇ ਨਾਲ-ਨਾਲ ਸਮਾਜਿਕ ਸੰਦੇਸ਼ ਵੀ ਦਿੰਦੀਆਂ ਹਨ। ਉਨ੍ਹਾਂ ਦੀਆਂ ਰਚਨਾਵਾਂ ਸਮਾਜ ਨੂੰ ਨਵੀਂ ਦਿਸ਼ਾ ਅਤੇ ਜਾਗਰੂਕਤਾ ਪ੍ਰਦਾਨ ਕਰਦੀਆਂ ਹਨ। 'ਜਾਗਤੇ ਰਹੋ'



ਲਘੁਕਥਾ ਸੰਗ੍ਰਹਿ ਸਮਾਜਿਕ ਚੇਤਨਾ ਅਤੇ ਮਨੁੱਖੀ ਮੁੱਲਾਂ ਨੂੰ ਮਜ਼ਬੂਤ ਕਰਦਾ ਹੈ। ਲੇਖਕ ਦੀ ਭਾਸ਼ਾ ਸਰਲ, ਸਹਿਜ ਅਤੇ ਦਿਲ ਨੂੰ ਛੂਹਣ ਵਾਲੀ ਹੈ, ਜੋ ਗੰਭੀਰ ਵਿਸ਼ਿਆਂ ਨੂੰ ਵੀ ਪਾਠਕਾਂ ਲਈ ਆਸਾਨ ਅਤੇ ਪ੍ਰਭਾਵਸ਼ਾਲੀ ਬਣਾ ਦਿੰਦੀ ਹੈ। ਮਨੋਜ ਧੀਮਾਨ ਨੇ ਆਪਣੀ ਪੁਸਤਕ 'ਜਾਗਤੇ ਰਹੋ' 'ਤੇ ਲਘੂ ਖੋਜ-ਪ੍ਰਬੰਧ ਤਿਆਰ ਕਰਨ ਲਈ ਪ੍ਰੋ. (ਡਾ:) ਸੁਨੀਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਵਿਦਿਆਰਥੀ ਰਿਸ਼ੀ ਕੁਮਾਰ ਦਾ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਖੋਜ ਉਨ੍ਹਾਂ ਦੇ ਸਾਹਿਤਕ ਲੇਖਨ ਨੂੰ ਇੱਕ ਮਹੱਤਵਪੂਰਨ ਮਾਨਤਾ ਅਤੇ ਨਵਾਂ ਉਤਸ਼ਾਹ ਪ੍ਰਦਾਨ ਕਰਦੀ ਹੈ।

ਜ਼ਿਕਰਯੋਗ ਹੈ ਕਿ ਮਨੋਜ ਧੀਮਾਨ ਦੀਆਂ ਹੁਣ ਤੱਕ ਹੇਠ ਲਿਖੀਆਂ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ— 'ਲੇਟ ਨਾਈਟ ਪਾਰਟੀ' (ਕਹਾਣੀ ਸੰਗ੍ਰਹਿ, 2007), ਜਿਸ ਦਾ ਅੰਗਰੇਜ਼ੀ ਅਨੁਵਾਦ ਵੀ ਪ੍ਰਕਾਸ਼ਿਤ ਹੋਇਆ; 'ਬਾਰਿਸ਼ ਕੀ ਬੂੰਦੇਂ' (ਕਵਿਤਾ ਸੰਗ੍ਰਹਿ, 2009); 'ਸ਼ੂਨਯ ਕੀ ਓਰ' (ਨਾਵਲ, 2012); 'ਯਹ ਮਕਾਨ ਬਿਕਾਊ ਹੈ' (ਲਘੁਕਥਾ ਸੰਗ੍ਰਹਿ, 2021); 'ਖੋਲ ਕਰ ਦੇਖੋ' (ਲਘੁਕਥਾ ਸੰਗ੍ਰਹਿ, 2022); 'ਜਾਗਤੇ ਰਹੋ' (ਲਘੁਕਥਾ ਸੰਗ੍ਰਹਿ, 2024); 'ਬਿਰਜੂ ਨਾਈ ਕੀ ਦੁਕਾਨ' (ਨਾਵਲ, 2024) ਅਤੇ 'ਧਰਤੀ ਪਰ ਲੌਟੇ ਆਭਾਸੀ ਦੁਨੀਆ ਕੇ ਅਵਤਾਰ' (ਨਾਵਲ, 2025)।

## ਮਾਤਾ ਗੁਰਾਂ ਦੇਵੀ ਪਨੇਸਰ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਜਿਹਨਾਂ ਦਾ ਅੱਜ ਬਲਾਚੌਰ ਗਹੂੰਣ ਰੋਡ ਦੇ ਸ਼ਮਸ਼ਾਨਘਾਟ ਵਿੱਚ ਕੀਤਾ ਜਾਵੇਗਾ ਅੰਤਿਮ ਸਸਕਾਰ



**ਬਲਾਚੌਰ 15 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ )** ਬਲਾਚੌਰ ਕੈਮਿਸਟ ਐਸੋਸੀਏਸ਼ਨ ਦੇ ਪ੍ਰਧਾਨ ਡਾ ਐਸ ਕੇ ਪਨੇਸਰ ਦੀ ਸਤਿਕਾਰ ਯੋਗ ਮਾਤਾ ਗੁਰਾਂ ਦੇਵੀ ਪਨੇਸਰ ਪਤਨੀ ਸਵ: ਡਾ ਅਮਰਚੰਦ ਪਨੇਸਰ ਦੀ ਅੱਜ ਦਿਲ ਦੀ ਧੜਕਣ ਬੰਦ ਹੋ ਜਾਣ ਉਹ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਉਹ 95 ਵਰਿਆਂ ਦੇ ਸਨ ।ਇਹ ਖਬਰ ਸੁਣਦਿਆਂ ਹੀ ਵੱਡੀ ਗਿਣਤੀ ਵਿੱਚ ਲੋਕ ਡਾ ਐਸ ਕੇ ਪਨੇਸਰ ਅਤੇ ਸੁਰਿੰਦਰ ਕੁਮਾਰ ਪਨੇਸਰ ਪ੍ਰਧਾਨ ਬਾਬਾ ਵਿਸ਼ਵਕਰਮਾ ਮੰਦਰ ਕਮੇਟੀ ਬਲਾਚੌਰ ਦੇ ਘਰ ਪੁੱਜ ਗਏ ਜਿਨ੍ਹਾਂ ਨੇ ਪਰਿਵਾਰ ਨਾਲ ਗਹਿਰੇ ਦੁੱਖ ਪ੍ਰਗਟਾਵਾ ਕੀਤਾ ਮਾਤਾ ਗੁਰਾਂ ਦੇਵੀ ਪਨੇਸਰ ਦਾ ਅੰਤਿਮ ਸੰਸਕਾਰ 16 ਜੁਲਾਈ ਦਿਨ ਵੀਰਵਾਰ ਨੂੰ ਦੁਪਹਿਰ 2 ਵਜੇ ਗਹੂੰਣ ਰੋਡ ਬਲਾਚੌਰ ਦੇ ਸ਼ਮਸ਼ਾਨਘਾਟ ਵਿੱਚ ਕੀਤਾ ਜਾਵੇਗਾ।

## ਦਸਮੇਸ਼ ਡੈਂਟਲ ਹਸਪਤਾਲ ਫ਼ਰੀਦਕੋਟ ਦੇ ਸਫਾਈ ਸੇਵਕਾਂ ਦੀ ਲਗਾਤਾਰ ਤਿੰਨ ਤੋਂ ਚੱਲ ਰਹੀ ਹੜਤਾਲ ਪ੍ਰਸ਼ਾਸਨ ਵੱਲੋਂ ਮੰਗਾਂ ਮੰਨਣ ਉਪਰੰਤ ਖਤਮ ਹੋਈ:- ਕਾਮਰੇਡ ਬਲਕਾਰ ਸਹੋਤਾ

**ਫ਼ਰੀਦਕੋਟ ( ਸ਼ਿਵਨਾਥ)** ਅੱਜ ਦਸਮੇਸ਼ ਡੈਂਟਲ ਹਸਪਤਾਲ ਫ਼ਰੀਦਕੋਟ ਦੇ ਸਫਾਈ ਸੇਵਕਾਂ ਵੱਲੋ ਲਗਾਤਾਰ ਤਿੰਨ ਦਿਨ ਤੋ ਆਪਣੀਆਂ ਮੰਗਾਂ ਨੂੰ ਲੈ ਕੇ ਚੱਲ ਰਿਹਾ। ਜਦੋ ਸਫਾਈ ਸੇਵਕਾਂ ਦੀ ਆਗੂ ਵੀਰਪਾਲ ਕੌਰ ਨੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਆਗੂ ਕਾਮਰੇਡ ਬਲਕਾਰ ਸਹੋਤਾ ਜੋ "ਦੀ ਫੋਰਥ ਕਲਾਸ ਯੂਨੀਅਨ " ਦੇ ਜਰਨਲ ਸਕੱਤਰ ਤੇ ਓਨਾਂ ਨਾਲ ਨਰੇਗਾ ਰੁਜ਼ਗਾਰ ਪ੍ਰਾਪਤ ਮਜਦੂਰ ਯੂਨੀਅਨ ਦੇ ਜਿਲਾਂ ਪ੍ਰਧਾਨ ਕਾਮਰੇਡ ਵੀਰ ਸਿੰਘ ਕੰਮੇਆਣਾ ਜੀ ਨੇ ਸਮਰਥਨ




ਦੇ ਮੰਗਾਂ ਮਨਾਉਣ ਵਿੱਚ ਪੂਰਨ ਸਹਿਯੋਗ ਦਿੱਤਾ। ਓਨਾਂ ਦਸਮੇਸ਼ ਡੈਂਟਲ ਹਸਪਤਾਲ ਦੇ ਪ੍ਰਸ਼ਾਸਨ ਨਾਲ ਸੁਖਾਲੇ ਮਾਹੌਲ ਵਿੱਚ ਮੀਟਿੰਗ ਕੀਤੀ ਅਤੇ ਗੱਲਬਾਤ ਰਾਹੀ ਸਫਾਈ ਸੇਵਕਾਂ ਦੀਆਂ ਮੰਗਾਂ ਨੂੰ ਮੂਹਰੇ ਰੱਖਿਆਂ ਤੇ ਪ੍ਰਸ਼ਾਸਨ ਨੇ ਆਗੂਆਂ ਨੂੰ ਭਰੋਸਾ ਦਵਾਇਆ ਕਿ ਏਨਾਂ ਦੀ ਹਰ ਮੁਸ਼ਕਲ ਦਾ ਹੱਲ ਕਰਾਂਗੇ। ਸਫਾਈ ਸੇਵਕਾਂ ਵੱਲੋ ਪਹੁੰਚੇ ਆਗੂਆਂ ਦਾ ਸਹਿਯੋਗ ਦੇਣ ਲਈ ਧੰਨਵਾਦ ਕੀਤਾ। ਇਹ ਜਾਣਕਾਰੀ ਪ੍ਰੈਸ ਨਾਲ ਕਾਮਰੇਡ ਬਲਕਾਰ ਸਿੰਘ ਸਹੋਤਾ ਨੇ ਸਾਂਝੀ ਕੀਤੀ। ਇਸ ਸਮੇ ਹੋਰਨਾਂ ਤੇ ਇਲਾਵਾ ਨਰੇਗਾ ਦੇ ਜਰਨਲ ਸਕੱਤਰ ਸੁਖਮੰਦਰ ਸਿੰਘ ਢੁੱਡੀ, ਕਿਸਾਨ ਯੂਨੀਅਨ ਦੇ ਆਗੂ ਚਰਨਜੀਤ ਸਿੰਘ ਆਦਿ ਹਾਜ਼ਰ ਹੋਏ।

ਸਮਾਜ ਵੀਕਲੀ ਨਿਊਜ਼

## ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਅੱਲਾ ਦਿੱਤਾ ਨੇ ਦਾਨੀਆਂ ਵੱਲੋਂ ਕੂਲਰ ਭੇਂਟ



ਸਕੂਲ ਨੂੰ ਕੂਲਰ ਭੇਂਟ ਕਰਨ ਉਪਰੰਤ ਦਾਨੀ ਸੱਜਣ ਬਖਸ਼ੀਸ਼ ਸਿੰਘ,ਸਕੂਲ ਮੁੱਖੀ ਹਰਜਿੰਦਰ ਸਿੰਘ ਤੇ ਹੋਰ

**ਕਪੂਰਥਲਾ, 15 ਜੁਲਾਈ (ਕੌੜਾ )–** ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਅੱਲਾ ਦਿੱਤਾ ਵਿਖੇ ਸਖਤ ਗਰਮੀ ਦੇ ਪ੍ਰਕੋਪ ਨੂੰ ਦੇਖਦੇ ਹੋਏ ਦਾਨੀ ਸੱਜਣਾ ਵੱਲੋਂ ਸਕੂਲ ਨੂੰ ਕੂਲਰ ਭੇਂਟ ਕੀਤੇ ਗਏ। ਇਸ ਸਬੰਧੀ 3 ਕੂਲਰ ਪੂਰਨ ਸਿੰਘ ਵੱਲੋਂ ਪ੍ਰਵਾਸੀ ਭਾਰਤੀਆਂ ਦੇ ਸਹਿਯੋਗ ਨਾਲ ਅਤੇ 1 ਕੂਲਰ ਬਖਸੀਸ ਸਿੰਘ ਵੱਲੋਂ ਸਕੂਲ ਨੂੰ ਭੇਂਟ ਕੀਤੇ ਗਏ । ਕੂਲਰ ਭੇਂਟ ਕਰਨ ਉਪਰੰਤ ਬਖਸ਼ੀਸ਼ ਸਿੰਘ ਤੇ ਪੂਰਨ ਸਿੰਘ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਉਹ ਸਕੂਲ ਦੀ ਹਰ ਜਰੂਰਤ ਨੂੰ ਪੂਰਾ ਕਰਨ ਲਈ ਭਵਿੱਖ ਵਿੱਚ ਵੀ ਇਸੇ ਪ੍ਰਕਾਰ ਹੀ ਸਹਿਯੋਗ ਦਿੰਦੇ ਰਹਿਣਗੇ। ਉਹਨਾਂ ਨੇ ਇਸ ਦੌਰਾਨ ਇਸ ਪਵਿੱਤਰ ਕਾਰਜ ਲਈ ਪ੍ਰਵਾਸੀ ਭਾਰਤੀਆਂ ਵੱਲੋਂ ਮਿਲੇ ਸਹਿਯੋਗ ਲਈ ਵੀ ਉਹਨਾਂ ਦਾ ਧੰਨਵਾਦ ਕੀਤਾ। ਇਸ ਦੌਰਾਨ ਸਕੂਲ ਮੁਖੀ ਹਰਜਿੰਦਰ ਸਿੰਘ ਢੋਟ ਨੇ ਦਾਨੀ ਸੱਜਣਾਂ ਦਾ ਧੰਨਵਾਦ ਕਰਦਿਆਂ ਹੋਇਆ ਭਵਿੱਖ ਵਿੱਚ ਵੀ ਉਹਨਾਂ ਨੂੰ ਇਸੇ ਪ੍ਰਕਾਰ ਸਹਿਯੋਗ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਤੇ ਸਰਪੰਚ ਮਨਦੀਪ ਸਿੰਘ, ਰੇਖਾ ਚੇਅਰਪਰਸਨ ਐਸ ਐਮ ਸੀ , ਹਰਵਿੰਦਰ ਸਿੰਘ ਵਿਰਦੀ, ਤਜਵੀਰ ਕੌਰ,ਰਜਨੀ ਬਾਲਾ, ਆਦਿ ਇਮੂਹ ਸਟਾਫ ਦਾਨੀ ਸੱਜਣ ਮੌਜੂਦ ਸਨ।

ਸਮਾਜ ਵੀਕਲੀ ਨਿਊਜ਼

## ਲਾਇਨ ਕਲੱਬ ਵੱਲੋਂ ਸਕੂਲ ਵਿੱਚ 51 ਫਲਦਾਰ ਪੌਦੇ ਲਗਾਏ

**ਰਾਏਕੋਟ ਗੁਰਭਿੰਦਰ ਗੁਰੀ** – ਰਾਏਕੋਟ ਦੀ ਪ੍ਰਸਿੱਧ ਸਮਾਜ ਸੇਵੀ ਸੰਸਥਾ ਲਾਇਨ ਕਲੱਬ ਰਾਏਕੋਟ ਵੱਲੋਂ ਅੱਜ ਸਵੇਰੇ ਸਰਦਾਰ ਸ਼ੋਭਾ ਸਿੰਘ ਪਬਲਿਕ ਸਕੂਲ ਵਿੱਚ 51 ਫਲਦਾਰ ਪੌਦੇ ਲਗਾਏ ਗਏ।

ਇਸ ਮੌਕੇ ਕਲੱਬ ਦੇ ਨਵ-ਨਿਯੁਕਤ ਪ੍ਰਧਾਨ ਗੁਲਸ਼ਨ ਮਿੱਤਲ, ਸਕੱਤਰ ਦਿਨੇਸ਼ ਖੁਰਮੀ ਅਤੇ ਖਜ਼ਾਨਚੀ ਰਮੇਸ਼ ਕੁਮਾਰ ਗਰਗ ਨੇ ਦੱਸਿਆ ਕਿ ਲਾਇਨ ਕਲੱਬ ਰਾਏਕੋਟ ਪਹਿਲਾਂ ਹੀ ਐਲਾਨ ਕਰ ਚੁੱਕਾ ਹੈ ਕਿ ਸਾਵਣ ਮਹੀਨੇ ਦੌਰਾਨ ਵੱਡੇ ਪੱਧਰ 'ਤੇ ਪੌਧਾਰੋਪਣ ਮੁਹਿੰਮ ਚਲਾਈ ਜਾਵੇਗੀ। ਇਸੇ ਲੜੀ ਤਹਿਤ ਅੱਜ ਸਕੂਲ ਵਿੱਚ 51 ਫਲਦਾਰ ਪੌਦੇ ਲਗਾਏ ਗਏ ਹਨ।

ਉਨ੍ਹਾਂ ਦੱਸਿਆ ਕਿ ਲਗਾਏ ਗਏ ਪੌਦਿਆਂ ਵਿੱਚ ਅੰਬ, ਚੀਕੂ, ਅਮਰੂਦ, ਅਨਾਰ, ਜਾਮਣ, ਨਿੰਬੂ, ਆੜੂ ਆਦਿ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਕਲੱਬ ਦੀ ਹਮੇਸ਼ਾ ਕੋਸ਼ਿਸ਼ ਰਹਿੰਦੀ ਹੈ ਕਿ ਚੰਗੀ ਤਰ੍ਹਾਂ ਪਲੇ-ਬੜੇ ਪੌਦੇ ਹੀ ਲਗਾਏ ਜਾਣ। ਅੱਜ ਲਗਾਏ ਗਏ ਪੌਦੇ ਵੀ ਕਰੀਬ ਦੋ ਤੋਂ ਤਿੰਨ ਸਾਲ ਪੁਰਾਣੇ ਸਨ, ਜਿਸ ਨਾਲ ਉਨ੍ਹਾਂ ਦੇ ਵਧੀਆ ਢੰਗ ਨਾਲ ਪਲਣ ਦੀ




ਸੰਭਾਵਨਾ ਵੱਧ ਰਹਿੰਦੀ ਹੈ।

ਪ੍ਰਧਾਨ ਗੁਲਸ਼ਨ ਮਿੱਤਲ ਨੇ ਕਿਹਾ ਕਿ ਸਕੂਲ ਵਿੱਚ ਫਲਦਾਰ ਪੌਦੇ ਇਸ ਲਈ ਲਗਾਏ ਗਏ ਹਨ ਤਾਂ ਜੋ ਭਵਿੱਖ ਵਿੱਚ ਸਕੂਲ ਦੇ ਬੱਚੇ ਇਨ੍ਹਾਂ ਦੇ ਫਲਾਂ ਦਾ ਲਾਭ ਲੈ ਸਕਣ। ਉਨ੍ਹਾਂ ਕਿਹਾ ਕਿ ਸਾਵਣ ਮਹੀਨੇ ਦੌਰਾਨ ਕਲੱਬ ਵੱਲੋਂ ਹੋਰ ਵੀ ਸਕੂਲਾਂ ਅਤੇ ਧਾਰਮਿਕ ਸਥਾਨਾਂ 'ਤੇ ਵੱਡੀ ਗਿਣਤੀ ਵਿੱਚ ਪੌਦੇ ਲਗਾਏ ਜਾਣਗੇ ਤਾਂ ਜੋ ਰਾਏਕੋਟ ਨੂੰ ਹਰਿਆ-ਭਰਿਆ ਬਣਾਇਆ ਜਾ ਸਕੇ।

ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਕਵਿਤਾ ਸ਼ਰਮਾ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਦੇ ਸਨਮਾਨ ਵਿੱਚ ਰਿਫਰੈਸ਼ਮੈਂਟ ਦਾ ਪ੍ਰਬੰਧ ਕੀਤਾ। ਉਨ੍ਹਾਂ ਕਿਹਾ ਕਿ ਜੇਕਰ ਸਾਰੀਆਂ ਸਮਾਜ ਸੇਵੀ ਸੰਸਥਾਵਾਂ ਮਿਲ ਕੇ ਸ਼ਹਿਰ ਦੇ ਵਿਕਾਸ ਲਈ ਕੰਮ ਕਰਨ ਤਾਂ ਰਾਏਕੋਟ ਨੂੰ ਵੀ ਚੰਡੀਗੜ੍ਹ ਵਾਂਗ ਸੁੰਦਰ ਬਣਾਇਆ ਜਾ ਸਕਦਾ ਹੈ।

ਇਸ ਮੌਕੇ ਪ੍ਰਧਾਨ ਐਮਜੇਐਫ ਲਾਇਨ ਗੁਲਸ਼ਨ ਮਿੱਤਲ, ਸਕੱਤਰ ਦਿਨੇਸ਼ ਖੁਰਮੀ, ਖਜ਼ਾਨਚੀ ਐਮਜੇਐਫ ਰਮੇਸ਼ ਕੁਮਾਰ ਗਰਗ, ਐਮਜੇਐਫ ਲਾਇਨ ਵਿਕਰਮਜੀਤ ਬਾਂਸਲ, ਹੀਰਾ ਲਾਲ ਬਾਂਸਲ, ਸੰਦੀਪ ਸ਼ਰਮਾ, ਮੀਨੂ ਜੈਨ, ਕੇ. ਕੇ. ਸ਼ਰਮਾ, ਸੁਭਾਸ਼ ਪਾਸੀ, ਅਨਿਲ ਅਗਰਵਾਲ, ਮੁਕੇਸ਼ ਗੁਪਤਾ, ਡਾ. ਦੁਰਗੇਸ਼ ਸ਼ਰਮਾ, ਪਵਨ ਵਰਮਾ, ਵਿਨੋਦ ਜੈਨ ਰਾਜੂ, ਰਾਜਿੰਦਰ ਗੋਇਲ, ਕਪਿਲ ਗਰਗ, ਮਨੀਸ਼ ਦਾਸ ਮਹੰਤ ਸਮੇਤ ਕਲੱਬ ਦੇ ਹੋਰ ਮੈਂਬਰ ਹਾਜ਼ਰ ਸਨ।

## ਮੈਡੀਕਲ ਪ੍ਰੈਕਟੀਸਨਰ ਐਸੋਸੀਏਸ਼ਨ ਪੰਜਾਬ ਦੇ ਬਲਾਕ ਰਾਹੋਂ ਦੀ ਮਹੀਨਾਵਾਰ ਮੀਟਿੰਗ ਹੋਈ

**ਰਾਹੋਂ 15 ਜੁਲਾਈ (ਚਰਨਜੀਤ ਸੱਲ੍ਹਾ )**ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਬਲਾਕ ਰਾਹੋਂ ਦੀ ਮੀਟਿੰਗ ਬਲਾਕ ਪ੍ਰਧਾਨ ਬਲਵੀਰ ਗਰਚਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਸੀਨੀਅਰ ਮੀਤ ਪ੍ਰਧਾਨ ਬਲਵੀਰ ਕੁਮਾਰ ਗਰਚਾ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ ਅੱਜ ਮੀਟਿੰਗ ਵਿੱਚ ਵਿਸ਼ੇਸ਼ ਅਜੰਡਿਆ ਤੇ ਗੱਲਬਾਤ ਕੀਤੀ ਗਈ ਤੇ ਮੈਡੀਕਲ ਪ੍ਰੈਕਟੀਸ਼ਨਰਜ਼ ਨੂੰ ਆ ਰਹੀਆਂ ਸਮੱਸਿਆਵਾਂ ਦਾ ਜ਼ਿਕਰ ਕੀਤਾ ਗਿਆ ਮੀਟਿੰਗ ਨੂੰ ਸੰਬੋਧਨ ਕਰਦਿਆਂ ਬਲਾਕ ਪ੍ਰਧਾਨ ਬਲਵੀਰ



ਗਰਚਾ ਨੇ ਸੰਬੋਧਨ ਕਰਦੇ ਕਿਹਾ ਕਿ ਚੋਣਾਂ ਵੇਲੇ ਸਰਕਾਰ ਨੇ ਬਾਦਾ ਕੀਤਾ ਸੀ ਕਿ ਤੁਹਾਡਾ ਮਸਲਾ ਪਹਿਲ ਦੇ ਆਧਾਰ ਤੇ ਹੱਲ ਕੀਤਾ ਜਾਵੇਗਾ ਪਰ ਸਰਕਾਰ ਦੇ ਲਾਰੇ ਹੀ ਰਹੇ ਸੂਬੇ ਦੇ ਪ੍ਰਧਾਨ ਜਸਵਿੰਦਰ ਕਾਲਖ਼ ਜੀ ਵਲੋਂ ਅਲੀਕੇ ਉਨਸਾਰ ਜੱਥੇਬੰਦੀ ਵੱਲੋਂ ਹਰ ਐਮ ਐਲ ਦੀ ਕੋਠੀ ਦਾ ਘਿਰਾਓ ਕਰ ਕੇ ਮੰਗ ਪੱਤਰ ਦਿੱਤਾ ਜਾਵੇਗਾ।ਜੇਕਰ ਸਰਕਾਰ ਨੇ ਮਸਲਾ ਹੱਲ ਨਾ ਕੀਤਾ ਤਾਂ 27 ਦੀਆਂ ਚੋਣਾਂ ਵਿਚ ਹਰਜਾਨਾ ਭੁਗਤਨਾ ਪਵੇਗਾ ਇਹ ਸਰਕਾਰ ਨੂੰ ਸਖ਼ਤ ਚਿਤਾਵਨੀ ਹੈ ਕਿ ਸਾਡਾ ਮਸਲਾ ਜਲਦੀ ਹੱਲ ਕੀਤਾ ਜਾਵੇ। ਮੀਟਿੰਗ ਵਿੱਚ ਹਾਜ਼ਰ ਡਾਕਟਰ ਸਤਨਾਮ ਸਿੰਘ ਵਜੀਦਪੁਰ ਧਰਮ ਪਾਲ ਡਾ ਜੋਗਿੰਦਰ ਡਾ ਸੁਰਿੰਦਰ ਡਾ ਅਸ਼ੋਕ ਡਾ ਜਸਵਿੰਦਰ ਡਾ ਜੁਨੇਜਾ ਡਾ ਵਿਸ਼ਾਲ ਡਾ ਸੰਤੋਖ ਡਾ ਗੁਰਵਿੰਦਰ ਡਾ ਬਲਵੀਰ ਗਰਚਾ ਡਾ ਨਾਫੀਸ।

# ਅੰਮ੍ਰਿਤਸਰ ਵਿਕਾਸ ਮੰਚ ਵਲੋਂ ਡਾ. ਇਕਬਾਲ ਕੌਰ ਸੌਂਦ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ

**ਅੰਮ੍ਰਿਤਸਰ 15 ਜੁਲਾਈ 2026 :-** ਅੰਮ੍ਰਿਤਸਰ ਵਿਕਾਸ ਮੰਚ ਵੱਲੋਂ ਡਾ. ਇਕਲਬ ਕੌਰ ਸੌਂਦ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਪ੍ਰੈਸ ਨੂੰ ਜਾਰੀ ਇੱਕ ਸਾਂਝੇ ਬਿਆਨ ਵਿੱਚ ਮੰਚ ਦੇ ਸਰਪ੍ਰਸਤ ਪ੍ਰੋ. ਮੋਹਣ ਸਿੰਘ, ਮਨਮੋਹਨ ਸਿੰਘ ਬਰਾੜ, ਡਾ. ਚਰਨਜੀਤ ਸਿੰਘ ਗੁਮਟਾਲਾ, ਅੰਮ੍ਰਿਤ ਲਾਲ ਮੰਨਣ, ਕੁਲਵੰਤ ਸਿੰਘ ਅਣਖੀ, ਇੰਜ. ਹਰਜਾਪ ਸਿੰਘ ਔਜਲਾ, ਹਰਦੀਪ ਸਿੰਘ ਚਾਹਲ ,ਪ੍ਰਧਾਨ ਸੁਰਿੰਦਰਜੀਤ ਸਿੰਘ ਬਿੱਟੂ, ਸੀਨੀਅਰ ਮੀਤ ਪ੍ਰਧਾਨ ਡਾ. ਇੰਦਰਜੀਤ ਸਿੰਘ ਗੋਗੋਆਣੀ ਤੇ ਰਾਜਵਿੰਦਰ ਸਿੰਘ ਗਿੱਲ, ਜਨਰਲ ਸਕੱਤਰ ਯੋਗੇਸ਼ ਕਾਮਰਾ ਤੇ ਮੰਚ ਦੇ ਮੋਢੀਆਂ ਵਿੱਚੋਂ ਡਾ. ਬਿਕਰਮ ਸਿੰਘ ਘੁੰਮਣ ਅਤੇ ਸਮੂਹ ਮੈਂਬਰਾਨ ਵਲੋਂ ਜਾਰੀ ਇਕ ਸਾਂਝੇ ਬਿਆਨ ਵਿੱਚ ਕਿਹਾ ਹੈ ਕਿ ਡਾ. ਇਕਬਾਲ ਕੌਰ ਸੌਂਦ ਬਹੁਤ ਹੀ ਸੂਝਵਾਨ ਤੇ ਬਹੁਤ ਉੱਘੇ ਲੇਖਕ ਸਨ। ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਤੇ ਭਗਤ ਨਾਮਦੇਵ ਚੇਅਰ ਦੇ ਚੇਅਰਪ੍ਰਸਨ ਰਹੇ। ਉਨ੍ਹਾਂ ਨੇ ਦਰਜਨ ਦੇ ਕਰੀਬ ਕਿਤਾਬਾਂ ਲਿਖੀਆਂ।



ਉਹ ਛੱਜਲਵੱਡੀ ਦੇ ਉਸ ਪਰਿਵਾਰ ਵਿੱਚੋਂ ਸਨ ਜੋ ਬਹੁਤ ਹੀ ਅਗਾਂਹਵਧੂ ਤੇ ਨਾਮਵਰ ਸੀ। ਇਸ ਪਰਿਵਾਰ ਵਿੱਚ ਸ. ਦਲੀਪ ਸਿੰਘ ਸੌਂਦ ਜਿਨ੍ਹਾਂ ਦਾ ਜਨਮ ਇਸ ਪਿੰਡ ਵਿੱਚ 20 ਸਤੰਬਰ 1899 ਨੂੰ ਹੋਇਆ ਨੇ 1920 ਵਿੱਚ ਅਮਰੀਕਾ ਦੇ ਕੈਲੀਫੋਰਨੀਆ ਸੂਬੇ ਦੀ ਬਰਕਲੇ ਯੂਨੀਵਰਸਿਟੀ ਤੋਂ ਮਾਸਟਰ ਤੇ ਪੀ.ਐੱਚਡੀ. ਕੀਤੀ। ਉਹ ਕੈਲੀਫੋਰਨੀਆ ਦੀ ਇਮਪੀਰੀਅਲ ਵੈਲੀ ਵਿੱਚ ਬਤੌਰ ਕਿਸਾਨ ਰਹਿਣ ਲੱਗੇ। ਉਨ੍ਹਾਂ ਨੇ ਭਾਰਤੀਆਂ ਨੂੰ ਅਮਰੀਕੀ ਸਿਟੀਜ਼ਨਸ਼ਿਪ ਦਿਵਾਉਣ ਲਈ ਇੰਡੀਅਨ ਐਸੋਸੀਏਸ਼ਨ ਆਫ ਅਮਰੀਕਾ ਬਣਾਈ। ਉਹ 1949 ਵਿੱਚ ਪਹਿਲੇ ਭਾਰਤੀ ਸਨ ਜਿਨ੍ਹਾਂ ਨੂੰ ਅਮਰੀਕੀ ਸਿਟੀਜ਼ਨਸ਼ਿਪ ਮਿਲੀ।ਉਨ੍ਹਾਂ ਨੇ ਅਮਰੀਕੀ ਸਿਆਸਤ ਵਿਚ ਹਿੱਸਾ ਲਿਆ ਤੇ ਬਤੌਰ ਕਾਂਗਰਸਮੈਨ ਤਿੰਨ ਵਾਰ ਯੂ.ਐਸ. ਹਾਊਸ ਆਫ਼ ਰੀਪਰੀਜੈਂਟੇਟਿਵ ਦੀ ਚੋਣ ਜਿੱਤੀ। ਛਜਲਵੱਡੀ ਦੇ ਇਸ ਪਰਿਵਾਰ ਵਿੱਚ ਸ. ਕਰਨੈਲ ਸਿੰਘ ਸੌਂਦ ਰੇਲਵੇ ਬੋਰਡ ਦੇ ਚੇਅਰਮੈਨ ਰਹੇ।ਆਪ ਦੇ ਪਿਤਾ ਜੀ ਅਗਾਂਹਵਧੂ ਖਿਆਲਾਂ ਦੇ ਸਨ ਜਿਨ੍ਹਾਂ ਨੇ ਆਪਣੇ ਪਰਿਵਾਰ ਨੂੰ ਪੜਾਇਆ ਲਿਖਾਇਆ ਤੇ ਅਗਾਂਹ ਵਧੂ ਖਿਆਲਾਂ ਵਾਲੇ ਪਰਿਵਾਰਾਂ ਵਿੱਚ ਵਿਆਹਿਆ।ਆਪ ਦੇ ਪਿਤਾ ਦੇ ਨਾਂ ਤੇ ਜੀ.ਟੀ. ਟਾਂਗਰਾ ਤੇ ਸਕੂਲ ਚੱਲ ਰਿਹਾ ਹੈ।ਡਾ. ਇਕਬਾਲ ਕੌਰ ਅੱਜ ਭਾਵੇਂ ਸਾਡੇ ਵਿੱਚ ਨਹੀਂ ਰਹੇ ਪਰ ਉਨ੍ਹਾਂ ਵਲੋਂ ਪੰਜਾਬੀ ਸਾਹਿਤ ਤੇ ਸਮਾਜ ਭਲਾਈ ਲਈ ਕੀਤੇ ਕੰਮਾਂ ਲਈ ਹਮੇਸ਼ਾਂ ਯਾਦ ਕੀਤਾ ਜਾਂਦਾ ਰਹੇਗਾ।

**ਜਾਰੀ ਕਰਤਾ :- ਡਾ. ਚਰਨਜੀਤ ਸਿੰਘ ਗੁਮਟਾਲਾ, 0019375739812 (ਅਮਰੀਕਾ), ਵਟਸਐਪ :- 919417533060**

# ਭਾਜਪਾ ਵਲੋਂ ਸਾਰੇ ਮੰਡਲਾਂ ਵਿੱਚ ਦੋ ਦਿਨਾਂ ਸਫਾਈ ਅਭਿਆਨ ਦੀ ਹੋਈ ਸ਼ੁਰੂਆਤ

## ਸ੍ਰੀ ਲਕਸ਼ਮੀ ਨਰਾਇਣ ਮੰਦਰ ਤੋਂ ਭਾਜਪਾ ਵਰਕਰਾਂ ਨੇ ਕੀਤੀ ਸਫਾਈ

**ਬੰਗਾ (ਚਰਨਜੀਤ ਸੱਲ੍ਹਾ):-** ਦੇਸ਼ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਦੇ ਪੰਜਾਬ ਆਗਮਨ ਤੋਂ ਪਹਿਲਾ ਪਾਰਟੀ ਦੀ ਹਾਈਕਮਾਂਡ ਦਾ ਆਦੇਸ਼ ਸੀ ਕਿ ਪੰਜਾਬ ਦੇ ਸਾਰੇ ਮੰਡਲਾ ਵਿੱਚ 2 ਦਿਨਾਂ "ਸਫਾਈ ਅਭਿਆਨ" ਚਲਾਇਆ ਜਾਵੇ । ਇਸ ਦੇ ਤਹਿਤ ਅੱਜ ਸਵੇਰੇ 7:00 ਵੱਜੇ ਰੇਲਵੇ ਰੋਡ ਤੇ ਸਥਿਤ ਸ਼੍ਰੀ ਲਕਸ਼ਮੀ ਨਰਾਇਣ ਮੰਦਿਰ ਪੁਰਾਣੀ ਦਾਣਾ ਮੰਡੀ ਬੰਗਾ ਤੋਂ ਇਸ ਦੀ ਸ਼ੁਰੂਆਤ ਕੀਤੀ ਗਈ । ਇਹ "ਸਫਾਈ ਅਭਿਆਨ" ਡਾ ਧਰਮਪਾਲ ਰਿਟਾ ਆਈਏਐਸ ਜਿਨ੍ਹਾਂ ਨੂੰ ਇਸ ਅਭਿਆਨ ਦਾ ਇੰਚਾਰਜ ਲਗਾਇਆ ਗਿਆ ਦੀ ਯੋਗ ਅਗਵਾਈ ਵਿੱਚ ਚਲਾਇਆ ਗਿਆ। ਇਸ ਮੌਕੇ ਪਾਰਟੀ ਦੇ ਅਹੁਦੇਦਾਰਾਂ ਅਤੇ ਵਰਕਰਾਂ ਨੇ ਇਕੱਠੇ ਹੋ ਕੇ ਸ਼੍ਰੀ ਲਕਸ਼ਮੀ ਨਰਾਇਣ ਮੰਦਰ ਦੀ ਮੂਹਰਲੀ ਸੜਕ ਦੀ ਸਫ਼ਾਈ ਕੀਤੀ। ਇਸ ਉਪਰੰਤ ਉਨ੍ਹਾਂ ਨੇ ਮੰਦਰ ਦੇ ਆਸ ਪਾਸ ਅਤੇ ਪਿਛਲੇ ਪਾਸੇ ਦੀ ਸੜਕ ਦੀ ਸਫ਼ਾਈ ਕੀਤੀ ਅਤੇ ਕੂੜੇ ਨੂੰ ਕੂੜੇਦਾਨ ਵਿਚ ਪਾਇਆ। ਇਸ ਉਪਰੰਤ ਇਸਤਰੀ ਸਤਿਸੰਗ ਘਰ ਅਤੇ ਉਸ ਦੇ ਆਸ ਪਾਸ ਸੜਕਾਂ ਦੀ ਵੀ ਮੁਕੰਮਲ ਸਫਾਈ



ਕੀਤੀ ਗਈ। ਭਾਜਪਾ ਵਰਕਰਾਂ ਵਿੱਚ ਸਫਾਈ ਅਭਿਆਨ ਪ੍ਰਤੀ ਪੂਰਾ ਉਤਸ਼ਾਹ ਦੇਖਣ ਨੂੰ ਮਿਲਿਆ। ਵਰਕਰਾਂ ਅਤੇ ਅਹੁਦੇਦਾਰਾਂ ਨੇ ਇੱਕ ਦੂਜੇ ਤੋਂ ਮੂਹਰੇ ਹੋ ਕੇ ਇਸ "ਸਫਾਈ ਅਭਿਆਨ" ਵਿਚ ਆਪਣਾ ਬਣਦਾ ਯੋਗਦਾਨ ਪਾਇਆ। ਇਸ ਮੌਕੇ ਸਫਾਈ ਅਭਿਆਨ ਦੇ ਇੰਚਾਰਜ ਡਾ ਧਰਮਪਾਲ ਰਿਟਾ ਆਈਏਐਸ ਨੇ ਕਿਹਾ ਕਿ ਸਾਨੂੰ ਸਭ ਨੂੰ ਪਾਰਟੀਬਾਜੀ ਤੋਂ ਉੱਪਰ ਉੱਠ ਕੇ ਸ਼ਹਿਰ ਅਤੇ ਆਸ ਪਾਸ ਦੇ ਪਿੰਡਾਂ ਵਿਚ "ਸਫਾਈ ਅਭਿਆਨ" ਚਲਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਹਿਲਾਂ ਵੀ ਪੂਰੇ ਦੇਸ਼ ਵਿੱਚ "ਸਫਾਈ ਅਭਿਆਨ" ਚਲਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਸੀ। ਉਨ੍ਹਾਂ ਖੁਦ ਵੀ "ਸਫਾਈ ਅਭਿਆਨ" ਵਿਚ ਹਿੱਸਾ ਲੈਕੇ ਦੇਸ਼ ਵਾਸੀਆਂ ਨੂੰ ਸਫਾਈ ਪ੍ਰਤੀ ਸੰਦੇਸ਼ ਦਿੱਤਾ ਸੀ। ਡਾ ਧਰਮਪਾਲ ਨੇ ਦੱਸਿਆ ਕਿ ਇਹ ਅਭਿਆਨ ਕੱਲ੍ਹ ਵੀ ਜਾਰੀ ਰਹੇਗਾ। ਇਸ ਮੌਕੇ ਸੰਜੀਵ ਭਾਰਦਵਾਜ ਸਾਬਕਾ ਜ਼ਿਲ੍ਹਾ ਪ੍ਰਧਾਨ ਨੇ ਕਿਹਾ ਕਿ ਸ਼ਹਿਰ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਸਫਾਈ ਅਭਿਆਨ ਵਿਚ ਹਿੱਸਾ ਲੈਣਾ ਚਾਹੀਦਾ ਹੈ। ਇਸ ਮੌਕੇ ਸਫਾਈ ਅਭਿਆਨ ਇੰਚਾਰਜ ਡਾ ਧਰਮਪਾਲ ਰਿਟਾ ਆਈਏਐਸ, ਸੰਜੀਵ ਭਾਰਦਵਾਜ ਸਾਬਕਾ ਜ਼ਿਲ੍ਹਾ ਪ੍ਰਧਾਨ, ਡਾ ਨਰੇਸ਼ ਰਾਵਲ ਮੰਡਲ ਪ੍ਰਧਾਨ ਬੰਗਾ, ਡਿੰਪਲ ਭਾਰਦਵਾਜ ਜ਼ਿਲ੍ਹਾ ਜਨਰਲ ਸਕੱਤਰ, ਸੁਦੇਸ਼ ਸ਼ਰਮਾ, ਸਪਰਸ਼ ਹਰੀਸ਼, ਵਿਕਾਸ ਗੁਪਤਾ, ਰਵੀ ਬੰਗਾ ਆਦਿ ਵੀ ਹਾਜਰ ਸਨ।

# ਸ਼ਹਿਰ ਦੀ ਹਵਾ ਨੂੰ ਦੂਸ਼ਿਤ ਕਰਦੀ ਗੈਰ-ਕਾਨੂੰਨੀ ਮੱਛੀ ਮਾਰਕੀਟ ਚੁਕਵਾਈ ਜਾਵੇ - ਪ੍ਰਧਾਨ ਸਤੀਸ਼ ਸੋਨੀ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਵਲੋਂ ਨਗਰ ਕੌਂਸਲ ਦੇ ਨਵਨਿਯੁਕਤ ਪ੍ਰਧਾਨ ਸੋਮਨਾਥ ਬੰਗੜ ਜੀ ਸ਼ਹਿਰ ਦੁਆਰਾ ਲਏ ਲਿਫ਼ਾਫ਼ਿਆਂ ਤੇ ਪਾਬੰਧੀ ਲਗਾਉਣ ਦੇ ਫੈਂਸਲੇ ਦਾ ਸਵਾਗਤ ਕੀਤਾ ਗਿਆ। ਇਸ ਸਬੰਧੀ ਪ੍ਰੈਸ ਨੂੰ ਦਿੱਤੇ ਇੱਕ ਬਿਆਨ 'ਚ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਦੇ ਸੰਸਥਾਪਕ ਪ੍ਰਧਾਨ ਸਤੀਸ਼ ਕੁਮਾਰ ਸੋਨੀ ਨੇ ਕਿਹਾ ਕਿ ਨਗਰ ਕੌਂਸਲ ਦੇ ਪ੍ਰਧਾਨ ਸ਼੍ਰੀ ਸੋਮਨਾਥ ਬੰਗੜ ਨੇ ਸ਼ਹਿਰ ਨੂੰ ਸੋਹਣਾ ਅਤੇ ਸਵਸਥ ਬਣਾਉਣ ਦੀ ਮੁਹਿੰਮ ਚਲਾਈ ਹੈ। ਉਹ ਬਹੁਤ ਹੀ ਸ਼ਲਾਘਾਯੋਗ ਕਾਰਜ ਹੈ ਅਤੇ ਨਗਰ ਕੌਂਸਲ ਗੜ੍ਹਸ਼ੰਕਰ ਦੀ ਹਦੂਦ ਅੰਦਰ ਲਿਫ਼ਾਫ਼ਿਆਂ ਤੇ ਪੂਰਨ ਤੌਰ ਤੇ ਪਾਬੰਦੀ ਲਗਾਉਣ ਦਾ ਫੈਂਸਲਾ ਇਸ ਮੁਹਿੰਮ ਨੂੰ ਹੋਰ ਵੀ ਚਾਰ ਚੰਦ ਲਗਾਉਂਦਾ ਹੈ। ਅਸੀਂ ਇਸ ਫੈਂਸਲੇ ਦਾ ਸਮਰਥਨ ਕਰਦੇ ਹਾਂ ਅਤੇ ਪ੍ਰਧਾਨ ਜੀ ਨੂੰ ਇਹ ਆਸ ਵੀ ਕਰਦੇ ਹਾਂ ਕਿ ਪ੍ਰਧਾਨ ਜੀ ਨੂੰ ਇਸ ਫੈਂਸਲੇ ਨੂੰ ਪੂਰੀ ਸਖ਼ਤੀ ਨਾਲ ਲਾਗੂ ਕਰਨਾ



ਚਾਹੀਦਾ ਹੈ ਅਤੇ ਸਾਰੇ ਦੁਕਾਨਦਾਰ ਭਰਾਵਾਂ ਨੂੰ ਵੀ ਇਸ ਫੈਂਸਲੇ 'ਚ ਨਗਰ ਕੌਂਸਲ ਪ੍ਰਸ਼ਾਸ਼ਨ ਦਾ ਸਾਥ ਦੇਣਾ ਚਾਹੀਦਾ ਹੈ। ਸੁਸਾਇਟੀ ਪ੍ਰਧਾਨ ਸਤੀਸ਼ ਕੁਮਾਰ ਸੋਨੀ ਨੇ ਕਿਹਾ ਕਿ ਅਸੀਂ ਪ੍ਰਧਾਨ ਜੀ ਅਤੇ ਉਹਨਾਂ ਦੀ ਸਮੁੱਚੀ ਟੀਮ ਦਾ ਧਿਆਨ ਇਕ ਹੋਰ ਸਮੱਸਿਆ ਵਲ੍ਹ ਲਿਆਉਣਾ ਚਾਹੁੰਦੇ ਹਾਂ ਜੋ ਕਿ ਸ਼ਹਿਰ ਦੀ ਸੁੰਦਰਤਾ ਉਪਰ ਦਾਗ਼ ਦੀ ਤਰ੍ਹਾਂ ਹੈ। ਉਹ ਇਹ ਕਿ ਬੰਗਾ ਰੋਡ ਤੇ ਬੱਸ ਸਟੈਂਡ ਦੇ ਨਜਦੀਕ ਗੈਰ-ਕਾਨੂੰਨੀ ਮੱਛੀ ਮਾਰਕੀਟ ਬਣੀ ਹੋਈ ਹੈ। ਉਸ ਨਾਲ ਸੜਕ ਤੇ ਗੰਦਗੀ ਅਤੇ ਬਦਬੂ ਫੈਲਦੀ ਹੈ ਜੋਂ ਕਿ ਹਵਾ ਨੂੰ ਪ੍ਰਦੂਸ਼ਿਤ ਕਰਦੀ ਹੈ। ਜਿਸ ਨਾਲ ਰਾਹਗੀਰਾਂ ਅਤੇ ਅੰਮ੍ਰਿਤਸਰ ਅਤੇ ਜਲੰਧਰ ਜਾਣ ਲਈ ਬੱਸ ਦੀ ਉਡੀਕ ਕਰਦੀਆਂ ਸਵਾਰੀਆਂ ਨੂੰ ਸਾਹ ਲੈਣ 'ਚ ਬਹੁਤ ਹੀ ਮੁਸ਼ਕਿਲ ਆਉਂਦੀ ਹੈ। ਉਹਨਾਂ ਕਿਹਾ ਕਿ ਆਮ ਪਬਲਿਕ ਦੀ ਇਸ ਸਮੱਸਿਆਂ ਦੇ ਮੱਦੇਨਜਰ ਅਸੀ ਮੰਗ ਕਰਦੇ ਹਾਂ ਕਿ ਇਸ ਗੈਰ-ਕਾਨੂੰਨੀ ਮੱਛੀ ਮਾਰਕੀਟ ਨੂੰ ਇਥੋਂ ਚੁਕਾਇਆ ਜਾਵੇ ਤਾਂ ਜੋ ਆਉਣ ਜਾਣ ਵਾਲਿਆ ਨੂੰ ਸਾਡੇ ਸ਼ਹਿਰ ਦਾ ਸਕੂਨ ਭਰਿਆ ਸਾਫ ਵਾਤਾਵਰਨ ਮਿਲ ਸਕੇ।

# ਪੰਜਾਬ ਮੰਡੀ ਬੋਰਡ ਫੀਲਡ ਇੰਪਲਾਈਜ ਯੂਨੀਅਨ ਦੀ ਚੋਣ ਸਰਬਸੰਮਤੀ ਨਾਲ ਹੋਈ

**ਨਵਾਂਸ਼ਹਿਰ 15 ਜੁਲਾਈ (ਚਰਨਜੀਤ ਸੱਲ੍ਹਾ )** ਅੱਜ ਮਿਤੀ 15,7,2026 ਨੂੰ ਪੰਜਾਬ ਮੰਡੀ ਬੋਰਡ ਫੀਲਡ ਇੰਪਲਾਈਜ ਯੂਨੀਅਨ ਦੀ ਚੋਣ ਸਰਬਸੰਮਤੀ ਸ਼ਹੀਦ ਭਗਤ ਸਿੰਘ ਨਗਰ ਡਿਵੀਜ਼ਨ ਦਫਤਰ ਵਿਖੇ ਕੀਤੀ ਗਈ ਇਸ ਮੀਟਿੰਗ ਵਿੱਚ ਸੂਬਾ ਸਰਪ੍ਰਸਤ ਖੁਸ਼ਵੰਤ ਸਿੰਘ ਬਾਜਵਾ ਲੁਧਿਆਣਾ, ਵਿਸੇਸ਼ ਤੌਰ ਤੇ ਪਹੁੰਚੇ, ਇਸ ਮੀਟਿੰਗ ਵਿੱਚ ਹਰਜਿੰਦਰ ਬੰਗਾ ਜ਼ਿਲ੍ਹਾ ਪ੍ਰਧਾਨ,ਮੀਤ ਪ੍ਰਧਾਨ ਸਤਨਾਮ ਸਿੰਘ, ਜਰਨਲ ਸਕੱਤਰ ਅਮਨਦੀਪ ਕੁਮਾਰ, ਖਜਾਨਚੀ ਸਿਕੰਦਰ ਲਾਲ, ਪ੍ਰੈਸ ਸਕੱਤਰ ਮਮਤਾ ਦੇਵੀ, ਸਲਾਹਕਾਰ ਰਾਜ ਕੁਮਾਰ, ਕਾਰਜਕਾਰੀ ਮੈਂਬਰ ਅਮਨਦੀਪ ਰਾਮ, ਕਾਰਜਕਾਰੀ ਮੈਂਬਰ ਮੰਗਲ ਰਾਮ,ਕਾਰਜਕਾਰੀ ਮੈਂਬਰ ਮੋਹਨ, ਇਸ ਦੌਰਾਨ ਅਹੁਦੇਦਾਰ ਦੀ ਚੋਣ ਕੀਤੀ ਗਈ! ਇਸ ਮੀਟਿੰਗ ਵਿੱਚ ਪੰਜਾਬ ਮੰਡੀ ਬੋਰਡ ਦੀ ਮੈਨੇਜਮੈਂਟ ਤੋਂ ਮੰਗ ਕੀਤੀ ਗਈ ਕਿ ਵਿੰਗ ਸਾਈਡ, ਡੀ.ਐਮ,ਉ ਦਫਤਰਾ ਅਤੇ ਮਾਰਕੀਟ ਕਮੇਟੀ ਦਫਤਰਾਂ ਸਿਵਿਲ ਵਿੰਗ ਜਨ



ਸਿਹਤ ਵਿੰਗ ਬਿਜਲੀ ਵਿੰਗ ਵਿੱਚੋਂ ਕੰਮ ਕਰਦੇ ਕੱਚੇ ਕਰਮਚਾਰੀ ਰੈਗੂਲਰ ਕੀਤਾ ਜਾਵੇ, ਕੱਚੇ ਕਰਮਚਾਰੀਆਂ ਨੂੰ ਓ.ਸ਼ੀ ਨੰਬਰ ਅਤੇ ਈ.ਪੀ.ਐਫ ਨੰਬਰ ਕੀਤਾ ਜਾਣ, ਕੱਚੇ ਕਰਮਚਾਰੀਆਂ ਦੀ ਸਰਕਾਰ ਵੱਲੋਂ ਵਧਾਈ ਗਈ 15% ਤਨਖਾਹ ਰਲੀਜ਼ ਕੀਤੀ ਜਾਵੇ ਅਤੇ 2004 ਤੋਂ ਬਾਅਦ ਹੋਈ ਭਰਤੀ ਕਰਮਚਾਰੀ ਜੀ ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ, ਰਿਵਰਟ ਕੀਤੇ 24 ਇਲੈਕਟ੍ਰੀਸ਼ਨਾ ਨੂੰ 2011 ਤੋਂ ਬਹਾਲ ਕੀਤਾ ਜਾਵੇ, ਸੁਪਰਵਾਈਜ਼ਰ ਕੈਟਾਗਰੀ ਕੋਟੇ ਦੀਆਂ ਖਾਲੀ ਪਈਆਂ ਪੋਸਟਾਂ ਤੇ ਹੈਲਪਰਾ ਨੂੰ ਪਦ ਉਨਤ ਕੀਤਾ ਜਾਵੇ, ਮੁਲਾਜ਼ਮਾ ਦਾ ਸਰਕਾਰ ਵੱਲੋਂ ਰੋਕਿਆ ਗਿਆ 18% ਡੀ ਏ ਰਿਲੀਜ ਕੀਤਾ ਜਾਵੇ,ਠੇਕੇਦਾਰ ਵੱਲੋਂ ਮੰਡੀਆਂ ਵਿੱਚ ਰੱਖੇ ਹੋਏ ਕਰਮਚਾਰੀਆਂ ਦਾ ਸ਼ੋਸ਼ਣ ਬੰਦ ਕੀਤਾ ਜਾਵੇ, ਲਾਸਟ ਤੇ ਯੂਨੀਅਨ ਨੇ ਮੰਡੀ ਬੋਰਡ ਦੀ ਮੈਨੇਜਮੈਂਟ ਤੋਂ ਆਸ ਪ੍ਰਗਟਾਈ ਕਿ ਕਰਮਚਾਰੀਆਂ ਦੀਆਂ ਮੰਗਾਂ ਪਿਛਲੇ ਸਮੇਂ ਤੋਂ ਲਟਕਦੀਆ ਦੀਆਂ ਆ ਰਹੀਆਂ ਹਨ, ਇਸ ਮੀਟਿੰਗ ਵਿੱਚ ਦਿ ਆਗੂ ਹਾਜ਼ਰ ਹੋਏ। ਇਸ ਸਮੇਂ ਅਸ਼ੋਕ ਕੁਮਾਰ ਨਵਾਂਸ਼ਹਿਰ, ਨਿਤਿਨ, ਕਮਲ,ਸਤਪਾਲ ਸਿੰਘ ਮੋਹਾਲੀ,ਮੋਹਣ ਲਾਲ ਮਾਹਲਪੁਰ, ਅਜੇ ਕੁਮਾਰ,ਮੈਡਮ ਸੁਜਾਤਾ, ਅਮਨਦੀਪ ਕੌਰ ਅਤੇ ਮਮਤਾ ਦੇਵੀ ਆਦਿ ਹਾਜ਼ਰ ਸਨ।

# ਸੁਖਦੀਪ ਸਿੰਘ ਅੱਪਰਾ ਮਾਰਕੀਟ ਕਮੇਟੀ ਫਿਲੌਰ ਦੇ ਚੇਅਰਮੈਨ ਨਿਯੁਕਤ



**ਫਿਲੌਰ/ਅੱਪਰਾ, 15 ਜੁਲਾਈ (ਦੀਪਾ)–** ਪੰਜਾਬ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ ਸਰਦਾਰ ਸੁਖਦੀਪ ਸਿੰਘ ਅੱਪਰਾ ਨੂੰ ਮਾਰਕੀਟ ਕਮੇਟੀ ਫਿਲੌਰ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਇਹ ਨਿਯੁਕਤੀ ਪੱਤਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਸਾਂਝਾ ਕੀਤਾ ਗਿਆ ਹੈ।

ਸੁਖਦੀਪ ਸਿੰਘ ਅੱਪਰਾ ਆਮ ਆਦਮੀ ਪਾਰਟੀ ਦੇ ਫਾਊਂਡਰ ਮੈਂਬਰਾਂ ਵਿੱਚੋਂ ਇੱਕ ਹਨ ਅਤੇ ਪਾਰਟੀ ਲਈ ਲੰਬੇ ਸਮੇਂ ਤੋਂ ਸਰਗਰਮ ਸੇਵਾਵਾਂ ਨਿਭਾ ਰਹੇ ਹਨ। ਉਹ ਪੰਜਾਬ ਦੇ ਜਨਰਲ ਸਕੱਤਰ, ਲੋਕ ਸਭਾ ਇੰਚਾਰਜ ਅਤੇ ਹਲਕਾ ਫਿਲੌਰ ਦੇ ਪਹਿਲੇ ਹਲਕਾ ਇੰਚਾਰਜ ਵਜੋਂ ਵੀ ਆਪਣੀਆਂ ਜ਼ਿੰਮੇਵਾਰੀਆਂ ਨਿਭਾ ਚੁੱਕੇ ਹਨ। ਪਾਰਟੀ ਪ੍ਰਤੀ ਉਨ੍ਹਾਂ ਦੀ ਨਿਸ਼ਠਾ ਅਤੇ ਯੋਗਦਾਨ ਨੂੰ ਧਿਆਨ ਵਿੱਚ ਰੱਖਦਿਆਂ ਉਨ੍ਹਾਂ ਨੂੰ ਇਹ ਅਹਿਮ ਜ਼ਿੰਮੇਵਾਰੀ ਸੌਂਪੀ ਗਈ ਹੈ।

ਇਸ ਮੌਕੇ ਹਲਕਾ ਫਿਲੌਰ ਦੀ ਇੰਚਾਰਜ ਮੈਡਮ ਹਰਜੋਤ ਕੌਰ ਲੋਹਟੀਆ, ਪਾਰਟੀ ਦੇ ਅਹੁਦੇਦਾਰਾਂ ਅਤੇ ਵਰਕਰਾਂ ਨੇ ਸੁਖਦੀਪ ਸਿੰਘ ਅੱਪਰਾ ਨੂੰ ਵਧਾਈ ਦਿੱਤੀ, ਨਾਲ ਹੀ ਪਾਰਟੀ ਹਾਈਕਮਾਂਡ, ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ।

# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਸਬੰਧੀ ਬੰਗਾ ਵਿਖੇ 23 ਜੁਲਾਈ ਨੂੰ ਹੋਵੇਗਾ ਕੀਰਤਨ ਦਰਬਾਰ

## ਡਿਪਟੀ ਕਮਿਸ਼ਨਰ ਨੇ ਕੀਰਤਨ ਦਰਬਾਰ ਦੇ ਪ੍ਰਬੰਧਾਂ ਦਾ ਲਿਆ ਜਾਇਜ਼ਾ, ਅਧਿਕਾਰੀਆਂ ਨੂੰ ਢੁਕਵੇਂ ਪ੍ਰਬੰਧ ਕਰਨ ਦੇ ਦਿੱਤੇ ਨਿਰਦੇਸ਼

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪੰਜਾਬ ਸਰਕਾਰ ਵੱਲੋਂ ਸੂਬੇ ਭਰ ਵਿੱਚ ਜ਼ਿਲ੍ਹਾ ਪੱਧਰੀ ਕੀਰਤਨ ਦਰਬਾਰ ਕਰਵਾ ਕੇ ਲੋਕਾਂ ਨੂੰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ, ਫਲਸਫੇ ਅਤੇ ਮਹਾਨ ਉਪਦੇਸ਼ਾਂ ਬਾਰੇ ਜਾਣਕਾਰੀ ਦੇਣਾ ਹੈ। ਇਸੇ ਕੜੀ ਤਹਿਤ ਜਿਲਾ ਸ਼ਹੀਦ ਭਗਤ ਸਿੰਘ ਨਗਰ, ਬੰਗਾ ਵਿਖੇ 23 ਜੁਲਾਈ ਨੂੰ ਜ਼ਿਲ੍ਹਾ ਪੱਧਰੀ ਕੀਰਤਨ ਦਰਬਾਰ ਕਰਵਾਇਆ ਜਾਵੇਗਾ। ਇਸ ਸਬੰਧੀ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਅੱਜ ਬੰਗਾ ਵਿਖੇ ਪਹੁੰਚ ਕੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਡਿਪਟੀ ਕਮਿਸ਼ਨਰ ਨੇ ਸਮਾਗਮ ਵਾਲੀ ਥਾਂ ਦਾ ਦੌਰਾ ਕਰਕੇ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਕੀਰਤਨ ਦਰਬਾਰ ਵਿੱਚ ਸ਼ਾਮਲ ਹੋਣ ਵਾਲੀਆਂ ਸੰਗਤਾਂ ਲਈ ਸਾਰੇ ਲੋੜੀਂਦੇ ਪ੍ਰਬੰਧ ਸਮੇਂ ਸਿਰ ਮੁਕੰਮਲ ਕੀਤੇ ਜਾਣ। ਉਨ੍ਹਾਂ ਕਿਹਾ ਕਿ ਪਾਰਕਿੰਗ, ਪੀਣ ਵਾਲੇ ਪਾਣੀ, ਬੈਠਣ, ਲਾਈਟਾਂ, ਸਾਊਂਡ



ਸਿਸਟਮ, ਮੈਡੀਕਲ ਟੀਮਾਂ ਅਤੇ ਐਂਬੂਲੈਂਸ ਦੀ ਸਹੂਲਤ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ। ਸਮਾਗਮ ਵਾਲੇ ਦਿਨ ਟ੍ਰੈਫਿਕ ਦੀ ਸੁਚਾਰੂ ਵਿਵਸਥਾ ਲਈ ਪੁਲਿਸ ਪ੍ਰਬੰਧ ਵੀ ਪੁਖਤਾ ਕੀਤੇ ਜਾਣ ਅਤੇ ਨਾਲ ਹੀ ਸਫਾਈ ਅਤੇ ਸੈਨੀਟੇਸ਼ਨ ਦੇ ਪੁਖਤਾ ਪ੍ਰਬੰਧ ਕੀਤੇ ਜਾਣ ਤਾਂ ਜੋ ਸੰਗਤਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਨਾ ਆਵੇ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਸਮਾਨਤਾ, ਭਾਈਚਾਰੇ ਅਤੇ ਸਮਾਜਿਕ ਨਿਆਂ ਦਾ ਸੰਦੇਸ਼ ਦਿੱਤਾ ਸੀ। ਉਨ੍ਹਾਂ ਸਮੂਹ ਧਾਰਮਿਕ, ਸਮਾਜਿਕ ਅਤੇ ਸਵੈ-ਸੇਵੀ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਉਹ ਇਸ ਪਵਿੱਤਰ ਸਮਾਗਮ ਨੂੰ ਸਫਲ ਬਣਾਉਣ ਲਈ ਪ੍ਰਸ਼ਾਸਨ ਦਾ ਸਹਿਯੋਗ ਕਰਨ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਸੰਜੀਵ ਸ਼ਰਮਾ, ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਅਵਨੀਤ ਕੌਰ, ਐਸ.ਡੀ.ਐਮ. ਬੰਗਾ ਵਿਪਨ ਭੰਡਾਰੀ, ਸਹਾਇਕ ਕਮਿਸ਼ਨਰ ਜਨਰਲ ਰਮਨਜੀਤ, ਪੁਲਿਸ ਅਧਿਕਾਰੀ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਵਿਧਾਇਕ ਸੰਤੋਸ਼ ਕਟਾਰੀਆ ਨੇ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਨੂੰ ਵੰਡੇ ਨਿਯੁਕਤੀ ਪੱਤਰ

**ਬਲਾਚੌਰ (ਸਤਨਾਮ ਸਿੰਘ ਸਹੂੰਗੜਾ)** ਬਲਾਕ ਬਲਾਚੌਰ ਅਧੀਨ ਚੱਲ ਰਹੇ ਆਂਗਨਵਾੜੀ ਸੈਂਟਰਾ ਵਿਖੇ ਖਾਲੀ ਆਂਗਨਵਾੜੀ ਵਰਕਰਾਂ, ਹੈਲਪਰਾ ਦੀਆ ਪੋਸਟਾ ਲਈ ਵਿਧਾਇਕ ਹਲਕਾ ਬਲਾਚੌਰ ਸੰਤੋਸ਼ ਕਟਾਰੀਆ ਵਲੋਂ ਆਂਗਨਵਾੜੀ ਵਰਕਰਾਂ ਅਤੇ ਹੈਲਪਰਾ ਨੂੰ ਨਿਯੁਕਤੀ ਪੱਤਰ ਵੰਡੇ ਗਏ। ਵਿਧਾਇਕ ਸੰਤੋਸ਼ ਕਟਾਰੀਆ ਨੇ ਨਵਨਿਯੁਕਤ ਆਂਗਨਵਾੜੀ ਵਰਕਰਾ ਤੇ ਹੈਲਪਰਾ ਨੂੰ ਕਿਹਾ ਕਿ ਉਹ ਆਪਣੀ ਡਿਊਟੀ ਇਮਾਨਦਾਰੀ, ਮਿਹਨਤ ਅਤੇ ਲਗਨ ਨਾਲ ਕਰਨ ਨੂੰ ਯਕੀਨੀ ਬਣਾਉਣ। ਉਹਨਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲਗਾਤਾਰ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਇਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਵਿਕਾਸ ਵਿੱਚ ਕੋਈ ਵੀ ਕਸਰ ਬਾਕੀ ਨਹੀਂ ਛੱਡੀ ਜਾ



ਰਹੀ ਹੈ। ਇਸ ਮੌਕੇ ਤੇ ਸ਼੍ਰੀ ਪੂਰਨ ਪੰਕਜ਼ ਸ਼ਰਮਾ, ਬਾਲ ਵਿਕਾਸ ਪ੍ਰੋਜੈਕਟ ਅਫਸਰ, ਬਲਾਚੌਰ ਵੱਲੋਂ ਦੱਸਿਆ ਗਿਆ ਕਿ ਅੱਜ ਬਲਾਕ ਅਧੀਨ 12 ਆਂਗਨਵਾੜੀ ਵਰਕਰਾ ਅਤੇ 20 ਆਂਗਨਵਾੜੀ ਹੈਲਪਰਾ ਨੂੰ ਨਿਯੁਕਤੀ ਪੱਤਰਾ ਦੀ ਵੰਡ ਕੀਤੀ ਗਈ ਹੈ। ਉਨ੍ਹਾ ਇਹ ਵੀ ਦੱਸਿਆ ਕਿ ਖਾਲੀ ਪੋਸਟਾ ਤੇ ਨਿਯੁਕਤੀਆ ਹੋਣ ਨਾਲ ਸਬੰਧਿਤ ਪਿੰਡਾ ਦੇ ਆਂਗਨਵਾੜੀ ਸੈਂਟਰਾ ਦੀ ਕਾਰਜਕੁਸ਼ਲਤਾ ਵਿੱਚ ਸੁਧਾਰ ਆਉਣ ਨਾਲ ਪਿੰਡਾ ਸ਼ਹਿਰ ਦੇ ਲੋਕਾ ਨੂੰ ਵਿਭਾਗੀ ਸਕੀਮਾ ਦਾ ਲਾਭ ਪ੍ਰਭਾਵਸ਼ਾਲੀ ਤਰੀਕੇ ਨਾਲ ਦਵਾਇਆ ਜਾ ਸਕੇਗਾ।ਇਸ ਮੌਕੇ ਤੇ ਸ਼੍ਰੀ ਸੰਦੀਪ ਕੁਮਾਰ, ਕਲਰਕ, ਸ਼੍ਰੀਮਤੀ ਅੰਜਲੀ, ਸ਼੍ਰੀਮਤੀ ਪਰਮਜੀਤ ਕੌਰ, ਸ਼੍ਰੀਮਤੀ ਹਰਸ਼ਬਾਲਾ, ਸ਼੍ਰੀਮਤੀ ਨੀਲਮ ਕੁਮਾਰੀ, ਸੁਪਰਵਾਈਜ਼ਰ ਹਾਜ਼ਰ ਸਨ।

# ਬੰਦੇ ਲਈ ਨਿੱਤ ਨਵਾਂ ਸੁਨੇਹਾ

ਏਥੇ ਹਰ ਸ਼ੈਅ ਕੁਦਰਤ ਦੀ ਹੈ ,
ਕੁੱਝ ਨਾ ਤੇਰਾ ਨਾ ਮੇਰਾ ।
ਤੇਰੇ ਮੱਥੇ ਦੇ ਵਿੱਚ ਚਾਨਣ ,
ਤੂੰ ਡਰ ਨਾ ਵੇਖ ਕੇ ਨ੍ਹੇਰਾ ।
ਦੁਨੀਆਂ ਕਿੱਥੋਂ ਕਿੱਥੇ ਪਹੁੰਚੀ ,
ਐਪਰ ਤੂੰ ਖੜ੍ਹਾ ਏਂ ਕਿੱਥੇ ;
ਰੋਜ਼ ਹੀ ਨਵਾਂ ਸਵੇਰਾ ਲੈ ਕੇ ,
ਆਉਂਦਾ ਏ ਸੁਰਖ਼ ਸਵੇਰਾ ।



**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ**
**ਜ਼ਿਲ੍ਹਾ ਸੰਗਰੂਰ ।**
9914836037

## " ਪਿੰਡ "

ਕਦੇ ਪਿੰਡ ਚੇਤੇ ਆਉਂਦਾ ਕਦੇ ਮਾਂ ਚੇਤੇ ਆਉਂਦੀ,
ਜਿੱਥੇ ਯਾਰਾਂ ਨਾਲ ਬੈਠੇ ਉਹ ਥਾਂ ਚੇਤੇ ਆਉਂਦੀ।
ਵੇਖਾਂ ਤੂਤ,ਨਿੰਮ,ਟਾਹਲੀ, ਲੱਭਾ ਮੌਜ਼ ਪਿੰਡ ਵਾਲੀ,
ਠੰਡੀ ਬੋਹੜ੍ਹਾ ਵਾਲੀ ਮੈਨੂੰ, ਉਹ ਛਾਂ ਚੇਤੇ ਆਉਂਦੀ,
ਜਿਹੜੀ ਛੱਡ ਪਿੰਡ ਆਏ,ਹਰ ਥਾਂ ਚੇਤੇ ਆਉਂਦੀ,
ਉਹ ਤਾਂ ਯਾਦਾਂ ਚੁ ਸਮਾਈ, ਖੌਰੇ ਤਾਂ ਚੇਤੇ ਆਉਂਦੀ,
ਉਹ ਸੱਥ, ਸ਼ਾਮਲਾਟ, ਤੇ ਗਰਾਊਂਡ ਪਿੰਡ ਵਾਲੀ,
ਜਿੱਥੇ ਯਾਰਾਂ ਨਾਲ ਖੇਡੇ, ਹਰ ਥਾਂ ਚੇਤੇ ਆਉਂਦੀ,
ਜਾਂਦੇ ਰੋਜ਼ ਸੀ ਸਕੂਲੇ, ਕਦੇ ਪੜ੍ਹ, ਲੜ੍ਹ ਆਉਂਦੇ,
ਜਿੱਥੇ ਲਾਉਂਦੇ ਸੀ ਗੇ ਨਾਕੇ,ਹਰ ਥਾਂ ਚੇਤੇ ਆਉਂਦੀ,
ਪਿੰਡ ਵਾਲੇ ਮੋੜ ਚਾਰੇ, ਕਦੇ ਜਾਂਦੇ ਨਾ ਵਿਸਾਰੇ,
ਜਿਹੜੀ ਪਿੰਡ ਉਹਦੇ ਜਾਂਦੀ, ਉਹ ਰਾਹ ਚੇਤੇ ਆਉਂਦੀ।
ਭੁੱਲੇ ਹੋਲੀ ਨਾ ਦਿਵਾਲੀ, ਲੋਹੜੀ ਯਾਰਾਂ ਨਾਲ ਬਾਲ੍ਹੀ,
ਘਰਵਾਲੀ! ਘਰ ਬੈਠੀ, ਬੇ-ਪਨਾਹ ਚੇਤੇ ਆਉਂਦੀ,
ਭਾਈਆਂ ਜਿਹੇ ਯਾਰ ਵੈਲ੍ਹੀ, ਕੱਚਾ ਕੋਠਾ ਸੀ ਹਵੇਲੀ,
ਜਿਹੜੀ ਬਾਪੂ ਮੈਨੂੰ ਦਿੰਦਾ, ਉਹ ਸਲਾਹ ਚੇਤੇ ਆਉਂਦੀ,
ਚੱਪਾ ਚੱਪਾ ਪਿੰਡ ਵਾਲਾ,ਇੱਥੇ ਯਾਦ ਆਉਂਦਾ ਵਾਹਲਾ,
ਹਾੜ੍ਹ ਜੇਠ ਦੀਆਂ ਧੁੱਪਾਂ, ਦੀ ਉਹ, ਛਾਂ ਚੇਤੇ ਆਉਂਦੀ
ਉਹ ਤੰਗੀਆਂ ਦਾ ਦੌਰ ,ਜਿਸ ਲਈ ਇੱਥੇ ਆਏ,
ਜੀਹਦੇ ਲਈ ਪਿੰਡ ਛੱਡੇ, ਤਨਖ਼ਾਹ ਚੇਤੇ ਆਉਂਦੀ,
ਸੰਦੀਪ ਬੇਬੇ-ਬਾਪੂ, ਬੜੇ ਅਣਖੀ, ਲੜਾਕੂ,
ਜਿਹੜੀ ਮਾਪਿਆਂ ਨੇ ਦੇਣੀਂ, ਠੰਡੀ ਛਾਂ ਚੇਤੇ ਆਉਂਦੀ,
ਕਦੇ ਪਿੰਡ ਚੇਤੇ ਆਉਂਦਾ ਕਦੇ ਮਾਂ ਚੇਤੇ ਆਉਂਦੀ ,
ਜਿੱਥੇ ਯਾਰਾਂ ਨਾਲ ਬੈਠੇ ਉਹ ਥਾਂ ਚੇਤੇ ਆਉਂਦੀ।




**ਸੰਦੀਪ ਸਿੰਘ 'ਬਖੋਪੀਰ'**
**ਸੰਪਰਕ:- 9815321017**

## ਮਿੱਠੀਆਂ ਉਲ਼ਝਣਾਂ

ਉਹ ਮਿੱਠੀਆਂ ਉਲ਼ਝਣਾਂ,
ਸੁਲ਼ਝਾਉਣ ਦਾ ਆਦੀ ਨਹੀਂ ਹੈ
ਤੇ ਮੈਨੂੰ ਸੋਚ ਕੇ ਨਾਂਹ ਕਰਨ ਦੀ,
ਵਾਦੀ ਨਹੀਂ ਹੈ।
ਉਹਦੀ ਕਨਸੋ ਜਿਹੀ,
ਕੋਹ-ਕਾਫ਼ ਤੋਂ ਅੱਗੇ ਪਈ ਏ।
ਜੀ, ਮੇਰੀ ਧੌਣ ਜਿਸ ਦੀ ਜ਼ਾਤ 'ਤੇ,
ਝੁਕਦੀ ਰਹੀ ਏ।
ਉਹ ਆਪਣਾ ਥਹੁ-ਟਿਕਾਣਾ,
ਇਸ ਤਰ੍ਹਾਂ ਸਮਝਾ ਗਿਆ ਏ।
ਕਿ ਸੱਜੇ ਹੱਥ ਦੇ ਪੋਟੇ 'ਤੇ,
ਕਿਬਲਾ ਵਾਹ ਗਿਆ ਏ।
ਜ਼ਬਰਦਸਤੀ ਹੀ ਉਸ ਦੇ,
ਇਸ਼ਕ ਦੇ ਵਿੱਚ ਪੈ ਗਏ ਨੇ।
ਮੇਰੇ ਸਾਹਾਂ ਦੀ ਤਸਬੀ ਵਿੱਚ,
ਜੋ ਮਣਕੇ ਰਹਿ ਗਏ ਨੇ।
ਕੋਲ਼ ਦਰਗਾਹ ਦੇ ਅੱਜ,
ਘੁੰਗਰੂ ਕੋਈ ਛਣਕਾ ਗਿਆ ਏ।
ਇਨਾਇਤ ਸ਼ਾਹ ਨੂੰ ਫਿਰ,
ਬੁੱਲ੍ਹੇ ਦਾ ਚੇਤਾ ਆ ਗਿਆ ਏ।
ਮੈਂ ਤੇਰੀ ਹਾਕ ਦੀ ਆਜ਼ਾਨ,
ਸੁਣ ਕੇ ਬੋਲਣਾ ਏ।
ਤੇ ਰੋਜ਼ਾ ਇਸ਼ਕ ਦਾ,
ਸਦੀਆਂ ਦੇ ਮਗਰੋਂ ਖੋਲ੍ਹਣਾ ਏ।
ਜੋ ਮੈਨੂੰ ਦਸਮ ਦਰ ਦੀ,
ਧੁਨ ਸੁਣਾਈ ਜਾ ਰਹੀ ਏ।
ਮੇਰੇ ਮਨ ਦੇ ਪਸ਼ੂ ਨੂੰ,
ਨੱਥ ਪਾਈ ਜਾ ਰਹੀ ਏ।
ਅਜੇ ਆਕਾਰ ਦੇ ਵਿੱਚ,
ਢਾਲ਼ਦਾ ਹੈ ਰੀਝ ਲਾ ਕੇ।
ਉਡੀਕੂ ਮਰਹਲਾ ਪੈਰਾਂ ਨੂੰ,
ਇੱਕ ਦਿਨ ਨੀਝ ਲਾ ਕੇ।
ਵੁਜ਼ੂ ਤਾਂ ਹਿਜਰ ਦੇ ਪਾਣੀ ਹੀ,
ਕਰਨਾ ਪੈ ਗਿਆ ਸੀ।
ਮੇਰਾ ਫਿਰ ਜਾਮ-ਏ-ਜ਼ਮਜ਼ਮ ਦਾ,
ਭੁਲੇਖਾ ਲਹਿ ਗਿਆ ਸੀ।
ਸੁਣੋ, ਐ ਸ਼ੇਖ਼! ਮੇਰੇ ਇਸ਼ਕ ਨੂੰ,
ਮਾੜਾ ਨਾ ਬੋਲੋ।
ਪੜ੍ਹਾ ਕੇ ਇਲਮ ਮੇਰੀ,
ਭਟਕਣਾ ਦੇ ਰਾਹ ਨਾ ਖੋਲ੍ਹੋ।
ਅਲਿਫ਼ ਤੋਂ ਬੈਠਣਾ, ਉੱਠਣਾ,
ਤੇ ਮੈਂ ਸਿੱਖਿਆ ਖਲੋਣਾ।
ਮੇਰੇ ਤੇ ਮੀਮ-ਮੁਰਸ਼ਿਦ ਵਿੱਚ,
ਹੁਣ ਪਰਦਾ ਨੀ ਹੋਣਾ।
ਜਿਨ੍ਹਾਂ ਨੇ ਲਾ ਲਿਆ ਸੀ,
ਏਸ ਦੇ ਬੂਹੇ 'ਤੇ ਠਾਣਾ।
ਕਿਸੇ ਬਾਬਰ ਤੇ ਖ਼ਿਲਜੀ ਦਾ,
ਨਾ ਲੱਭਾ ਥਾਂ-ਟਿਕਾਣਾ।
ਬੁਖ਼ਾਰੇ ਤੇ ਹਜ਼ਾਰੇ,
ਏਸ ਨੇ ਨਿਗਲ਼ੇ ਸਬੂਤੇ।
ਕਈ ਹਾਸ਼ਮ ਤੇ ਵਾਰਿਸ,
ਏਸ ਵਿੱਚ ਉਲਝੇ ਕਸੂਤੇ।
ਨਹੀਂ ਜੀ, ਹੁਣ ਨਹੀਂ!
ਇਸ ਚੋਰ ਦੇ ਝਾਂਸੇ 'ਚ ਆਉਣਾ।
ਮਸਾਂ ਦਮ ਮਾਰ ਕੇ,
ਯਾਦਾਂ ਦਾ ਹੈ ਮਲਬਾ ਚੁਕਾਉਣਾ।

**ਰਿਤੂ ਵਾਸੂਦੇਵ**




## 'ਰਵਿਦਾਸ ਜੀ ਦੀ ਰੂਹ ਕੁਰਲਾਉਂਦੀ ਹੋਣੀ'

ਇਕ ਕਹਿੰਦੇ 'ਆਦਿ ਧਰਮ' ਲਿਖਾਉਣਾ ਤੁਸੀਂ,
ਦੂਜੇ ਕਹਿੰਦੇ ਲਿਖਾਓ 'ਰਵਿਦਾਸੀਆ ਧਰਮ' ਜੀ।
ਆਪ ਤਾਂ ਇਹ 'ਦੋ' ਹੋ ਰਹੇ ਨਹੀਂ ਇਕੱਠੇ,
ਸਮਾਜ ਨੂੰ ਜੋੜਨ ਦਾ ਪਾਲ ਰੱਖਿਆ ਭਰਮ ਜੀ।
ਗੁਰੂ 'ਰਵਿਦਾਸ' ਜੀ ਦੀ ਰੂਹ ਕੁਰਲਾਉਂਦੀ ਹੋਣੀ,
ਵੇਖਕੇ ਇਹਨਾਂ ਦਾ ਸਮਾਜ ਜੋੜਨ ਦਾ ਕਰਮ ਜੀ।
ਉਂਝ ਦਿੰਦੇ ਨੇ ਸੰਦੇਸ਼ ਇਹ "ਮਧੁਪ ਮਖੀਰੇ" ਵਾਲਾ,
'ਮੇਜਰ' ਸਮਾਜ ਦੇ ਲੋਕ ਪੈਰ ਸੋਚਕੇ ਧਰਨ ਜੀ।



**ਮੇਜਰ ਸਿੰਘ ਬੁਢਲਾਡਾ**
**94176 42327**



# ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੇ ਬੁੱਤ ਨਾਲ ਸ਼ਰਾਰਤੀ ਅਨਸਰਾਂ ਵੱਲੋਂ ਛੇੜਛਾੜ ਕਰਨ ਤੇ ਦੂਸਰੇ ਦਿਨ ਵੀ ਬਸਪਾ ਵੱਲੋਂ ਧਰਨਾ ਜਾਰੀ

## ਕ੍ਰਾਂਤੀਕਾਰੀ ਸੰਤ ਕ੍ਰਿਸ਼ਨ ਨਾਥ ਨੇ ਵੀ ਧਰਨੇ ਵਿੱਚ ਸ਼ਮੂਲੀਅਤ ਕੀਤੀ







**ਲੁਧਿਆਣਾ 15 ਜੁਲਾਈ (ਚਰਨਜੀਤ ਸੱਲ੍ਹਾ )** ਅੱਜ ਦੂਸਰੇ ਦਿਨ ਵੀ ਬਸਪਾ ਵੱਲੋਂ ਲੁਧਿਆਣਾ ਬਾਈਪਾਸ ਤੇ ਧਰਨਾ ਜਾਰੀ ਰੱਖਿਆ ਕਿਸੇ ਸ਼ਰਾਰਤੀ ਅਨਸਰਾਂ ਨੇ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੇ ਬੁੱਤ ਨੂੰ ਕਵਰ ਕਰਨ ਵਾਲਾ ਸ਼ੀਸ਼ੇ ਦੀ ਭੰਨਤੋੜ ਕੀਤੀ ਹੈ। ਕੱਲ੍ਹ ਪੰਜਾਬ ਪੁਲਿਸ ਨੇ ਬਸਪਾ ਨੇਤਾਵਾਂ ਨੂੰ ਅੰਦਰ ਕਰ ਲਿਆ ਸੀ ਬਾਅਦ ਵਿੱਚ ਉਨ੍ਹਾਂ ਨੂੰ ਛੱਡ ਦਿੱਤਾ ਗਿਆ। ਪੰਜਾਬ ਬਸਪਾ ਦੇ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਦੇ ਕਹੇਂ ਅਨੁਸਾਰ ਉਦੋਂ ਤੱਕ ਧਰਨਾ ਜਾਰੀ ਰੱਖਣਾ ਹੈ ਜਦੋਂ ਤੱਕ ਸ਼ਰਾਰਤੀ ਅਨਸਰ ਨਹੀਂ ਫੜ੍ਹ ਹੁੰਦੇ ਦਿਨ ਰਾਤ ਦਾ ਧਰਨਾ ਨਿਰੰਤਰ ਜਾਰੀ ਰਹੇਗਾ। ਅੱਜ ਦੂਸਰੇ ਦਿਨ ਕ੍ਰਾਂਤੀਕਾਰੀ ਸੰਤ ਕ੍ਰਿਸ਼ਨ ਨਾਥ ਅਵਾਜ਼ੇ ਕੌਮ ਜੀ ਨੇ ਸ਼ਮੂਲੀਅਤ ਕੀਤੀ ਉਨ੍ਹਾਂ ਨੇ ਕਿਹਾ ਹੈ ਕਿ ਸਾਡੇ ਦਾਦਾ ਪੜਦਾਦਾ ਇਨ੍ਹਾਂ ਕਠਿਨਾਈਆਂ ਵਿੱਚੋਂ ਸੰਘਰਸ਼ ਕਰਕੇ ਇਥੇ ਤੱਕ ਪਹੁੰਚੇ ਹਨ ਤੁਸੀਂ ਵੀ ਗਰਮੀ ਸਰਦੀ ਦੀ ਪ੍ਰਵਾਹ ਨਹੀਂ ਕਰਨੀ, ਬਾਬਾ ਸਾਹਿਬ ਜੀ ਨੇ ਤੁਹਾਡੀ ਖਾਤਰ ਅਨੇਕਾਂ ਦੁੱਖੜੇ ਕਠਿਨਾਈਆਂ ਝੱਲੇ ਹਨ ਤੁਹਾਨੂੰ ਵੀ ਉਨ੍ਹਾਂ ਖਾਤਰ ਜਿਸ ਤਰ੍ਹਾਂ ਹਾਈ ਕਮਾਂਡ ਹੁਕਮ ਦਿੰਦੀ ਹੈ ਉਸ ਤਰ੍ਹਾਂ ਹੀ ਕਰਨਾਂ ਹੈ। ਬਹੁਜਨ ਸਮਾਜ ਪਾਰਟੀ ਨੇ ਤਾਂ ਕਈਆਂ ਸਰਕਾਰਾਂ ਦੇ ਨੱਕ ਭੰਨੇ ਹਨ। ਇਸ ਮੌਕੇ ਤੇ ਬਸਪਾ ਲੀਡਰਸ਼ਿਪ ਹਾਜ਼ਰ ਸਨ ਜਿਨ੍ਹਾਂ ਵਿੱਚ ਖੁਸ਼ੀ ਰਾਮ ਸਰਪੰਚ, ਸੁਖਵਿੰਦਰ ਬਿੱਟੂ, ਬਲਵਿੰਦਰ ਸਿੰਘ ਜੱਸੀ, ਸੋਨੂੰ ਅੰਬੇਦਕਰ, ਮਿਸ਼ਨਰੀ ਗਾਇਕ ਵਿੱਕੀ ਬਹਾਦਰ ਕੇ, ਅਨੀਤਾ ਪਾਲ, ਚੇਅਰਮੈਨ ਸੰਦੀਪ ਕੌਰ,ਤੇਹਿੰਗ ਸਾਹਿਬ ਅਤੇ ਬਹੁਤ ਸਾਰੇ ਵਰਕਰ ਹਾਜ਼ਰ ਸਨ।

# ਐਨਿਊਮਰੇਸ਼ਨ ਫਾਰਮ ਨੂੰ 100% ਡਿਜੀਟਾਈਜੇਸ਼ਨ ਕਰਨ ਵਾਲੇ ਬੀ.ਐਲ.ਓਜ਼ ਨੂੰ ਮੁੱਖ ਚੋਣ ਅਫ਼ਸਰ, ਪੰਜਾਬ ਵਲੋਂ ਪ੍ਰਾਪਤ ਸਰਟੀਫਿਕੇਟ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਦੇ ਕੇ ਕੀਤਾ ਸਨਮਾਨਿਤ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਸਪੈਸ਼ਲ ਇੰਨਟੈਸਿਵ ਰਵੀਜ਼ਨ—2026- ਦੌਰਾਨ ਐਨਿਊਮਰੇਸ਼ਨ ਫਾਰਮ ਨੂੰ 100% ਡਿਜੀਟਾਈਜੇਸ਼ਨ ਕਰਨ ਵਾਲੇ ਬੀ.ਐਲ.ਓਜ਼ ਨੂੰ ਮੁੱਖ ਚੋਣ ਅਫ਼ਸਰ, ਪੰਜਾਬ ਵਲੋਂ ਸਨਮਾਨਿਤ ਕੀਤਾ ਗਿਆ। ਐਸ.ਆਈ.ਆਰ.-2026 ਦੌਰਾਨ ਜਿਲ੍ਹੇ ਵਿੱਚ ਪੈਂਦੇ ਵਿਧਾਨ ਸਭਾ ਚੋਣ ਹਲਕੇ 047-ਨਵਾਂ ਸ਼ਹਿਰ ਅਧੀਨ ਪੈਂਦੇ ਪੋਲਿੰਗ ਬੂਥ ਨੰ. 183-ਕਾਹਲੋਂ ਤੇ ਨਿਯੁਕਤ ਬੀ.ਐਲ.ਓ ਸ਼੍ਰੀ ਨਰੇਸ਼ ਕੁਮਾਰ ਅਤੇ ਇਸੇ ਤਰ੍ਹਾ ਵਿਧਾਨ ਸਭਾ ਚੋਣ ਹਲਕਾ 048-ਬਲਾਚੌਰ ਵਿੱਚ ਪੈਂਦੇ ਪੋਲਿੰਗ ਬੂਥ ਨੰ. 13-ਕੁੱਲਪਰ ਤੇ ਨਿਯੁਕਤ ਬੀ.ਐਲ.ਓ ਸ਼੍ਰੀ ਵਿਜੇ ਕੁਮਾਰ ਨੂੰ ਜ਼ਿਲ੍ਹੇ ਵਿੱਚ ਸਭ ਤੋਂ ਵਧੀਆ ਕਾਰਗੁਜਾਰੀ ਕਰਨ ਅਤੇ ਜਿਲ੍ਹੇ ਵਿੱਚ ਸਭ ਤੋਂ ਪਹਿਲਾ ਐਨਿਊਮਰੇਸ਼ਨ ਫਾਰਮ ਨੂੰ 100% ਡਿਜੀਟਾਈਜੇਸ਼ਨ ਕਰਨ ਤੇ ਸਨਮਾਨਿਤ ਕਰਨ ਲਈ ਮੁੱਖ ਚੋਣ ਅਫ਼ਸਰ, ਪੰਜਾਬ ਜੀ ਦੇ ਹਸਤਾਖਰ ਹੇਠ ਇਹ ਸਰਟੀਫਿਕੇਟ ਇਸ ਜਿਲ੍ਹੇ ਵਿੱਚ ਪ੍ਰਾਪਤ ਹੋਏ ਹਨ। ਇਹ ਸਨਮਾਨ ਪੱਤਰ ਜਿਲ੍ਹਾ ਚੋਣ ਅਫ਼ਸਰ ਗੁਲਪ੍ਰੀਤ ਸਿੰਘ ਔਲਖ ਵਲੋਂ ਬੀ.ਐਲ.ਓਜ਼ ਨੂੰ ਪ੍ਰਦਾਨ ਕੀਤੇ ਗਏ। ਇਹ ਸਨਮਾਨ ਉਨ੍ਹਾਂ ਨੂੰ ਆਪਣੇ ਸਬੰਧਤ ਪੋਲਿੰਗ ਬੂਥਾਂ ’ਤੇ ਵੋਟਰਾਂ ਦੀ ਪੂਰੀ ਗਣਨਾ ਯਕੀਨੀ ਬਣਾਉਣ ਅਤੇ ਬੀ.ਐਲ.ਓ. ਐਪ ਰਾਹੀਂ ਮੁਕੰਮਲ ਡਿਜੀਟਾਈਜ਼ੇਸ਼ਨ ਹਾਸਲ ਕਰਨ ਵਿੱਚ ਬਿਹਤਰੀਨ ਪ੍ਰਦਰਸ਼ਨ ਲਈ ਦਿੱਤਾ ਗਿਆ। ਬੀ.ਐਲ.ਓਜ਼ ਨੂੰ ਮੁਬਾਰਕਬਾਦ ਦਿੰਦਿਆਂ ਜ਼ਿਲ੍ਹਾ ਚੋਣ ਅਫਸਰ ਕਮ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਕਿਹਾ ਕਿ ਉਨ੍ਹਾਂ ਦੀ ਲਗਨ ਅਤੇ ਸਮਰਪਣ ਇਸ ਵਿਆਪਕ ਚੋਣ ਅਭਿਆਸ ਵਿੱਚ ਲੱਗੇ ਹੋਰਨਾਂ ਬੀ.ਐਲ.ਓਜ਼ ਲਈ ਪ੍ਰੇਰਨਾ ਦਾ ਕੰਮ ਕਰੇਗਾ। ਉਨ੍ਹਾਂ ਨੇ ਹਰੇਕ ਵੋਟਰ ਤੱਕ ਸਫ਼ਲਤਾਪੂਰਵਕ ਪਹੁੰਚਣ ਅਤੇ ਪ੍ਰਕਿਰਿਆ ਨੂੰ ਸਮਾਂਬੱਧ ਢੰਗ ਨਾਲ ਮੁਕੰਮਲ ਕਰਨ ਲਈ ਉਨ੍ਹਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ। ਆਮ ਵਸਨੀਕਾਂ ਨੂੰ ਅਪੀਲ ਕਰਦਿਆਂ ਜ਼ਿਲ੍ਹਾ ਚੋਣ ਅਫ਼ਸਰ ਨੇ ਸਾਰੇ ਯੋਗ ਵੋਟਰਾਂ ਨੂੰ ਬੀ.ਐਲ.ਓਜ਼ ਨਾਲ ਸਹਿਯੋਗ ਕਰਨ ਅਤੇ ਲੋੜੀਂਦੇ ਦਸਤਾਵੇਜ਼ਾਂ ਦੇ ਨਾਲ ਆਪਣੇ ਭਰੇ ਹੋਏ ਗਣਨਾ ਫਾਰਮ ਜਲਦ ਤੋਂ ਜਲਦ ਜਮ੍ਹਾ ਕਰਵਾਉਣ ਦੀ ਅਪੀਲ ਕੀਤੀ।

# ਜਨਤਕ ਥਾਂਵਾਂ ‘ਤੇ ਅਣ-ਅਧਿਕਾਰਤ ਮੰਦਰ, ਚਰਚ, ਮਸੀਤ ਜਾਂ ਗੁਰਦੁਆਰੇ ਦੀ ਉਸਾਰੀ ’ਤੇ ਪਾਬੰਦੀ



**ਨਵਾਂਸ਼ਹਿਰ, 15 ਜੁਲਾਈ(ਜਤਿੰਦਰ ਪਾਲ ਸਿੰਘ ਕਲੇਰ )**
ਜ਼ਿਲ੍ਹਾ ਮੈਜਿਸਟਰੇਟ ਗੁਲਪ੍ਰੀਤ ਸਿੰਘ ਔਲਖ ਨੇ ਭਾਰਤੀ ਨਾਗਰਿਕ ਸੁਰਕਸ਼ਾ ਸੰਹਿਤਾ, 2023 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆ ਜ਼ਿਲ੍ਹੇ ਵਿੱਚ ਕਿਸੇ ਵੀ ਜਨਤਕ ਗਲੀ/ ਪਾਰਕ/ ਸਰਕਾਰੀ ਜਮੀਨ ਉੱਤੇ ਅਣ-ਅਧਿਕਾਰਤ ਤੌਰ ‘ਤੇ ਕਿਸੇ ਵੀ ਮੰਦਰ, ਚਰਚ, ਮਸੀਤ ਜਾਂ ਗੁਰਦੁਆਰੇ ਆਦਿ ਦੀ ਉਸਾਰੀ ‘ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਜ਼ਿਲ੍ਹਾ ਮੈਜਿਸਟਰੇਟ ਨੇ ਕਿਹਾ ਕਿ ਕਿਸੇ ਵਿਭਾਗ ਦੇ ਅਧਿਕਾਰੀ ਵਲੋਂ ਜਨਤਕ ਸਥਾਨ ‘ਤੇ ਉਸਾਰੇ ਕਰਨ ਦੀ ਪ੍ਰਵਾਨਗੀ ਨਹੀਂ ਦਿੱਤੀ ਜਾਵੇਗੀ। ਜਾਰੀ ਹੁਕਮਾਂ ਅਨੁਸਾਰ ਵੱਖ-ਵੱਖ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀਆਂ ਦੀ ਜਿੰਮੇਵਾਰੀ ਹੋਵੇਗੀ ਕਿ ਉਹ ਆਪਣੇ ਵਿਭਾਗ ਅਧੀਨ ਪੈਂਦੀ ਜਮੀਨ ਉੱਤੇ ਅਜਿਹੀ ਕੋਈ ਉਸਾਰੀ ਨਾ ਹੋਣ ਦੇਣ। ਇਸੇ ਤਰ੍ਹਾਂ ਨਗਰ ਕੌਂਸਲ ਦੀ ਜਮੀਨ ’ਤੇ ਸਬੰਧਤ ਕਾਰਜਸਾਧਕ ਅਫ਼ਸਰ, ਨਗਰ ਕੌਂਸਲ ਅਤੇ ਪੰਚਾਇਤੀ/ਸ਼ਾਮਲਾਟ/ ਮੁਸ਼ਤਰਕਾ ਮਾਲਕਾਂ ਦੀ ਜਮੀਨ ਉੱਤੇ ਅਜਿਹੀ ਕੋਈ ਉਸਾਰੀ ਨਾ ਹੋਣ ਬਾਬਤ ਸਬੰਧਤ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਦੀ ਜਿੰਮੇਵਾਰੀ ਹੋਵੇਗੀ। ਜੇਕਰ ਕਿਸੇ ਵਿਅਕਤੀ/ਸੰਸਥਾ ਵੱਲੋਂ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਨ ਦੀ ਕੋਸ਼ਿਸ ਕੀਤੀ ਜਾਂਦੀ ਹੈ ਤਾਂ ਸਬੰਧਤ ਪੁਲਿਸ ਸਟੇਸ਼ਨ ਦੇ ਅਧਿਕਾਰੀ ਨੂੰ ਉਕਤ ਵਿਅਕਤੀ ਖਿਲਾਫ਼ ਕਾਰਵਾਈ ਲਈ ਰਿਪੋਰਟ ਕੀਤੀ ਜਾਵੇ।

ਜਿਕਰਯੋਗ ਹੈ ਕਿ ਸੁਪਰੀਮ ਕੋਰਟ ਵੱਲੋਂ ਹੁਕਮ ਜਾਰੀ ਕੀਤੇ ਗਏ ਹਨ ਕਿ ਕਿਸੇ ਵੀ ਜਨਤਕ ਸਥਾਨ, ਪਾਰਕ ਜਾਂ ਗਲੀਆਂ ਆਦਿ ਵਿੱਚ ਕਿਸੇ ਵੀ ਮੰਦਰ, ਚਰਚ, ਮਸੀਤ ਜਾਂ ਗੁਰਦੁਆਰੇ ਆਦਿ ਨੂੰ ਬਣਾਉਣ ਦੀ ਇਜਾਜਤ ਨਾ ਦਿੱਤੀ ਜਾਵੇ।

***ਬਿਨ੍ਹਾਂ ਮਨਜ਼ੂਰੀ ਡਰੋਨ ਚਲਾਉਣ ‘ਤੇ ਪਾਬੰਦੀ***

ਜ਼ਿਲ੍ਹਾ ਮੈਜਿਸਟਰੇਟ ਗੁਲਪ੍ਰੀਤ ਸਿੰਘ ਔਲਖ ਨੇ ਇੱਕ ਵੱਖਰੇ ਹੁਕਮ ਵਿੱਚ ਜ਼ਿਲ੍ਹੇ ਅੰਦਰ ਵੱਖ-ਵੱਖ ਸਥਾਨਾਂ ਉੱਤੇ ਮਨਾਏ ਜਾ ਰਹੇ ਵਿਆਹ/ ਧਾਰਮਿਕ ਸਮਾਗਮ ਅਤੇ ਹੋਰ ਪ੍ਰੋਗਰਾਮਾਂ ਵਿੱਚ ਬਿਨ੍ਹਾਂ ਮਨਜੂਰੀ ਡਰੋਨ ਚਲਾਉਣ ‘ਤੇ ਪੂਰਨ ਪਾਬੰਦੀ ਲਾਈ ਹੈ। ਜਿਕਰਯੋਗ ਹੈ ਕਿ ਪਿਛਲੇ ਦਿਨੀ ਸਰਹੱਦੀ ਜ਼ਿਲ੍ਹਿਆਂ ਵਿੱਚ ਸਮਾਜ ਵਿਰੋਧੀ ਅਨਸਰਾਂ ਵੱਲੋਂ ਡਰੋਨ ਰਾਹੀਂ ਮਾੜੀ ਘਟਨਾ ਨੂੰ ਅੰਜਾਮ ਦੇਣ ਦੀ ਕੋਸ਼ਿਸ਼ ਕੀਤੀ ਗਈ ਜਿਸ ਦੇ ਮੱਦੇਨਜ਼ਰ ਜ਼ਿਲ੍ਹੇ ਵਿੱਚ ਇਹ ਹੁਕਮ ਜਾਰੀ ਕੀਤੇ ਗਏ ਹਨ ਤਾਂ ਜੋ ਅਜਿਹੀ ਕੋਈ ਘਟਨਾ ਨਾ ਵਾਪਰ ਸਕੇ।

***ਟਰੈਕਟਰ ਅਤੇ ਟਰੈਕਟਰ ਨਾਲ ਸਬੰਧਤ ਸੰਦਾਂ ਨਾਲ ਖਤਰਨਾਕ ਪ੍ਰਦਰਸ਼ਨ/ਸਟੰਟ ’ਤੇ ਰੋਕ***

ਜ਼ਿਲ੍ਹਾ ਮੈਜਿਸਟਰੇਟ ਗੁਲਪ੍ਰੀਤ ਸਿੰਘ ਔਲਖ ਨੇ ਜ਼ਿਲ੍ਹੇ ਅੰਦਰ ਟਰੈਕਟਰ ਅਤੇ ਟਰੈਕਟਰ ਨਾਲ ਸਬੰਧਤ ਸੰਦਾਂ ਆਦਿ ਨਾਲ ਖਤਰਨਾਕ ਪ੍ਰਦਰਸ਼ਨ/ਸਟੰਟ ਕਰਨ ’ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਜਿਕਰਯੋਗ ਹੈ ਕਿ ਰਾਜ ਅੰਦਰ ਬੀਤੀ ਦਿਨੀ ਕੁਝ ਅਜਿਹੀਆਂ ਘਟਨਾਵਾਂ ਵਾਪਰੀਆਂ ਜਿਨ੍ਹਾਂ ਵਿੱਚ ਟਰੈਕਟਰ ਅਤੇ ਸਬੰਧਤ ਸੰਦਾਂ ਦੇ ਖਤਰਨਾਕ ਸਟੰਟ ਦੌਰਾਨ ਨੌਜਵਾਨਾਂ ਨੂੰ ਗੰਭੀਰ ਸੱਟਾਂ ਲਗੀਆਂ ਅਤੇ ਇਕ ਨੌਜਵਾਨ ਦੀ ਮੌਤ ਹੋ ਗਈ ਜਿਸ ਦੇ ਮੱਦੇਨਜ਼ਰ ਇਹ ਹੁਕਮ ਜਾਰੀ ਕੀਤੇ ਗਏ। ਇਹ ਸਾਰੇ ਹੁਕਮ 12 ਸਤੰਬਰ 2026 ਤੱਕ ਲਾਗੂ ਰਹਿਣਗੇ।

# ਲੋਕਾਂ ਦੇ ਸਹਿਯੋਗ ਨਾਲ ਪੰਜਾਬ ਨੂੰ ਹਰੇਕ ਖ਼ੇਤਰ ਵਿੱਚ ਨੰਬਰ ਇਕ ਬਣਾਉਣ ਦਾ ਸਫ਼ਰ ਜਾਰੀ ਰਹੇਗਾ : ਭਗਵੰਤ ਮਾਨ

## ਕਾਂਗਰਸ ਸੱਤਾ ਲਈ ਲੜ ਰਹੀ ਹੈ, ਜਦੋਂ ਕਿ ਅਸੀਂ ਲੋਕਾਂ ਨੂੰ ਵੱਧ ਅਖ਼ਤਿਆਰ ਦੇਣ ਲਈ ਕੰਮ ਕਰ ਰਹੇ ਹਾਂ

**ਹੁਸ਼ਿਆਰਪੁਰ,/ਮੁਕੇਰੀਆਂ 15 ਜੁਲਾਈ ( ਤਰਸੇਮ ਦੀਵਾਨਾ ) –** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਦਾਅਵਾ ਕੀਤਾ ਕਿ ਪੰਜਾਬ ਨੂੰ ਹਰ ਖੇਤਰ ਵਿੱਚ ਦੇਸ਼ ਦਾ ਨੰਬਰ ਇਕ ਸੂਬਾ ਬਣਾਉਣ ਦਾ ਸਫ਼ਰ ਇੱਥੋਂ ਦੇ ਲੋਕਾਂ ਦੇ ਸਹਿਯੋਗ ਅਤੇ ਵਿਸ਼ਵਾਸ ਨਾਲ ਨਿਰੰਤਰ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਨੇ ਸਿੱਖਿਆ, ਸਿਹਤ, ਬਿਜਲੀ ਅਤੇ ਸਮਾਜ ਭਲਾਈ ਦੇ ਖੇਤਰਾਂ ਵਿੱਚ ਕ੍ਰਾਂਤੀਕਾਰੀ ਪਹਿਲਕਦਮੀਆਂ ਰਾਹੀਂ ਲੋਕਾਂ ਨਾਲ ਕੀਤਾ ਹਰ ਵਾਅਦਾ ਪੂਰਾ ਕੀਤਾ ਹੈ। ਮੁਕੇਰੀਆਂ ਹਲਕੇ ਵਿੱਚ ਵਿਸ਼ਾਲ ਜਨ ਸਭਾ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਾਡੀ ਸਿਆਸਤ ਸੱਤਾ ਦਾ ਸੁੱਖ ਭੋਗਣ ਲਈ ਨਹੀਂ, ਸਗੋਂ ਪੰਜਾਬ ਦੇ ਲੋਕਾਂ ਦੀ ਤਰੱਕੀ ਅਤੇ ਖ਼ੁਸ਼ਹਾਲੀ ਯਕੀਨੀ ਬਣਾਉਣ ਲਈ ਹੈ।ਮੁੱਖ ਮੰਤਰੀ ਨੇ ਕਿਹਾ ਕਿ ਜਿੱਥੇ ਉਨ੍ਹਾਂ ਦੀ ਸਰਕਾਰ ਲੋਕਾਂ ਨੂੰ ਵੱਧ ਅਖ਼ਤਿਆਰ ਦੇ ਕੇ ਆਪਣੇ ਵਾਅਦੇ ਪੂਰਾ ਕਰਨ ’ਤੇ ਧਿਆਨ ਕੇਂਦਰਿਤ ਕਰ ਰਹੀ ਹੈ, ਉੱਥੇ ਕਾਂਗਰਸ ਸੱਤਾ ਦੀ ਲੜਾਈ ਵਿੱਚ ਰੁੱਝੀ ਹੋਈ ਹੈ ਅਤੇ ਉਸ ਨੇ ਪਹਿਲਾਂ ਹੀ ਐਲਾਨ ਕਰ ਦਿੱਤਾ ਹੈ ਕਿ ਜੇ ਉਹ ਸੱਤਾ ਵਿੱਚ ਆਈ ਤਾਂ ਭਲਾਈ ਸਕੀਮਾਂ ਬੰਦ ਕਰੇਗੀ। ਭਗਵੰਤ ਸਿੰਘ ਮਾਨ ਨੇ ਦੁਹਰਾਇਆ ਕਿ ਸ਼੍ਰੀ ਗੁਰੂ ਸਾਹਿਬ ਦੀ ਬੇਅਦਬੀ ਲਈ ਜ਼ਿੰਮੇਵਾਰ ਲੋਕਾਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਅਤੇ ਉਨ੍ਹਾਂ ਨੂੰ ਕਾਨੂੰਨ ਦਾ ਸਾਹਮਣਾ ਕਰਨਾ ਪਵੇਗਾ।

ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, “ਕਾਂਗਰਸ ਵਿੱਚ ਕੋਈ ਵੀ ਆਗੂ ਦੂਜੇ ਨਾਲ ਖੜ੍ਹਨ ਨੂੰ ਤਿਆਰ ਨਹੀਂ ਹੈ ਕਿਉਂਕਿ ਹਰ ਕੋਈ ਲੋਕਾਂ ਦੀ ਪਰਵਾਹ ਕੀਤੇ ਬਿਨਾਂ ਮੁੱਖ ਮੰਤਰੀ ਬਣਨਾ ਚਾਹੁੰਦਾ ਹੈ। ਕਾਂਗਰਸ ਲੀਡਰਸ਼ਿਪ ਦਾ ਦਾਅਵਾ ਹੈ ਕਿ ਉਨ੍ਹਾਂ ਦੇ ਸਾਰੇ ਆਗੂ ਬੱਸ ਯਾਤਰਾ ’ਤੇ ਜਾਣਗੇ, ਜਿਸ ਨੂੰ ਰਾਹੁਲ ਗਾਂਧੀ ਹਰੀ ਝੰਡੀ ਦਿਖਾ ਕੇ ਰਵਾਨਾ ਕਰਨਗੇ। ਉਹ ਇਕੱਠੇ ਜਾ ਤਾਂ ਸਕਦੇ ਹਨ, ਪਰ ਉਹ ਯਕੀਨੀ ਤੌਰ ’ਤੇ ਇਕੱਠੇ ਵਾਪਸ ਨਹੀਂ ਆਉਣਗੇ ਕਿਉਂਕਿ ਆਪਣੀ ਭਿਆਨਕ ਅੰਦਰੂਨੀ ਲੜਾਈ ਕਾਰਨ ਹਰੇਕ ਆਗੂ ਜ਼ਖ਼ਮੀ ਹੋ ਜਾਵੇਗਾ।"

ਮੁੱਖ ਮੰਤਰੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ‘ਆਪ’ ਦੇ ਲੋਕ-ਪੱਖੀ ਕੰਮਾਂ ਦੇ ਆਧਾਰ ਤੇ ਪਾਰਟੀ ਨੂੰ ਇੰਨਾ ਵੱਡਾ ਫਤਵਾ ਦੇਣ ਕਿ ਇਨ੍ਹਾਂ ਮੌਕਾਪ੍ਰਸਤ ਆਗੂਆਂ ਨੂੰ ਸਰਕਾਰ ਬਣਾਉਣ ਅਤੇ ਮੁੱਖ ਮੰਤਰੀ ਦੀ ਕੁਰਸੀ ਲਈ ਲੜਨ ਦਾ ਮੌਕਾ ਹੀ ਨਾ ਮਿਲੇ। ਉਨ੍ਹਾਂ ਕਿਹਾ, “ਇਨ੍ਹਾਂ ਲਾਲਚੀ ਆਗੂਆਂ ਦੇ ਹੱਥਾਂ ਵਿੱਚ ਸੱਤਾ ਨਾ ਸੌਂਪੋ ਕਿਉਂਕਿ ਇਹ ‘ਆਪ ਸਰਕਾਰ ਵੱਲੋਂ ਲੋਕ ਭਲਾਈ ਲਈ ਸ਼ੁਰੂ ਕੀਤੀਆਂ ਸਾਰੀਆਂ ਸਕੀਮਾਂ ਨੂੰ ਬੰਦ ਕਰ ਦੇਣਗੇ। ਕਾਂਗਰਸੀ ਆਗੂਆਂ ਨੇ ਵਾਰ-ਵਾਰ ਦਾਅਵਾ ਕੀਤਾ ਹੈ ਕਿ ਜੇ ਉਹ ਸੱਤਾ ਵਿੱਚ ਆਏ ਤਾਂ ਇਨ੍ਹਾਂ ਸਕੀਮਾਂ ਨੂੰ ਬੰਦ ਕਰ ਦੇਣਗੇ।"

ਅਕਾਲੀ ਦਲ ’ਤੇ ਨਿਸ਼ਾਨਾ ਸਾਧਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, “ਅਕਾਲੀ ਦਲ ਲੋਕਾਂ ਨਾਲ ਝੂਠੇ ਵਾਅਦੇ ਕਰ ਕੇ ਸੱਤਾ ਹਥਿਆਉਣਾ ਚਾਹੁੰਦਾ ਹੈ, ਪਰ ਪੰਜਾਬ ਦੇ ਲੋਕ ਉਨ੍ਹਾਂ ਦੇ ਗੁਮਰਾਹਕੁੰਨ ਪ੍ਰਚਾਰ ਵਿੱਚ ਨਹੀਂ ਆਉਣਗੇ। ਲੋਕਾਂ ਨੇ ਬਾਦਲਾਂ ਨੂੰ ਪੰਜ ਵਾਰ ਮੁੱਖ ਮੰਤਰੀ ਚੁਣਿਆ, ਪਰ ਉਨ੍ਹਾਂ ਨੇ ਸੂਬੇ ਜਾਂ ਇਸ ਦੇ ਲੋਕਾਂ ਲਈ ਕਦੇ ਕੁਝ ਚੰਗਾ ਨਹੀਂ ਕੀਤਾ।"

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ’ਤੇ ਤਨਜ਼ ਕਸਦਿਆਂ ਉਨ੍ਹਾਂ ਕਿਹਾ, “ਅਕਾਲੀ ਆਗੂ ਲੋਕਾਂ ਵਿੱਚ ਆਪਣਾ ਆਧਾਰ ਗੁਆ ਚੁੱਕੇ ਹਨ। ਉਹ ਆਪਣੀਆਂ ਰੈਲੀਆਂ ਵਿੱਚ ਭੀੜ ਦਿਖਾਉਣ ਲਈ ਪੈਸੇ ਦੇ ਕੇ ਲਿਆਂਦੇ ਗਏ ਵਰਕਰਾਂ ਦੀ ਵਰਤੋਂ ਕਰ ਰਹੇ ਹਨ। ਹਰ ਅਕਾਲੀ ਰੈਲੀ ਵਿੱਚ ਉਹੀ ਭੀੜ ਨਜ਼ਰ ਆਉਂਦੀ ਹੈ। ਇਹ ਲੋਕ ਕਦੇ ਦਾਅਵਾ ਕਰਦੇ ਸਨ ਕਿ ਉਹ ਪੰਜਾਬ ’ਤੇ 25 ਸਾਲ ਰਾਜ ਕਰਨਗੇ, ਪਰ ਸੂਬੇ ਦੇ ਸੂਝਵਾਨ ਅਤੇ ਦਲੇਰ ਲੋਕਾਂ ਨੇ ਉਨ੍ਹਾਂ ਨੂੰ ਸਿਆਸੀ ਗੁੰਮਨਾਮੀ ਵਿੱਚ ਧੱਕ ਦਿੱਤਾ ਹੈ। ਇਹ ਮੌਕਾਪ੍ਰਸਤ ਆਗੂ ਆਪਣੀ ਸਹੂਲਤ ਅਤੇ ਨਿੱਜੀ ਸਿਆਸੀ ਹਿੱਤਾਂ ਮੁਤਾਬਕ ਰੰਗ ਅਤੇ ਆਪਣਾ ਸਟੈਂਡ ਬਦਲਦੇ ਹਨ। ਪੂਰਾ ਸੂਬਾ ਇਨ੍ਹਾਂ ਦਾ ਅਸਲੀ ਚਿਹਰਾ ਜਾਣਦਾ ਹੈ ਕਿਉਂਕਿ ਇਨ੍ਹਾਂ ਨੇ ਹਮੇਸ਼ਾ ਸਿਆਸੀ ਡਰਾਮੇਬਾਜ਼ੀ ਰਾਹੀਂ ਲੋਕਾਂ ਨੂੰ ਗੁਮਰਾਹ ਕੀਤਾ ਹੈ।"

ਉਨ੍ਹਾਂ ਕਿਹਾ, “ਜਿਨ੍ਹਾਂ ਨੂੰ ਕਦੇ ਅਜਿੱਤ ਮੰਨਿਆ ਜਾਂਦਾ ਸੀ, ਅੱਜ ਉਨ੍ਹਾਂ ਨੂੰ ਆਪਣੀ ਪਾਰਟੀ ਦੀ ਕਮੇਟੀ ਬਣਾਉਣ ਲਈ ਪੰਜ ਮੈਂਬਰ ਵੀ ਨਹੀਂ ਮਿਲ ਰਹੇ। ਇਨ੍ਹਾਂ ਆਗੂਆਂ ਨੇ ਸੂਬੇ ਵਿੱਚ ਗੈਂਗਸਟਰਾਂ ਨੂੰ ਪਨਾਹ ਦਿੱਤੀ ਅਤੇ ਨਸ਼ਾ ਤਸਕਰਾਂ ਦੀ ਪਿੱਠ ਥਾਪੜ ਕੇ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿੱਚ ਧੱਕਿਆ। ਪੰਜਾਬ ਦੇ ਲੋਕ ਇਨ੍ਹਾਂ ਗੁਨਾਹਾਂ ਲਈ ਉਨ੍ਹਾਂ ਨੂੰ ਕਦੇ ਮੁਆਫ਼ ਨਹੀਂ ਕਰਨਗੇ ਅਤੇ ਇਕ ਵਾਰ ਫਿਰ ਉਨ੍ਹਾਂ ਨੂੰ ਕਰਾਰਾ ਸਬਕ ਸਿਖਾਉਣਗੇ। ਲੋਕਾਂ ਨੇ ਅਕਾਲੀਆਂ ਨੂੰ ਵਾਰ-ਵਾਰ ਚੁਣਿਆ, ਪਰ ਉਨ੍ਹਾਂ ਨੇ ਸੂਬੇ ਅਤੇ ਇਸ ਦੇ ਲੋਕਾਂ ਨਾਲ ਵਿਸ਼ਵਾਸਘਾਤ ਕੀਤਾ।"



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜ਼ੋਰ ਦੇ ਕੇ ਕਿਹਾ, “ਅਕਾਲੀ ਪੰਜਾਬ ਦੇ ਅਸਲ ਗੱਦਾਰ ਹਨ ਕਿਉਂਕਿ ਉਨ੍ਹਾਂ ਨੇ ਆਪਣੇ ਨਿੱਜੀ ਸਿਆਸੀ ਹਿੱਤਾਂ ਲਈ ਧਰਮ ਦੀ ਦੁਰਵਰਤੋਂ ਕੀਤੀ। ਉਹ ਆਮ ਲੋਕਾਂ ਲਈ ਬਣੀਆਂ ਸਹੂਲਤਾਂ ਹੜੱਪ ਕੇ ਅਮੀਰ ਬਣ ਗਏ। ਉਨ੍ਹਾਂ ਦੇ ਲੰਬੇ ਸ਼ਾਸਨ ਦੌਰਾਨ ਸੂਬਾ ਬਦਹਾਲ ਹੋ ਗਿਆ ਅਤੇ ਮਾਫੀਆ ਦਾ ਰਾਜ ਰਿਹਾ। ਮਰਹੂਮ ਪ੍ਰਕਾਸ਼ ਸਿੰਘ ਬਾਦਲ ਨੇ ਵੀ ਸੁਖਬੀਰ ਸਿੰਘ ਬਾਦਲ ਨੂੰ ਸੂਬੇ ਦਾ ਮੁਖੀ ਨਹੀਂ ਬਣਾਇਆ ਕਿਉਂਕਿ ਉਹ ਜਾਣਦੇ ਸਨ ਕਿ ਸਾਬਕਾ ਉਪ ਮੁੱਖ ਮੰਤਰੀ, ਪੰਜਾਬ ਨੂੰ ਬਰਬਾਦੀ ਦੇ ਕੰਢੇ ’ਤੇ ਲੈ ਜਾਣਗੇ।"

ਮੁੱਖ ਮੰਤਰੀ ਨੇ ਕਿਹਾ ਕਿ ਲੋਕਾਂ ਦੇ ਟੈਕਸ ਦਾ ਪੈਸਾ ਸੂਬੇ ਦਾ ਹੈ ਅਤੇ ਇਸ ਨੂੰ ਉਨ੍ਹਾਂ ਦੀ ਭਲਾਈ ਲਈ ਸਮਝਦਾਰੀ ਨਾਲ ਖ਼ਰਚਿਆ ਜਾ ਰਿਹਾ ਹੈ। ਉਨ੍ਹਾਂ ਅੱਗੇ ਕਿਹਾ, “ਲੋਕਾਂ ਦਾ ਪੈਸਾ ਵਿਕਾਸ, ਸਕੂਲਾਂ, ਹਸਪਤਾਲਾਂ ਅਤੇ ਸੜਕਾਂ ਰਾਹੀਂ ਲੋਕਾਂ ਕੋਲ ਵਾਪਸ ਜਾ ਰਿਹਾ ਹੈ। ਸਾਡੀ ਸਰਕਾਰ ਲੋਕਾਂ ਲਈ ਕੰਮ ਕਰ ਰਹੀ ਹੈ। ਅਸੀਂ 90 ਫੀਸਦੀ ਘਰਾਂ ਨੂੰ ਮੁਫ਼ਤ ਬਿਜਲੀ ਦਿੱਤੀ ਹੈ, ਬਿਨਾਂ ਕਿਸੇ ਭ੍ਰਿਸ਼ਟਾਚਾਰ ਦੇ 68,000 ਤੋਂ ਵੱਧ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਹਨ, ਸੜਕਾਂ ਨੂੰ ਸੁਧਾਰਿਆ ਹੈ, ਟੋਲ ਪਲਾਜ਼ੇ ਬੰਦ ਕਰ ਕੇ ਰੋਜ਼ਾਨਾ 70 ਲੱਖ ਰੁਪਏ ਬਚਾਏ ਹਨ ਅਤੇ ਪੂਰੇ ਸੂਬੇ ਵਿੱਚ ਬੁਨਿਆਦੀ ਢਾਂਚੇ ਦਾ ਨਿਰਮਾਣ ਕਰ ਰਹੇ ਹਾਂ।"

ਉਨ੍ਹਾਂ ਅੱਗੇ ਕਿਹਾ, “ਜਦੋਂ ਸਾਡੀ ਸਰਕਾਰ ਨੇ ਸੱਤਾ ਸੰਭਾਲੀ ਸੀ, ਉਦੋਂ ਸਿੰਜਾਈ ਲਈ ਸਿਰਫ਼ 22 ਫੀਸਦੀ ਨਹਿਰੀ ਪਾਣੀ ਦੀ ਵਰਤੋਂ ਹੁੰਦੀ ਸੀ। ਅੱਜ ਇਹ ਅੰਕੜਾ ਵਧ ਕੇ 88 ਫੀਸਦੀ ਤੋਂ ਵੱਧ ਹੋ ਗਿਆ ਹੈ।" ਮੁੱਖ ਮੰਤਰੀ ਨੇ ਕਿਹਾ, “ਨਹਿਰਾਂ ਅਤੇ ਦਰਿਆਵਾਂ ਵਿੱਚ ਰੀਚਾਰਜ ਪੁਆਇੰਟ ਬਣਾਏ ਗਏ ਹਨ ਤਾਂ ਜੋ ਧਰਤੀ ਹੇਠਲੇ ਪਾਣੀ ਦੇ ਪੱਧਰ ਵਿੱਚ ਸੁਧਾਰ ਹੋ ਸਕੇ। ਨਤੀਜੇ ਵਜੋਂ ਪਾਣੀ ਦਾ ਪੱਧਰ ਦੋ ਤੋਂ ਚਾਰ ਮੀਟਰ ਤੱਕ ਉੱਪਰ ਆ ਗਿਆ ਹੈ। ਇਹ ਆਉਣ ਵਾਲੀਆਂ ਪੀੜ੍ਹੀਆਂ ਦੇ ਭਲੇ ਲਈ ਕੀਤਾ ਗਿਆ ਹੈ ਕਿਉਂਕਿ ਪੰਜਾਬ ਦਾ ਮਤਲਬ ਹੀ ਪਾਣੀ ਹੈ ਅਤੇ ਪਾਣੀ ਤੋਂ ਬਿਨਾਂ ਪੰਜਾਬ ਦੀ ਕੋਈ ਹੋਂਦ ਨਹੀਂ ਹੈ।"ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, “ਕੋਈ ਵੀ ਮੁਫ਼ਤ ਦੀ ਸਹੂਲਤ ਜਾਂ ਰਿਆਇਤੀ ਕਾਰਡ ਗਰੀਬੀ ਜਾਂ ਹੋਰ ਸਮਾਜਿਕ ਸਮੱਸਿਆਵਾਂ ਨੂੰ ਖ਼ਤਮ ਨਹੀਂ ਕਰ ਸਕਦਾ। ਸਿੱਖਿਆ ਹੀ ਉਹ ਕੁੰਜੀ ਹੈ, ਜੋ ਲੋਕਾਂ ਦੇ ਜੀਵਨ ਪੱਧਰ ਨੂੰ ਸੁਧਾਰ ਕੇ ਉਨ੍ਹਾਂ ਨੂੰ ਇਸ ਚੱਕਰ ਵਿੱਚੋਂ ਬਾਹਰ ਕੱਢ ਸਕਦੀ ਹੈ।"

ਮੁੱਖ ਮੰਤਰੀ ਨੇ ਕਿਹਾ, “ਸੂਬਾ ਸਰਕਾਰ ਦੀਆਂ ਅਣਥੱਕ ਕੋਸ਼ਿਸ਼ਾਂ ਸਦਕਾ ਪੰਜਾਬ ਨੇ ਪ੍ਰਾਇਮਰੀ ਅਤੇ ਮਿਡਲ ਸਕੂਲ ਸਿੱਖਿਆ ਵਿੱਚ ਕੇਰਲ, ਮਹਾਰਾਸ਼ਟਰ ਅਤੇ ਦਿੱਲੀ ਨੂੰ ਪਛਾੜ ਕੇ ਨੰਬਰ ਇਕ ਸਥਾਨ ਹਾਸਲ ਕੀਤਾ ਹੈ। ਅਸੀਂ ਪ੍ਰਾਇਮਰੀ ਅਤੇ ਮਿਡਲ ਸਕੂਲਾਂ ਨੂੰ ਅਪਗ੍ਰੇਡ ਕੀਤਾ ਹੈ, ਸਿੱਖਿਆ ਪ੍ਰਣਾਲੀ ਨੂੰ ਮਜ਼ਬੂਤ ਕੀਤਾ ਹੈ, ਸਮਾਰਟ ਕਲਾਸਰੂਮ ਸ਼ੁਰੂ ਕੀਤੇ ਹਨ ਅਤੇ ਅਧਿਆਪਕਾਂ ਨੂੰ ਉੱਨਤ ਸਿਖਲਾਈ ਦਿੱਤੀ ਹੈ। ਇਨ੍ਹਾਂ ਯਤਨਾਂ ਦੇ ਨਤੀਜੇ ਵਜੋਂ ਪੰਜਾਬ ਸਕੂਲੀ ਸਿੱਖਿਆ ਦੇ ਖੇਤਰ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰ ਰਿਹਾ ਹੈ। ਨੀਤੀ ਆਯੋਗ ਵੱਲੋਂ ਜਾਰੀ ਕੀਤੇ ਗਏ ਤਾਜ਼ਾ ਅੰਕੜੇ ਦਰਸਾਉਂਦੇ ਹਨ ਕਿ ਪੰਜਾਬ ਪ੍ਰਾਇਮਰੀ ਅਤੇ ਮਿਡਲ ਸਕੂਲ ਸਿੱਖਿਆ ਵਿੱਚ ਕੇਰਲ, ਮਹਾਰਾਸ਼ਟਰ ਅਤੇ ਦਿੱਲੀ ਨੂੰ ਪਛਾੜ ਕੇ ਪਹਿਲੇ ਸਥਾਨ ’ਤੇ ਆ ਗਿਆ ਹੈ।"

ਉਨ੍ਹਾਂ ਅੱਗੇ ਕਿਹਾ, “ਪਿਛਲੇ ਚਾਰ ਸਾਲਾਂ ਤੋਂ ਸਾਡੀ ਸਰਕਾਰ ਨੇ ਅਧਿਆਪਕਾਂ ਦੀ ਸਿਖਲਾਈ, ਆਧੁਨਿਕ ਅਧਿਆਪਨ ਤਰੀਕਿਆਂ ਅਤੇ ਸਮਾਰਟ ਕਲਾਸਰੂਮਾਂ ’ਤੇ ਧਿਆਨ ਕੇਂਦਰਿਤ ਕੀਤਾ ਹੈ। ਪਹਿਲਾਂ ਕੇਰਲ ਚੋਟੀ ਦੇ ਸਥਾਨ ’ਤੇ ਸੀ, ਪਰ ਹੁਣ ਪੰਜਾਬ ਨੇ ਵੱਡੇ ਫਰਕ ਨਾਲ ਨੰਬਰ ਇਕ ਰੈਂਕ ਹਾਸਲ ਕੀਤਾ ਹੈ। ਅਸੀਂ ਭਵਿੱਖ ਵਿੱਚ ਵੀ ਅਜਿਹੇ ਯਤਨ ਜਾਰੀ ਰੱਖਾਂਗੇ। ਸਿੱਖਿਆ ਉਹ ਰੌਸ਼ਨੀ ਹੈ, ਜੋ ਹਨੇਰਾ ਹਟਾ ਕੇ ਸੰਸਾਰ ਨੂੰ ਰੌਸ਼ਨ ਕਰਦੀ ਹੈ। ਇਸੇ ਕਰਕੇ ਸਾਡੀ ਸਰਕਾਰ ਸਿੱਖਿਆ ’ਤੇ ਵਿਸ਼ੇਸ਼ ਜ਼ੋਰ ਦੇ ਰਹੀ ਹੈ।"

ਸੂਬਾ ਸਰਕਾਰ ਦੀਆਂ ਸਿਹਤ ਸੰਭਾਲ ਪਹਿਲਕਦਮੀਆਂ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ, “ਅਸੀਂ ਮੁੱਖ ਮੰਤਰੀ ਸਿਹਤ ਯੋਜਨਾ ਸ਼ੁਰੂ ਕੀਤੀ ਹੈ, ਜਿਸ ਤਹਿਤ ਪੰਜਾਬ ਦੇ ਸਾਰੇ 65 ਲੱਖ ਪਰਿਵਾਰਾਂ ਨੂੰ ਹੈਲਥ ਕਾਰਡ ਜਾਰੀ ਕੀਤੇ ਜਾ ਰਹੇ ਹਨ। ਹਰ ਪਰਿਵਾਰ 10 ਲੱਖ ਰੁਪਏ ਤੱਕ ਦੇ ਕੈਸ਼ਲੈੱਸ ਇਲਾਜ ਦਾ ਹੱਕਦਾਰ ਹੈ। 30 ਲੱਖ ਤੋਂ ਵੱਧ ਲਾਭਪਾਤਰੀਆਂ ਨੂੰ ਪਹਿਲਾਂ ਹੀ ਉਨ੍ਹਾਂ ਦੇ ਹੈਲਥ ਕਾਰਡ ਮਿਲ ਚੁੱਕੇ ਹਨ ਅਤੇ ਲੋਕਾਂ ਨੇ ਇਸ ਸਕੀਮ ਤਹਿਤ ਲਗਪਗ 650 ਕਰੋੜ ਰੁਪਏ ਦਾ ਮੁਫ਼ਤ ਇਲਾਜ ਕਰਵਾਇਆ ਹੈ। ਮੈਂ ਹਰ ਯੋਗ ਪਰਿਵਾਰ ਨੂੰ ਇਨ੍ਹਾਂ ਹੈਲਥ ਕਾਰਡਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਕਰਦਾ ਹਾਂ।"

ਮੁੱਖ ਮੰਤਰੀ ਨੇ ਦੱਸਿਆ, “ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਝੋਨੇ ਦੇ ਸੀਜ਼ਨ ਦੌਰਾਨ ਟਿਊਬਵੈੱਲਾਂ ਨੂੰ ਅੱਠ ਘੰਟੇ ਤੋਂ ਵੱਧ ਨਿਰਵਿਘਨ ਬਿਜਲੀ ਸਪਲਾਈ ਕੀਤੀ ਗਈ ਹੈ। ਪਹਿਲੀ ਵਾਰ ਕਿਸਾਨਾਂ ਨੂੰ ਸਿੰਜਾਈ ਲਈ ਦਿਨ ਵੇਲੇ ਬਿਜਲੀ ਮਿਲ ਰਹੀ ਹੈ, ਜਿਸ ਨੇ ਉਨ੍ਹਾਂ ਦੀ ਜ਼ਿੰਦਗੀ ਬਦਲ ਦਿੱਤੀ ਹੈ।"

‘ਮਾਵਾਂ-ਧੀਆਂ ਸਤਿਕਾਰ ਯੋਜਨਾ’ ਬਾਰੇ ਗੱਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ, “ਸਾਡੀ ਸਰਕਾਰ ਨੇ ਇਹ ਅਹਿਮ ਸਕੀਮ ਸ਼ੁਰੂ ਕੀਤੀ ਹੈ, ਜਿਸ ਤਹਿਤ ਪੰਜਾਬ ਦੀ 18 ਸਾਲ ਤੋਂ ਵੱਧ ਉਮਰ ਦੀ ਹਰ ਔਰਤ ਨੂੰ 1,000 ਰੁਪਏ ਪ੍ਰਤੀ ਮਹੀਨਾ ਮਿਲ ਰਹੇ ਹਨ, ਜਦੋਂ ਕਿ ਅਨੁਸੂਚਿਤ ਜਾਤੀ ਦੀਆਂ ਔਰਤਾਂ ਨੂੰ 1,500 ਰੁਪਏ ਪ੍ਰਤੀ ਮਹੀਨਾ ਮਿਲ ਰਹੇ ਹਨ। ਯੋਗ ਲਾਭਪਾਤਰੀਆਂ ਨੂੰ 1 ਜੁਲਾਈ ਤੋਂ ਇਸ ਦਾ ਲਾਭ ਮਿਲ ਰਿਹਾ ਹੈ। 32 ਲੱਖ ਤੋਂ ਵੱਧ ਮਾਵਾਂ ਇਸ ਸਹੂਲਤ ਦਾ ਲਾਭ ਉਠਾ ਰਹੀਆਂ ਹਨ ਅਤੇ 1 ਅਗਸਤ ਨੂੰ ਉਨ੍ਹਾਂ ਦੇ ਫੋਨਾਂ ’ਤੇ ਇਕ ਵਾਰ ਫਿਰ ਅਦਾਇਗੀ ਦੇ ਮੈਸੇਜ ਦੀ ਘੰਟੀ ਵੱਜੇਗੀ।"

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, “ਲੋਕਾਂ ਦੀ ਭਲਾਈ ਯਕੀਨੀ ਬਣਾਉਣ ਦੇ ਉਦੇਸ਼ ਵਾਲੀਆਂ ਇਨ੍ਹਾਂ ਮਹੱਤਵਪੂਰਨ ਸਕੀਮਾਂ ਲਈ ਸੂਬਾ ਸਰਕਾਰ ਕੋਲ ਫੰਡਾਂ ਦੀ ਕੋਈ ਕਮੀ ਨਹੀਂ ਹੈ।"ਮੁੱਖ ਮੰਤਰੀ ਨੇ ਕਿਹਾ, “ਜਿਹੜੀਆਂ ਔਰਤਾਂ ਜੁਲਾਈ ਵਿੱਚ ਰਜਿਸਟ੍ਰੇਸ਼ਨ ਨਹੀਂ ਕਰਵਾ ਸਕੀਆਂ, ਉਨ੍ਹਾਂ ਨੂੰ ਅਗਸਤ ਵਿੱਚ ਤਿੰਨ ਮਹੀਨਿਆਂ ਦੀ ਅਦਾਇਗੀ ਇਕੱਠੀ ਮਿਲੇਗੀ। ਇਹ ਸਕੀਮ ਕਦੇ ਬੰਦ ਨਹੀਂ ਹੋਵੇਗੀ। ਇਹ ਉਦੋਂ ਤੱਕ ਜਾਰੀ ਰਹੇਗੀ, ਜਦੋਂ ਤੱਕ ‘ਆਪ’ ਸਰਕਾਰ ਸੱਤਾ ਵਿੱਚ ਹੈ।"

ਇਸ ਇਕੱਠ ਨੂੰ ਲੋਕਾਂ ਨਾਲ ਰਾਬਤਾ ਕਾਇਮ ਕਰਨ ਦਾ ਸੁਨਹਿਰੀ ਮੌਕਾ ਦੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, “ਇਹ ਕੋਈ ਸਿਆਸੀ ਪ੍ਰੋਗਰਾਮ ਨਹੀਂ, ਸਗੋਂ ਲੋਕਾਂ ਨਾਲ ਗੱਲਬਾਤ ਕਰਨ ਦਾ ਇੱਕ ਮੰਚ ਹੈ। ਕਈ ਸਰਕਾਰਾਂ ਆਈਆਂ ਤੇ ਗਈਆਂ, ਪਰ ਕਿਸੇ ਨੇ ਵੀ ਲੋਕਾਂ ਦੀ ਭਲਾਈ ਦੀ ਪਰਵਾਹ ਨਹੀਂ ਕੀਤੀ। ਉਹ ਸੂਬੇ ਦੀ ਦੌਲਤ ਲੁੱਟਦੇ ਹੋਏ ਕੁਰਸੀ-ਕੁਰਸੀ ਦੀ ਖੇਡ ਖੇਡਦੇ ਰਹੇ। ਫਿਰ ਲੋਕਾਂ ਨੇ ਝਾੜੂ ਨੂੰ ਵੋਟ ਪਾਈ, ਜਿਸ ਦੇ ਨਤੀਜੇ ਵਜੋਂ ਸਕੂਲਾਂ, ਹਸਪਤਾਲਾਂ ਅਤੇ ਹੋਰ ਜਨਤਕ ਸੇਵਾਵਾਂ ਪੂਰੀ ਤਰ੍ਹਾਂ ਬਦਲ ਗਈਆਂ।"

ਆਪਣੇ ਸੋਸ਼ਲ ਮੀਡੀਆ ਅਕਾਊਂਟ ਐਕਸ ਉਤੇ ਜਨ ਸਭਾ ਦੇ ਕੁੱਝ ਅੰਸ਼ ਸਾਂਝੇ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, “ਮੁਕੇਰੀਆਂ ਦੀ ਪਵਿੱਤਰ ਧਰਤੀ ’ਤੇ ਮੈਨੂੰ ਜੋ ਪਿਆਰ, ਸਨੇਹ ਅਤੇ ਵਿਸ਼ਵਾਸ ਮਿਲਿਆ ਹੈ, ਉਹ ਮੇਰੀ ਤਾਕਤ ਦਾ ਸਭ ਤੋਂ ਵੱਡਾ ਸਰੋਤ ਹੈ। ਅਸੀਂ ਆਪਣੇ ਕੀਤੇ ਹਰ ਵਾਅਦੇ ਨੂੰ ਪੂਰਾ ਕਰ ਰਹੇ ਹਾਂ। ਮੁਫ਼ਤ ਬਿਜਲੀ, ਬਿਹਤਰ ਸਰਕਾਰੀ ਸਕੂਲ, ਔਰਤਾਂ ਲਈ ਵਿੱਤੀ ਸਹਾਇਤਾ, ਵਿਸਤ੍ਰਿਤ ਸਿਹਤ ਸੇਵਾਵਾਂ, ਕਿਸਾਨਾਂ ਲਈ ਦਿਨ ਵੇਲੇ ਬਿਜਲੀ ਸਪਲਾਈ ਅਤੇ ਸਮਾਜ ਦੇ ਹਰ ਵਰਗ ਦੀ ਭਲਾਈ ਲਈ ਨਿਰੰਤਰ ਯਤਨ ਹੁਣ ਹਕੀਕਤ ਬਣ ਰਹੇ ਹਨ। ਮੇਰੀ ਰਾਜਨੀਤੀ ਸੱਤਾ ਹਥਿਆਉਣ ਲਈ ਨਹੀਂ ਹੈ। ਇਹ ਪੰਜਾਬ ਦੇ ਲੋਕਾਂ ਦੀ ਤਰੱਕੀ ਅਤੇ ਖ਼ੁਸ਼ਹਾਲੀ ਲਈ ਹੈ।

# ਪੰਜਾਬੀ ਅਦਾਕਾਰਾ ਜਤਿੰਦਰ ਕੌਰ ਦੀ ਮੌਤ ਦੀ ਅਫ਼ਵਾਹ ਨਿਕਲੀ ਝੂਠੀ, ਕਿਹਾ— "ਮੈਂ ਬਿਲਕੁਲ ਠੀਕ-ਠਾਕ ਹਾਂ"

## ਸੋਸ਼ਲ ਮੀਡੀਆ 'ਤੇ ਫੈਲੀ ਝੂਠੀ ਖ਼ਬਰ ਕਾਰਨ ਦਿਨ ਭਰ ਆਉਂਦੇ ਰਹੇ ਫ਼ੋਨ, ਅਦਾਕਾਰਾ ਨੇ ਅਫ਼ਵਾਹਾਂ ਤੋਂ ਸੁਚੇਤ ਰਹਿਣ ਦੀ ਕੀਤੀ ਅਪੀਲ

**ਜਲੰਧਰ (ਬਲਦੇਵ ਸਿੰਘ ਬੇਦੀ)** ਪੰਜਾਬੀ ਰੰਗਮੰਚ, ਰੇਡੀਓ, ਟੈਲੀਵੀਜ਼ਨ ਅਤੇ ਸਿਨੇਮਾ ਦੀ ਮਾਣਮੱਤੀ ਅਦਾਕਾਰਾ ਜਤਿੰਦਰ ਕੌਰ ਦੀ ਮੌਤ ਸਬੰਧੀ ਸੋਸ਼ਲ ਮੀਡੀਆ 'ਤੇ ਫੈਲਾਈ ਗਈ ਖ਼ਬਰ ਪੂਰੀ ਤਰ੍ਹਾਂ ਝੂਠੀ ਅਤੇ ਬੇਬੁਨਿਆਦ ਸਾਬਤ ਹੋਈ ਹੈ। ਇਸ ਅਫ਼ਵਾਹ ਨੇ ਉਨ੍ਹਾਂ ਦੇ ਪ੍ਰਸ਼ੰਸਕਾਂ, ਸਾਥੀ ਕਲਾਕਾਰਾਂ ਅਤੇ ਸ਼ੁਭਚਿੰਤਕਾਂ ਵਿੱਚ ਚਿੰਤਾ ਦਾ ਮਾਹੌਲ ਪੈਦਾ ਕਰ ਦਿੱਤਾ।

ਜਦੋਂ ਇਸ ਸਬੰਧੀ ਜਤਿੰਦਰ ਕੌਰ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਹੱਸਦਿਆਂ ਕਿਹਾ, "ਬੇਦੀ ਸਾਹਿਬ, ਮੈਂ ਬਿਲਕੁਲ ਠੀਕ-ਠਾਕ ਹਾਂ। ਅੱਜ ਸਵੇਰ ਤੋਂ ਹੀ ਪਤਾ ਨਹੀਂ ਮੇਰੇ ਚਾਹੁਣ ਵਾਲਿਆਂ ਦੇ ਕਿੰਨੇ ਕੂ ਫ਼ੋਨ ਆ ਚੁੱਕੇ ਹਨ। ਮੇਰੀ ਸਮਝ ਤੋਂ ਬਾਹਰ ਹੈ ਕਿ ਇਹ ਸ਼ਰਾਰਤ ਕਿਸ ਨੇ ਕੀਤੀ।" ਉਨ੍ਹਾਂ ਕਿਹਾ ਕਿ ਅਜਿਹੀਆਂ



ਝੂਠੀਆਂ ਖ਼ਬਰਾਂ ਨਾ ਸਿਰਫ਼ ਪਰਿਵਾਰ ਅਤੇ ਦੋਸਤਾਂ ਨੂੰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰਦੀਆਂ ਹਨ, ਸਗੋਂ ਪ੍ਰਸ਼ੰਸਕਾਂ ਵਿੱਚ ਵੀ ਬੇਲੋੜਾ ਡਰ ਅਤੇ ਚਿੰਤਾ ਪੈਦਾ ਕਰਦੀਆਂ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਕਿਸੇ ਵੀ ਖ਼ਬਰ 'ਤੇ ਵਿਸ਼ਵਾਸ ਕਰਨ ਤੋਂ ਪਹਿਲਾਂ ਉਸ ਦੀ ਸੱਚਾਈ ਦੀ ਪੁਸ਼ਟੀ ਜ਼ਰੂਰ ਕਰ ਲੈਣ।

ਜ਼ਿਕਰਯੋਗ ਹੈ ਕਿ 85 ਸਾਲਾ ਜਤਿੰਦਰ ਕੌਰ ਪਿਛਲੇ ਲਗਭਗ ਛੇ ਦਹਾਕਿਆਂ ਤੋਂ ਪੰਜਾਬੀ ਰੰਗਮੰਚ, ਰੇਡੀਓ, ਟੈਲੀਵੀਜ਼ਨ ਅਤੇ ਸਿਨੇਮਾ ਨਾਲ ਜੁੜੇ ਹੋਏ ਹਨ। ਉਨ੍ਹਾਂ ਨੇ ਆਪਣੀ ਸਾਦਗੀ ਭਰੀ ਅਦਾਕਾਰੀ, ਹਾਸਰਸ ਕਿਰਦਾਰਾਂ ਅਤੇ ਮਾਂ ਦੀਆਂ ਮਮਤਾ ਭਰੀਆਂ ਭੂਮਿਕਾਵਾਂ ਰਾਹੀਂ ਦਰਸ਼ਕਾਂ ਦੇ ਦਿਲਾਂ ਵਿੱਚ ਵਿਸ਼ੇਸ਼ ਥਾਂ ਬਣਾਈ ਹੈ। ਰੰਗਮੰਚ 'ਤੇ ਉਨ੍ਹਾਂ ਵੱਲੋਂ ਨਿਭਾਏ ਗਏ ਨਾਟਕ ਠੇਠ ਪੰਜਾਬੀ ਬੋਲੀ ਅਤੇ ਨਰੋਏ ਸਮਾਜਕ ਮੁੱਲਾਂ ਦੀ ਪ੍ਰਤੀਨਿਧਤਾ ਕਰਦੇ ਹਨ। ਜਤਿੰਦਰ ਕੌਰ ਦੇ ਤੰਦਰੁਸਤ ਹੋਣ ਦੀ ਪੁਸ਼ਟੀ ਤੋਂ ਬਾਅਦ ਉਨ੍ਹਾਂ ਦੇ ਪ੍ਰਸ਼ੰਸਕਾਂ ਨੇ ਸੁੱਖ ਦਾ ਸਾਹ ਲਿਆ ਹੈ।

# ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਵੱਲੋਂ ਪਹਿਲੀ ਵਾਰ ਯੂਨੀਵਰਸਿਟੀ ਕੋਰਸਿਜ਼ ਪਾਲਿਸੀ ਜਾਰੀ

**ਫ਼ਰੀਦਕੋਟ (ਸ਼ਿਵਨਾਥ)** ਅਕਾਦਮਿਕ ਪਾਰਦਰਸ਼ਤਾ, ਗੁਣਵੱਤਾ ਭਰੋਸਾ ਅਤੇ ਵਿਦਿਆਰਥੀ-ਕੇਂਦਰਿਤ ਪ੍ਰਸ਼ਾਸਨ ਨੂੰ ਹੋਰ ਮਜ਼ਬੂਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਦਿਆਂ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ (ਬੀ.ਐਫ.ਯੂ.ਐੱਚ.ਐੱਸ.), ਫਰੀਦਕੋਟ ਵੱਲੋਂ ਪਹਿਲੀ ਵਾਰ ਯੂਨੀਵਰਸਿਟੀ ਕੋਰਸਿਜ਼ ਪਾਲਿਸੀ ਜਾਰੀ ਕੀਤੀ ਗਈ ਹੈ। ਇਸ ਵਿਸਤ੍ਰਿਤ ਪ੍ਰਕਾਸ਼ਨ ਵਿੱਚ ਯੂਨੀਵਰਸਿਟੀ ਅਧੀਨ ਚਲਾਏ ਜਾ ਰਹੇ ਸਮੂਹ ਅਕਾਦਮਿਕ ਕੋਰਸਾਂ ਬਾਰੇ ਪ੍ਰਮਾਣਿਕ, ਨਵੀਨਤਮ ਅਤੇ ਆਸਾਨੀ ਨਾਲ ਉਪਲਬਧ ਜਾਣਕਾਰੀ ਇੱਕੋ ਥਾਂ ਮੁਹੱਈਆ ਕਰਵਾਈ ਗਈ ਹੈ।

ਇਸ ਪ੍ਰਕਾਸ਼ਨ ਨੂੰ ਜਾਰੀ ਕਰਦਿਆਂ ਯੂਨੀਵਰਸਿਟੀ ਦੇ ਮਾਨਯੋਗ ਵਾਈਸ-ਚਾਂਸਲਰ ਪ੍ਰੋ. (ਡਾ.) ਰਾਜੀਵ ਸੂਦ ਨੇ ਕਿਹਾ ਕਿ ਯੂਨੀਵਰਸਿਟੀ ਕੋਰਸਿਜ਼ ਪਾਲਿਸੀ ਯੂਨੀਵਰਸਿਟੀ ਦੀ ਅਕਾਦਮਿਕ ਉੱਤਮਤਾ, ਪਾਰਦਰਸ਼ਤਾ ਅਤੇ ਗੁਣਵੱਤਾ ਭਰਪੂਰ ਸਿੱਖਿਆ ਪ੍ਰਤੀ ਵਚਨਬੱਧਤਾ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਇਹ ਪ੍ਰਕਾਸ਼ਨ ਵਿਦਿਆਰਥੀਆਂ, ਮਾਪਿਆਂ, ਸਿੱਖਿਆ ਸੰਸਥਾਵਾਂ ਅਤੇ ਹੋਰ ਸਾਰੇ ਹਿੱਸੇਦਾਰਾਂ ਲਈ ਇੱਕ ਭਰੋਸੇਯੋਗ ਮਾਰਗਦਰਸ਼ਕ ਵਜੋਂ ਤਿਆਰ ਕੀਤਾ ਗਿਆ ਹੈ, ਜਿਸ ਵਿੱਚ ਵੱਖ-ਵੱਖ ਕੋਰਸਾਂ, ਯੋਗਤਾ, ਦਾਖਲਾ ਪ੍ਰਕਿਰਿਆ, ਕੋਰਸ ਦੀ ਮਿਆਦ, ਸੰਬੰਧਤ ਕਾਲਜਾਂ ਅਤੇ ਰੁਜ਼ਗਾਰ ਦੇ ਮੌਕਿਆਂ ਬਾਰੇ ਵਿਸਤ੍ਰਿਤ ਜਾਣਕਾਰੀ ਸ਼ਾਮਲ ਕੀਤੀ ਗਈ ਹੈ।

ਪ੍ਰੋ. ਸੂਦ ਨੇ ਕਿਹਾ ਕਿ ਸਿੱਖਿਆ ਗਿਆਨ, ਨਵੀਨਤਾ ਅਤੇ ਰਾਸ਼ਟਰ ਨਿਰਮਾਣ ਦੀ ਬੁਨਿਆਦ ਹੈ। ਰਾਸ਼ਟਰੀ ਸਿੱਖਿਆ ਨੀਤੀ (ਐਨ.ਈ.ਪੀ.) 2020 ਦੇ ਉਦੇਸ਼ਾਂ ਅਨੁਸਾਰ ਬੀ.ਐਫ.ਯੂ.ਐੱਚ.ਐੱਸ. ਗੁਣਵੱਤਾ ਭਰਪੂਰ ਸਿੱਖਿਆ, ਬਹੁ-ਵਿਸ਼ਾਗਤ ਅਧਿਐਨ, ਖੋਜ, ਨਵੀਨਤਾ ਅਤੇ ਹੁਨਰ-ਆਧਾਰਿਤ ਸਿਖਲਾਈ ਨੂੰ ਲਗਾਤਾਰ ਉਤਸ਼ਾਹਿਤ ਕਰ ਰਹੀ ਹੈ, ਤਾਂ ਜੋ ਸਿਹਤ ਸੇਵਾਵਾਂ ਦੇ



ਖੇਤਰ ਵਿੱਚ ਭਵਿੱਖ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਸਮਰੱਥ ਅਤੇ ਕੁਸ਼ਲ ਮਨੁੱਖੀ ਸੰਸਾਧਨ ਤਿਆਰ ਕੀਤੇ ਜਾ ਸਕਣ।

ਵਾਈਸ-ਚਾਂਸਲਰ ਨੇ ਕਿਹਾ ਕਿ ਯੂਨੀਵਰਸਿਟੀ ਕੋਰਸਿਜ਼ ਪਾਲਿਸੀ ਸਿਰਫ਼ ਇੱਕ ਪ੍ਰਾਸਪੈਕਟਸ ਨਹੀਂ ਹੈ, ਸਗੋਂ ਇਹ ਇੱਕ ਮਹੱਤਵਪੂਰਨ ਨੀਤੀ ਦਸਤਾਵੇਜ਼ ਹੈ, ਜਿਸ ਦਾ ਉਦੇਸ਼ ਅਕਾਦਮਿਕ ਪਾਰਦਰਸ਼ਤਾ ਨੂੰ ਹੋਰ ਮਜ਼ਬੂਤ ਕਰਨਾ, ਵਿਦਿਆਰਥੀਆਂ ਨੂੰ ਸਹੀ ਅਤੇ ਪ੍ਰਮਾਣਿਕ ਜਾਣਕਾਰੀ ਦੇ ਆਧਾਰ 'ਤੇ ਆਪਣੇ ਅਕਾਦਮਿਕ ਭਵਿੱਖ ਬਾਰੇ ਸੂਝ-ਬੂਝ ਨਾਲ ਫ਼ੈਸਲੇ ਲੈਣ ਵਿੱਚ ਸਹਾਇਤਾ ਕਰਨਾ ਅਤੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਦਾ ਯੂਨੀਵਰਸਿਟੀ ਪ੍ਰਤੀ ਭਰੋਸਾ ਹੋਰ ਮਜ਼ਬੂਤ ਕਰਨਾ ਹੈ।

ਪ੍ਰੋ. ਸੂਦ ਨੇ ਇਸ ਪ੍ਰਕਾਸ਼ਨ ਨੂੰ ਤਿਆਰ ਕਰਨ ਵਿੱਚ ਇੰਟਰਨਲ ਕੁਆਲਿਟੀ ਐਸ਼ੋਰੈਂਸ ਸੈੱਲ (ਿਥਅਛ), ਯੂਨੀਵਰਸਿਟੀ ਦੇ ਸੰਵਿਧਾਨਕ ਅਤੇ ਸੰਬੰਧਤ ਕਾਲਜਾਂ ਦੇ ਪ੍ਰਿੰਸੀਪਲਾਂ, ਅਧਿਆਪਕਾਂ, ਅਧਿਕਾਰੀਆਂ ਅਤੇ ਕਰਮਚਾਰੀਆਂ ਦੇ ਸਾਂਝੇ ਯੋਗਦਾਨ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਹ ਪਹਿਲ ਯੂਨੀਵਰਸਿਟੀ ਦੀ ਗੁਣਵੱਤਾ, ਜਵਾਬਦੇਹੀ, ਸਹਿਯੋਗ ਅਤੇ ਨਿਰੰਤਰ ਸੰਸਥਾਗਤ ਸੁਧਾਰ ਦੀ ਕਾਰਜ-ਸੰਸਕ੍ਰਿਤੀ ਨੂੰ ਦਰਸਾਉਂਦੀ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਯੂਨੀਵਰਸਿਟੀ ਕੋਰਸਿਜ਼ ਪਾਲਿਸੀ ਦਾ ਪ੍ਰਕਾਸ਼ਨ ਇੱਕ ਵਿਸ਼ਾਲ ਸੰਸਥਾਗਤ ਪਹਿਲ ਦੀ ਸ਼ੁਰੂਆਤ ਹੈ, ਜਿਸ ਤਹਿਤ ਆਈ.ਕਿਊ.ਏ.ਸੀ. ਵੱਲੋਂ ਅਕਾਦਮਿਕ ਅਤੇ ਪ੍ਰਸ਼ਾਸਨਿਕ ਖੇਤਰਾਂ ਨਾਲ ਸਬੰਧਤ ਲਗਭਗ 20 ਵਿਸਤ੍ਰਿਤ ਨੀਤੀ ਦਸਤਾਵੇਜ਼ ਤਿਆਰ ਕਰਕੇ ਜਾਰੀ ਕੀਤੇ ਜਾਣਗੇ। ਇਨ੍ਹਾਂ ਨੀਤੀ ਦਸਤਾਵੇਜ਼ਾਂ ਨਾਲ ਯੂਨੀਵਰਸਿਟੀ ਦੇ ਪ੍ਰਸ਼ਾਸਨ ਨੂੰ ਹੋਰ ਮਜ਼ਬੂਤ ਬਣਾਉਣ, ਅਕਾਦਮਿਕ ਅਤੇ ਪ੍ਰਸ਼ਾਸਨਿਕ ਪ੍ਰਕਿਰਿਆਵਾਂ ਵਿੱਚ ਇੱਕਸਾਰਤਾ ਲਿਆਉਣ, ਗੁਣਵੱਤਾ ਭਰੋਸਾ ਪ੍ਰਣਾਲੀ ਨੂੰ ਮਜ਼ਬੂਤ ਕਰਨ ਅਤੇ ਯੂਨੀਵਰਸਿਟੀ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਗੁਣਵੱਤਾ ਮਾਪਦੰਡਾਂ ਦੇ ਅਨੁਕੂਲ ਬਣਾਉਣ ਵਿੱਚ ਮਦਦ ਮਿਲੇਗੀ।

ਇਸ ਪਹਿਲ ਦੀ ਸਫਲਤਾ ਪ੍ਰਤੀ ਵਿਸ਼ਵਾਸ ਪ੍ਰਗਟ ਕਰਦਿਆਂ ਵਾਈਸ-ਚਾਂਸਲਰ ਨੇ ਕਿਹਾ ਕਿ ਯੂਨੀਵਰਸਿਟੀ ਕੋਰਸਿਜ਼ ਪਾਲਿਸੀ ਦਾ ਇਹ ਪਹਿਲਾ ਸੰਸਕਰਣ ਵਿਦਿਆਰਥੀਆਂ, ਸਿੱਖਿਆ ਸੰਸਥਾਵਾਂ ਅਤੇ ਹੋਰ ਹਿੱਸੇਦਾਰਾਂ ਲਈ ਇੱਕ ਮਹੱਤਵਪੂਰਨ ਸੰਦਰਭ ਦਸਤਾਵੇਜ਼ ਸਾਬਤ ਹੋਵੇਗਾ। ਉਨ੍ਹਾਂ ਅਕਾਦਮਿਕ ਭਾਈਚਾਰੇ, ਵਿਦਿਆਰਥੀਆਂ ਅਤੇ ਆਮ ਲੋਕਾਂ ਨੂੰ ਭਵਿੱਖ ਦੇ ਸੰਸਕਰਣਾਂ ਅਤੇ ਹੋਰ ਨੀਤੀ ਦਸਤਾਵੇਜ਼ਾਂ ਨੂੰ ਹੋਰ ਬਿਹਤਰ ਬਣਾਉਣ ਲਈ ਆਪਣੇ ਕੀਮਤੀ ਸੁਝਾਅ ਅਤੇ ਫੀਡਬੈਕ ਦੇਣ ਦਾ ਵੀ ਸੱਦਾ ਦਿੱਤਾ। ਯੂਨੀਵਰਸਿਟੀ ਕੋਰਸਿਜ਼ ਪਾਲਿਸੀ ਦੇ ਇਸ ਪਹਿਲੇ ਸੰਸਕਰਣ ਦੇ ਜਾਰੀ ਹੋਣ ਨਾਲ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਨੇ ਅਕਾਦਮਿਕ ਉੱਤਮਤਾ, ਪਾਰਦਰਸ਼ਤਾ, ਗੁਣਵੱਤਾ ਭਰੋਸਾ ਅਤੇ ਦੇਸ਼ ਵਿੱਚ ਸਿਹਤ ਸਿੱਖਿਆ ਦੇ ਸਰਵਪੱਖੀ ਵਿਕਾਸ ਪ੍ਰਤੀ ਆਪਣੀ ਵਚਨਬੱਧਤਾ ਨੂੰ ਇੱਕ ਵਾਰ ਫਿਰ ਦੁਹਰਾਇਆ ਹੈ।

# ਪੰਜਾਬ ਪੈਨਸ਼ਨਰਜ਼ ਯੂਨੀਅਨ ਜ਼ਿਲ੍ਹਾ ਫਰੀਦਕੋਟ ਵੱਲੋਂ ਭਗਵੰਤ ਮਾਨ ਸਰਕਾਰ ਦੀਆਂ ਮੁਲਾਜ਼ਮ ਅਤੇ ਪੈਨਸ਼ਨਰ ਵਿਰੋਧੀ ਨੀਤੀਆਂ ਦੀ ਸਖ਼ਤ ਨਿਖੇਧੀ

## 17 ਜੁਲਾਈ ਨੂੰ ਜ਼ਿਲ੍ਹਾ ਪੱਧਰੀ ਐਕਸ਼ਨ, 29 ਜੁਲਾਈ ਨੂੰ ਸੰਗਰੂਰ ਰੈਲੀ ਅਤੇ 7 ਅਗਸਤ ਨੂੰ ਚੰਡੀਗੜ੍ਹ ਮਹਾਂ ਰੈਲੀ ਵਿੱਚ ਭਰਵੀਂ ਸ਼ਮੂਲੀਅਤ ਕਰਨ ਦਾ ਫੈਸਲਾ

**ਕੋਟਕਪੂਰਾ ( ਸ਼ਿਵਨਾਥ)** ਅੱਜ ਸਥਾਨਕ ਸ਼ਹੀਦ ਭਗਤ ਸਿੰਘ ਪਾਰਕ ਵਿੱਚ ਪੰਜਾਬ ਪੈਨਸ਼ਨਰਜ਼ ਯੂਨੀਅਨ ਸਬੰਧਤ ਏਟਕ ਜ਼ਿਲ੍ਹਾ ਫਰੀਦਕੋਟ ਦੀ ਮਹੀਨਾਵਾਰ ਮੀਟਿੰਗ ਕੁਲਵੰਤ ਸਿੰਘ ਚਾਨੀ ਜ਼ਿਲ੍ਹਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ।ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਪੈਨਸ਼ਨਰ ਆਗੂ ਇਕਬਾਲ ਸਿੰਘ ਮੰਘੇੜਾ, ਸੋਮ ਨਾਥ ਅਰੋੜਾ ਤਰਸੇਮ ਨਰੂਲਾ, ਇਕਬਾਲ ਸਿੰਘ ਰਣ ਸਿੰਘ ਵਾਲਾ, ਅਮਰਜੀਤ ਕੌਰ ਛਾਬੜਾ ਅਤੇ ਮੰਦਰ ਸਿੰਘ ਲੈਕਚਰਾਰ ਨੇ ਦੋਸ਼ ਲਾਇਆ ਕਿ ਪੰਜਾਬ ਵਿੱਚ ਹੁਕਮਰਾਨ ਭਗਵੰਤ ਮਾਨ ਸਰਕਾਰ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ 18 ਫੀਸਦੀ ਦੀ ਦਰ ਨਾਲ ਡੀ ਏ ਦੀਆਂ ਬਣਦੀਆਂ 6 ਕਿਸਤਾਂ ਦੇਣ ਤੋਂ ਵੀ ਮੁਨਕਰ ਹੋ ਗਈ ਹੈ ਅਤੇ ਮਾਨਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਵਿੱਚ ਮੁਲਾਜ਼ਮ ਅਤੇ ਪੈਨਸ਼ਨਰ ਵਿਰੋਧੀ ਦਲੀਲਾਂ ਪੇਸ਼ ਕਰਕੇ ਡੀ ਏ ਨੂੰ ਕੇਂਦਰੀ ਪੈਟਰਨ ਨਾਲੋਂ ਡੀਲਿੰਕ ਕਰਨ ਦੀਆਂ ਕੋਝੀਆਂ ਹਰਕਤਾਂ ਕਰ ਰਹੀ ਹੈ। ਮੀਟਿੰਗ




ਦੌਰਾਨ ਪੈਨਸ਼ਨਰ ਆਗੂ ਤਰਸੇਮ ਨਰੂਲਾ ਵੱਲੋਂ ਪਿਛਲੇ ਸਮੇਂ ਦੌਰਾਨ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨਾਲ ਸਬੰਧਤ ਹੋਏ ਵੱਖ ਵੱਖ ਅਦਾਲਤੀ ਫੈਸਲਿਆਂ ਬਾਰੇ ਅਤੇ ਪੈਨਸ਼ਨ ਸੇਵਾ ਪੋਰਟਲ ਤੇ ਪੈਨਸ਼ਨਰਾਂ ਦਾ ਐਲ ਟੀ ਸੀ ਅਪਲਾਈ ਕਰਨ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਗਈ।

ਮੀਟਿੰਗ ਦੌਰਾਨ ਫੈਸਲਾ ਕੀਤਾ ਗਿਆ ਕਿ ਭਗਵੰਤ ਮਾਨ ਸਰਕਾਰ ਦੇ ਮੁਲਾਜ਼ਮ ਅਤੇ ਪੈਨਸ਼ਨ ਵਿਰੋਧੀ ਵਤੀਰੇ ਦੇ ਖਿਲਾਫ ਸਾਂਝੀ ਤਾਲਮੇਲ ਕਮੇਟੀ ,ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ, ਸਾਂਝਾ ਮੁਲਾਜ਼ਮ ਮੰਚ ਦੇ ਸੱਦੇ ਤੇ 17 ਜੁਲਾਈ ਨੂੰ ਡੀ ਸੀ ਦਫਤਰ ਫਰੀਦਕੋਟ ਵਿਖੇ ਜ਼ਿਲ੍ਹਾ ਪੱਧਰੀ ਐਕਸ਼ਨ , ਪੈਨਸ਼ਨਰ ਜੁਆਇੰਟ ਫਰੰਟ ਵੱਲੋਂ 29 ਜੁਲਾਈ ਨੂੰ ਸੰਗਰੂਰ ਰੈਲੀ ਅਤੇ ਸਾਂਝੀ ਤਾਲਮੇਲ ਕਮੇਟੀ ਵੱਲੋਂ 7 ਅਗਸਤ ਨੂੰ ਚੰਡੀਗੜ੍ਹ ਵਿਖੇ ਹੋ ਰਹੀ ਮਹਾਂ ਰੈਲੀ ਵਿੱਚ ਭਰਵੀ ਸ਼ਮੂਲੀਅਤ ਕਰਨ ਦਾ ਫੈਸਲਾ ਕੀਤਾ ਗਿਆ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਪੈਨਸ਼ਨਰ ਆਗੂ ਪਰਮਿੰਦਰ ਸਿੰਘ ਜਟਾਣਾ,ਤਾਰਾ ਸਿੰਘ , ਹਰਦੀਪ ਸਿੰਘ ਲੈਕਚਰਾਰ, ਵਿਨੋਦ ਕੁਮਾਰ ਲੈਕਚਰਾਰ, ਜਸਪਾਲ ਸਿੰਘ, ਰਮੇਸ਼ਵਰ ਸਿੰਘ ਸੁਪਰਡੈਂਟ , ਗੁਰਕੀਰਤ ਸਿੰਘ ਬਰਾੜ, ਮੇਜਰ ਸਿੰਘ ਡੀ ਪੀ ਈ, ਗੁਰਦੀਪ ਭੋਲਾ ਪੀ ਆਰ ਟੀ ਸੀ, ਰੰਜੀਵ ਕੌਸ਼ਲ ਸਿਹਤ ਵਿਭਾਗ , ਗੇਜ਼ ਰਾਮ ਭੌਰਾ, ਦਲੋਰ ਸਿੰਘ, ਹਰਭਜਨ ਸਿੰਘ ਅਤੇ ਗੁਲਵੰਤ ਸਿੰਘ ਔਲਖ ਆਦਿ ਹਾਜ਼ਰ ਸਨ।

# ਅੰਬੇਡਕਰਵਾਦੀ, ਬੋਧੀ, ਵਿਦਵਾਨ ਨਰੇਸ਼ ਬੰਗਾ ਜੀ ਦੇ ਸਦੀਂਵੀ ਵਿਛੋੜੇ 'ਤੇ ਕੀਤਾ ਗਹਿਰੇ ਦੁੱਖ ਦਾ ਪ੍ਰਗਟਾਵਾ

## ਲੇਟ ਨਰੇਸ਼ ਬੰਗਾ ਜੀ ਦੀ ਸੋਚ ਅਤੇ ਮਿਸ਼ਨ ਨੂੰ ਹਮੇਸ਼ਾ ਜਿੰਦਾ ਰੱਖਿਆ ਜਾਵੇਗਾ – ਐਡਵੋਕੇਟ ਭੱਟੀ

**ਫਗਵਾੜਾ 15 ਜੁਲਾਈ ( ਚਰਨਜੀਤ ਸੱਲ੍ਹਾ )** ਡਾ.ਅੰਬੇਡਕਰ ਬੁਧਿੱਸਟ ਰਿਸੋਰਸ ਸੈਂਟਰ ਮੈਨੇਜਿੰਗ ਕਮੇਟੀ, ਡਾ.ਅੰਬੇਡਕਰ ਮੈਮੋਰੀਅਲ ਪਬਲਿਕ ਹਾਈ ਸਕੂਲ ਸੂੰਢ ਅਤੇ ਡਾ.ਅੰਬੇਡਕਰ ਮੈਮੋਰੀਅਲ ਕਮੇਟੀ ਪੰਜਾਬ ਦੇ ਸਮੂਹ ਮੈਂਬਰਾਂ, ਅਹੁਦੇਦਾਰਾਂ, ਸਕੂਲ ਸਟਾਫ ਨੇ ਮਹਾਂਦਾਨੀ, ਅੰਬੇਡਕਰਵਾਦੀ, ਬੋਧੀ, ਵਿਦਵਾਨ ਨਰੇਸ਼ ਬੰਗਾ ਜੀ ਦੇ ਸਦੀਂਵੀ ਵਿਛੋੜੇ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਕਮੇਟੀ ਪ੍ਰਧਾਨ ਐਡਵੋਕੇਟ ਕੁਲਦੀਪ ਭੱਟੀ ਨੇ ਕਿਹਾ ਕਿ ਲੇਟ ਨਰੇਸ਼ ਬੰਗਾ ਨੇ ਆਪਣੀ ਸਾਰੀ ਜਾਇਦਾਦ ਜੋ ਭਾਰਤ ਅਤੇ ਇੰਗਲੈਂਡ ਵਿਚ ਹੈ ਉਹ ਡਾ.ਅੰਬੇਡਕਰ


Late Naresh Banga Ji

ਮੈਮੋਰੀਅਲ ਪਬਲਿਕ ਹਾਈ ਸਕੂਲ ਨੂੰ ਐਜੂਕੇਸ਼ਨ ਦੇ ਖੇਤਰ ਵਿੱਚ ਅੱਗੇ ਵਧਾਉਣ ਲਈ ਦਾਨ ਕੀਤੀ ਹੈ।ਭੱਟੀ ਨੇ ਕਿਹਾ ਕਿ ਲੇਟ ਨਰੇਸ਼ ਬੰਗਾ ਜੀ ਦਾ ਸੁਪਨਾ ਸੀ ਕਿ ਬਹੁਜਨ ਸਮਾਜ ਵੱਧ ਤੋਂ ਵੱਧ ਸਿੱਖਿਆ ਪ੍ਰਾਪਤ ਕਰਕੇ ਅੱਗੇ ਵਧੇ ਅਤੇ ਮਹਾਂਪੁਰਸ਼ਾਂ ਦੇ ਮਿਸ਼ਨ ਨੂੰ ਆਪਣੇ ਜੀਵਨ ਵਿੱਚ ਅਪਨਾ ਕੇ ਆਪਣੀ ਜ਼ਿੰਦਗੀ ਨੂੰ ਬੇਹਤਰ ਬਣਾਉਣ ਅਤੇ ਭਾਰਤ ਨੂੰ ਬੁੱਧਮਈ ਬਣਾਉਣ ਲਈ ਆਪਣਾ ਵਡਮੁੱਲਾ ਯੋਗਦਾਨ ਪਾਉਣ। ਭੱਟੀ ਨੇ ਕਿਹਾ ਕਿ ਲੇਟ ਨਰੇਸ਼ ਬੰਗਾ ਜੀ ਵਲੋਂ ਕੀਤੇ ਮਹਾਨ ਕਾਰਜਾ ਕਰਕੇ ਉਨ੍ਹਾ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ ਅਤੇ ਉਨ੍ਹਾ ਦੀ ਸੋਚ ਅਤੇ ਮਿਸ਼ਨ ਨੂੰ ਹਮੇਸ਼ਾ ਜਿੰਦਾ ਰੱਖਿਆ ਜਾਵੇਗਾ। ਇਸ ਮੌਕੇ ਹਰਬਲਾਸ ਬਸਰਾ ਉੱਪ ਪ੍ਰਧਾਨ, ਪ੍ਰਵੀਨ ਬੰਗਾ, ਐਡਵੋਕੇਟ ਜੈ ਭੀਮ ਪ੍ਰਕਾਸ਼, ਮਹੇਸ਼ ਕੁਮਾਰ, ਸਲਿੰਦਰ ਸਿੰਘ ਹੀਰਾ, ਦੀਨ ਦਿਆਲ, ਪ੍ਰਿੰਸੀਪਲ ਮਨਜੀਤ ਲੌਂਗੀਆ, ਮੈਡਮ ਅੰਜਲੀ ਵਾਈਸ ਪ੍ਰਿੰਸੀਪਲ, ਸੋਢੀ ਰਾਮ ਝੱਲੀ, ਮਨਜੋਤ ਲੌਂਗੀਆ, ਪ੍ਰਕਾਸ਼ ਫਰਾਲਾ, ਹਰਮਨ ਕੁਮਾਰ, ਸੁਨੀਤਾ ਕੁਮਾਰੀ ਤੋਂ ਇਲਾਵਾ ਸਕੂਲ ਸਟਾਫ ਨੇ ਵੀ ਨਰੇਸ਼ ਬੰਗਾ ਜੀ ਦੇ ਸਦੀਂਵੀ ਵਿਛੋੜੇ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਗ੍ਰਾਮ ਪੰਚਾਇਤ ਭੰਮੀਪੁਰਾ ਨੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ



**ਰਾਏਕੋਟ (ਗੁਰਭਿੰਦਰ ਗੁਰੀ)**

ਪੰਜਾਬ ਦੀ 'ਆਪ' ਸਰਕਾਰ ਦੀ ਅਗਵਾਈ ਹੇਠ ਚੱਲ ਰਹੇ ਵਿਕਾਸ-ਕਾਰਜਾ ਲਈ ਅੱਜ ਸਰਪੰਚ ਮਨਪ੍ਰੀਤ ਕੌਰ ਅਤੇ ਗ੍ਰਾਮ ਪੰਚਾਇਤ ਭੰਮੀਪੁਰਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਹਲਕਾ ਵਿਧਾਇਕਾ ਬੀਬੀ ਸਰਬਜੀਤ ਕੌਰ ਮਾਣੂੰਕੇ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ।ਇਸ ਮੌਕੇ ਗੱਲਬਾਤ ਕਰਦਿਆ ਆਮ-ਆਦਮੀ ਪਾਰਟੀ ਦੇ ਸੀਨੀਅਰ ਆਗੂ ਡਾ:ਗੁਰਪ੍ਰੀਤ ਸਿੰਘ ਭੰਮੀਪੁਰਾ ਨੇ ਕਿਹਾ ਕਿ ਪੰਜਾਬ ਵਿਚ ਲੰਮਾ ਸਮਾਂ ਕਾਗਰਸ ਅਤੇ ਸ੍ਰੋਮਣੀ ਅਕਾਲੀ ਦਲ-ਭਾਜਪਾ ਦੀ ਸਰਕਾਰ ਰਹੀ ਹੈ ਪਰ ਕਿਸੇ ਵੀ ਸਰਕਾਰ ਨੇ ਪਿੰਡ ਭੰਮੀਪੁਰਾ ਦੇ ਵਿਕਾਸ-ਕਾਰਜਾ ਵੱਲ ਕੋਈ ਤਵੱਜੋ ਨਹੀ ਦਿੱਤੀ।ਉਨ੍ਹਾ ਕਿਹਾ ਕਿ ਪਿੰਡ ਭੰਮੀਪੁਰਾ ਦੇ ਵਾਰਡ ਨੰਬਰ ਪੰਜ ਵਾਲੇ ਰਸਤੇ ਨੂੰ ਅੱਜ ਤੋ 25 ਸਾਲ ਪਹਿਲਾ ਪੱਕਾ ਕੀਤਾ ਗਿਆ ਸੀ ਅਤੇ ਮੌਜੂਦਾ ਸਮੇਂ ਇਹ ਰਸਤਾ ਕਾਫੀ ਨੀਵਾ ਹੋਣ ਕਰਕੇ ਬਰਸਾਤ ਦਾ ਪਾਣੀ ਰਸਤੇ ਵਿਚ ਖੜ੍ਹ ਜਾਦਾ ਸੀ ਜੋ ਪਿੰਡ ਵਾਸੀਆ ਲਈ ਵੱਡੀ ਸਮੱਸਿਆ ਬਣਿਆ ਹੋਇਆ ਸੀ।ਜਿਸ ਨੂੰ ਅੱਜ ਪੰਜਾਬ ਦੀ ਆਪ ਸਰਕਾਰ ਵੱਲੋ ਉੱਚਾ ਕਰਕੇ ਇੰਟਰਲੌਕ ਲਗਾਇਆ ਜਾ ਰਿਹਾ ਹੈ।ਇਸ ਰਸਤੇ ਦੀ ਕੁੱਲ ਲੰਬਾਈ 142 ਫੁੱਟ ਹੈ ਅਤੇ ਚੌੜਾਈ 24 ਫੁੱਟ ਹੈ ਜੋ ਕੁਝ ਹੀ ਦਿਨਾ ਵਿਚ ਤਿਆਰ ਹੋ ਕੇ ਲੋਕਾ ਨੂੰ ਸਮਰਪਿਤ ਕੀਤਾ ਜਾਵੇਗਾ।ਉਨ੍ਹਾ ਕਿਹਾ ਕਿ ਜਲਦੀ ਹੀ ਪਿੰਡ ਦੀਆ ਹੋਰ ਨੀਵੀਆ ਗਲੀਆ ਨੂੰ ਉੱਚਾ ਕਰਕੇ ਇੰਟਰਲੌਕ ਲਗਾਇਆ ਜਾਵੇਗਾ।ਇਸ ਮੌਕੇ ਉਨ੍ਹਾ ਨਾਲ ਸਰਪੰਚ ਮਨਪ੍ਰੀਤ ਕੌਰ ਭੰਮੀਪੁਰਾ,ਯੂਥ ਆਗੂ ਡਾ: ਗੁਰਪ੍ਰੀਤ ਸਿੰਘ ਗੋਪੀ, ਸਾਬਕਾ ਪੰਚ ਹਰਪ੍ਰੀਤ ਸਿੰਘ, ਯੂਥ ਆਗੂ ਹਰਪ੍ਰੀਤ ਸਿੰਘ ਬੱਬਾ, ਮੋਹਣ ਸਿੰਘ, ਹਰਮੰਦਰ ਸਿੰਘ,ਮਨਦੀਪ ਸਿੰਘ, ਪੰਚ ਮਾ:ਜਰਨੈਲ ਸਿੰਘ, ਪੰਚ ਦਲਜੀਤ ਕੌਰ, ਪੰਚ ਸੁਰਿੰਦਰਪਾਲ ਕੌਰ, ਪੰਚ ਦਿਲਜੀਤ ਕੌਰ, ਪੰਚ ਕੋਮਲਪ੍ਰੀਤ ਕੌਰ, ਪੰਚ ਸਰਬਜੀਤ ਕੌਰ, ਪੰਚ ਕਸਮੀਰ ਸਿੰਘ, ਪੰਚ ਮਨਦੀਪ ਸਿੰਘ,ਪੰਚ ਜਗਰੂਪ ਸਿੰਘ, ਦਵਿੰਦਰ ਸਿੰਘ, ਸਵਰਨ ਸਿੰਘ, ਬੇਅੰਤ ਸਿੰਘ, ਬੌਬੀ ਰਾਮ, ਬਾਬਾ ਹਰਜਿੰਦਰ ਸਿੰਘ,ਗੁਰਸੇਵਕ ਸਿੰਘ, ਸੁਖਜੀਤ ਸਿੰਘ, ਰੂਪ ਸਿੰਘ ਆਦਿ ਹਾਜ਼ਰ ਸਨ।

# ਸਾਂਝੀਵਾਲਤਾ ਦੀ ਸਿਰਜਣਾ ਨੂੰ ਪ੍ਰਨਾਏ ਸਨ ਗ਼ਦਰੀ ਅਤੇ ਬਬਰ ਅਕਾਲੀ: ਅਮੋਲਕ ਸਿੰਘ



**ਬਲਾਚੌਰ 15 ਜੁਲਾਈ ( ਜਤਿੰਦਰ ਪਾਲ ਸਿੰਘ ਕਲੇਰ )**–ਇਨਕਲਾਬੀ ਗ਼ਦਰੀ ਸੂਰਬੀਰਾਂ ਅਤੇ ਬੱਬਰ ਅਕਾਲੀਆਂ ਦਾ ਦੇਸ਼ ਨੂੰ ਆਜ਼ਾਦ ਕਰਾਉਣ ਦਾ ਮਕਸਦ ਹੀ ਕੁਝ ਹੋਰ ਸੀ। ਉਹਨਾਂ ਸਿੱਖ ਫਲਸਫੇ ਅਨੁਸਾਰ ਸਰਬੱਤ ਦੇ ਭਲੇ ਹਿਤ ਪੰਜਾਬ ਹੀ ਨਹੀਂ ਦੇਸ਼ ਦੇ ਦੂਸਰੇ ਸੂਬਿਆਂ ਦੇ ਇਨਕਲਾਬੀਆਂ ਦਾ ਵੀ ਪੂਰਾ ਪੂਰਾ ਸਹਿਯੋਗ ਲਿਆ ਅਤੇ ਉਸ ਨੂੰ ਅਮਲੀ ਜਾਮਾ ਪਹਿਨਾਇਆ। ਗ਼ਦਰੀ ਅਤੇ ਬਬਰ ਅਕਾਲੀ ਦੇਸ ਭਗਤ ਸਾਡੇ ਮੁਲਕ ਅੰਦਰ ਸਾਂਝੀਵਾਲਤਾ ਦਾ ਰਾਜ ਅਤੇ ਸਮਾਜ ਸਿਰਜਣ ਦੇ ਮਹਾਨ ਅਤੇ ਉਚੇਰੇ ਉਦੇਸ਼ ਨੂੰ ਪ੍ਰਨਾਏ ਹੋਏ ਸਨ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ, ਪੰਜਾਬ ਲੋਕ ਸਭਿਆਚਾਰਕ ਮੰਚ ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਵੱਲੋਂ ਨੇੜਲੇ ਪਿੰਡ ਰੱਕੜਾਂ ਬੇਟ ਵਿਖੇ ਬਬਰ ਅਕਾਲੀ ਰਤਨ ਸਿੰਘ ਰੱਕੜ ਦੇ 94 ਵੇਂ ਸ਼ਹੀਦੀ ਸਮਾਗਮ ਸਮੇਂ ਗੁਰਦੁਆਰਾ ਟਾਹਲੀ ਸਾਹਿਬ ਸੁੱਧਾ ਮਾਜਰਾ ਵਿਖੇ ਕੀਤਾ ਗਿਆ।

ਉਹਨਾਂ ਕਿਹਾ ਕਿ ਬੱਬਰ ਰਤਨ ਸਿੰਘ ਰੱਕੜ ਗ਼ਦਰ ਲਹਿਰ ਦੇ ਕਰਤਾਰ ਸਿੰਘ ਸਰਾਭਾ ਦੀ ਤਰ੍ਹਾਂ ਪੁਲਿਸ ਅਤੇ ਫੌਜ ਦੀਆਂ ਅੱਖਾਂ ਵਿਚ ਘੱਟਾ ਪਾਕੇ ਫ਼ਰਾਰ ਹੋ ਜਾਣ ਦਾ ਮਾਹਿਰ ਹੀ ਨਹੀਂ ਸੀ ਸਗੋਂ ਜਿਉਂਦੇ ਜੀਅ ਪੁਲਿਸ ਫ਼ੌਜ ਦੇ ਹੱਥ ਆਉਣ ਦੀ ਥਾਂ ਸ਼ਹੀਦੀ ਨੂੰ ਪਹਿਲ ਦੇਣਾ ਸੀ। ਉਹਨਾਂ ਨੂੰ ਕਾਲ੍ਹੇ ਪਾਣੀ ਵੀ ਭੇਜਿਆ ਗਿਆ। ਉਹਨਾਂ ਦਾ ਉਦੋਂ ਹੀ ਪਤਾ ਲਗਦਾ ਸੀ ਜਦੋਂ ਉਹ ਪੈਰਾਂ ਚ ਪਈਆਂ ਬੇੜੀਆਂ ਅਤੇ ਹੱਥਾਂ ਨੂੰ ਲੱਗੀਆਂ ਕੜੀਆਂ ਦੀ ਪ੍ਰਵਾਹ ਨਾ ਕਰਦਿਆਂ ਫ਼ਰਾਰ ਹੋ ਜਾਂਦਾ ਸੀ। ਉਹਨਾਂ ਦਾ ਟੀਚਾ ਦੇਸ਼ ਵਿਚ ਅਜੇਹਾ ਇਨਕਲਾਬ ਕਰਨਾ ਸੀ ਜਿੱਥੇ ਭਾਈ ਲਾਲੋਆਂ ਦੇ ਮਾਣ ਅਤੇ ਸਨਮਾਨ ਭਰੇ ਨਿਜ਼ਾਮ ਦੀ ਪੁੱਗਤ ਹੋਵੇ।

ਉਹਨਾਂ ਦਾ ਪਿੰਡ ਰੁੜਕੀ ਖ਼ਾਸ ( ਰੁੜਕੀ ਸੈਣੀਆਂ) ਵਿਖੇ ਭਾਰਤੀ ਫੌਜ ਅਤੇ ਪੁਲਿਸ ਨਾ਼ਲ ਹੋਏ ਲਹੂ ਡੋਲ੍ਹਵੇਂ ਮੁਕਾਬਲੇ ਬਾਰੇ ਸਮੇਂ ਦੇ ਕਵੀਆਂ ਨੇ ਵਾਰਾਂ ਰਚੀਆਂ।ਇਹ ਵਿਚਾਰ ਅਮੋਲਕ ਸਿੰਘ ਨੇ ਅੱਜ ਇੱਥੇ ਉਹਨਾਂ ਆਪਣੀ ਲਿਖੀ ਪੁਸਤਕ " ਗ਼ਦਰ ਅਤੇ ਇਨਕਲਾਬ ਦਾ ਕੌਮਾਂਤਰੀ ਰਾਜਦੂਤ ਭਾਈ ਰਤਨ ਸਿੰਘ ਰਾਏਪੁਰ ਡੱਬਾ " ਪ੍ਰਬੰਧਕਾਂ ਭਾਈ ਜਰਨੈਲ ਸਿੰਘ ਖਾਲਸਾ ਚੱਕ ਸਿੰਘਾ ਅਤੇ ਪੰਜਾਬੀ ਸਾਹਿਤ ਸਭਾ ਬਲਾਚੌਰ ਰਜਿ ਦੇ ਪ੍ਰਧਾਨ ਦੀਦਾਰ ਸਿੰਘ ਸ਼ੇਤਰਾ ਕੌਲਗੜ੍ਹ ਨਵਾਂਸ਼ਹਿਰ ਵਾਲ੍ਹਿਆਂ ਨੂੰ ਭੇਟ ਕਰਨ ਸਮੇਂ ਅਜੀਤ ਨਾ਼ਲ ਸਾਂਝੇ ਕੀਤੇ।ਇਸ ਮੌਕੇ ਅਮੋਲਕ ਸਿੰਘ ਦੇ ਨਾ਼ਲ ਤਲਵਿੰਦਰ ਹੀਰ, ਖੁਸ਼ੀ ਰਾਮ ਗੁਣਾਂਚੌਰ, ਦੇਵ ਰਾਜ ਗੁਣਾਂਚੌਰ, ਮਲਕੀਤ ਝਿੰਗੜ ਸੁਰਜੀਤ ਸਿੰਘ ਗੁਰਜਿੰਦਰ ਸਿੰਘ ਸਾਹਦੜਾ,ਮੁਲਾਜ਼ਮ ਆਗੂ ਬਗ਼ੀਚਾ ਸਿੰਘ ਰੱਕੜ, ਮਾਸਟਰ ਹਰਭਜਨ ਸਿੰਘ ਆਦਿ ਵੀ ਮੌਜੂਦ ਸਨ।

# ਸ਼ਹੀਦ ਬੱਬਰ ਰਤਨ ਸਿੰਘ ਰੱਕੜ ਦਾ ਸ਼ਹੀਦੀ ਸਮਾਗਮ ਗੁਰਦੁਆਰਾ ਟਾਹਲੀ ਸਾਹਿਬ ਵਿਖੇ ਮਨਾਇਆ

**●ਵੱਖ ਵੱਖ ਬੁਲਾਰਿਆਂ ਨੇ ਬੱਬਰ ਸ਼ਹੀਦਾਂ ਵਲੋਂ ਦਿੱਤੀਆਂ ਕੁਰਬਾਨੀਆਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ**

**●ਬਾਣੀ ਅਤੇ ਬਾਣੇ ਨਾਲ ਜੁੜ ਕੇ ਸਿੱਖ ਕੌਮ ਨੂੰ ਸੇਧ ਦੇਣੀ ਚਾਹੀਦੀ ਹੈ : ਭਾਈ ਮਨਧੀਰ ਸਿੰਘ**













**ਬਲਾਚੌਰ, 15 ਜੁਲਾਈ(ਜਤਿੰਦਰਪਾਲ ਸਿੰਘ ਕਲੇਰ)** ਬੱਬਰ ਅਕਾਲੀ ਲਹਿਰ ਦੇ ਸਿਰਮੌਰ ਯੋਧੇ ਸ਼ਹੀਦ ਬੱਬਰ ਰਤਨ ਸਿੰਘ ਰੱਕੜ ਜੀ ਦੀ ਨਿੱਘੀ ਅਤੇ ਪੂਜਨੀਕ ਯਾਦ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਅਤੇ ਸ਼ਹੀਦੀ ਦਿਹਾੜਾ ਬੁੱਧਵਾਰ, 15 ਜੁਲਾਈ 2026 ਨੂੰ ਗੁਰਦੁਆਰਾ ਟਾਹਲੀ ਸਾਹਿਬ, ਸੁੱਧਾ ਮਾਜਰਾ (ਬਲਾਚੌਰ) ਵਿਖੇ ਬੜੀ ਸ਼ਰਧਾ-ਭਾਵਨਾ ਨਾਲ ਆਯੋਜਿਤ ਕਰਵਾਇਆ ਗਿਆ। ਇਹ ਸਮਾਗਮ 'ਸ਼ਹੀਦ ਬੱਬਰ ਰਤਨ ਸਿੰਘ ਰੱਕੜ ਯਾਦਗਾਰੀ ਟਰੱਸਟ ' ਦੇ ਸੱਦੇ 'ਤੇ ਸਵੇਰੇ 9:30 ਵਜੇ ਤੋਂ ਦੁਪਹਿਰ 12:30 ਵਜੇ ਤੱਕ ਸਜੇ ਇਸ ਧਾਰਮਿਕ ਸਮਾਗਮ ਵਿੱਚ ਇਲਾਕੇ ਦੀਆਂ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਹੁੰਮ-ਹੁਮਾ ਕੇ ਹਾਜ਼ਰੀ ਭਰੀ ਅਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

ਸਮਾਗਮ ਦੌਰਾਨ ਪੁੱਜੀਆਂ ਪ੍ਰਮੁੱਖ ਧਾਰਮਿਕ ਸ਼ਖਸੀਅਤਾਂ ਨੇ ਬੱਬਰ ਰਤਨ ਸਿੰਘ ਰੱਕੜ ਜੀ ਦੀ ਜੀਵਨੀ 'ਤੇ ਵਿਸਥਾਰ ਪੂਰਵਕ ਚਾਨਣਾ ਪਾਉਂਦਿਆਂ ਸੰਗਤਾਂ ਨਾਲ ਅਹਿਮ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਸਟੇਜ ਸੰਚਾਲਨ ਦੀ ਅਹਿਮ ਭੂਮਿਕਾ ਮਾਸਟਰ ਬਖਸ਼ੀਸ਼ ਸਿੰਘ ਜੀ ਵੱਲੋਂ ਬਾਖੂਬੀ ਨਿਭਾਈ ਗਈ। ਇਸ ਦੇ ਨਾਲ ਹੀ ਪਰਮਜੀਤ ਸਿੰਘ ਟਾਂਡਾ ਲ ਨੇ ਵਿਸ਼ੇਸ਼ ਤੌਰ 'ਤੇ ਸੰਗਤਾਂ ਨੂੰ ਕੌਮ ਦੇ ਸ਼ਾਨਾਮੱਤੇ ਇਤਿਹਾਸ ਬਾਰੇ ਜਾਣੂ ਕਰਵਾਇਆ। ਦੀਵਾਨ ਵਿੱਚ ਹਾਜ਼ਰੀ ਭਰਦਿਆਂ ਗਿਆਨੀ ਹਰਦੀਪ ਸਿੰਘ ਸਾਧੜਾ ਦੇ ਇੰਟਰਨੈਸ਼ਨਲ ਪੰਥਕ ਢਾਡੀ ਜਥੇ ਨੇ ਆਪਣੀਆਂ ਜੋਸ਼ੀਲੀਆਂ ਵਾਰਾਂ ਰਾਹੀਂ ਸ਼ਹੀਦ ਬੱਬਰ ਅਕਾਲੀ ਰਤਨ ਸਿੰਘ ਰੱਕੜ ਜੀ ਦੀ ਯਾਦ ਨੂੰ ਸੰਗਤਾਂ ਦੇ ਮਨਾਂ ਵਿੱਚ ਤਾਜ਼ਾ ਕਰਵਾ ਦਿੱਤਾ।

ਧਾਰਮਿਕ ਦੀਵਾਨ ਦੀ ਸਮਾਪਤੀ ਉਪਰੰਤ ਪਾਵਨ ਹੁਕਮਨਾਮਾ ਸਾਹਿਬ ਲਿਆ ਗਿਆ, ਜਿਸ ਤੋਂ ਬਾਅਦ ਸੰਗਤਾਂ ਵਿੱਚ ਕੜਾਹ ਪ੍ਰਸ਼ਾਦ ਦੀਆਂ ਦੇਗਾਂ ਵਰਤਾਈਆਂ ਗਈਆਂ। ਗਰਮੀ ਦੇ ਮੌਸਮ ਨੂੰ ਮੁੱਖ ਰੱਖਦਿਆਂ ਸੰਗਤਾਂ ਲਈ ਠੰਡੇ-ਮਿੱਠੇ ਜਲ ਦੀਆਂ ਛਬੀਲਾਂ ਲਗਾਈਆਂ ਗਈਆਂ ਅਤੇ ਗੁਰੂ ਕਾ ਅਟੁੱਟ ਲੰਗਰ ਵਰਤਾਇਆ ਗਿਆ। ਸਮਾਗਮ ਵਿੱਚ ਸੇਵਾ ਭਾਵਨਾ ਦੀ ਅਦਭੁੱਤ ਮਿਸਾਲ ਦੇਖਣ ਨੂੰ ਮਿਲੀ ਜਿੱਥੇ ਸੰਗਤਾਂ ਨੂੰ ਲੰਗਰ ਛਕਾਉਣ ਦੀ ਅਹਿਮ ਜ਼ਿੰਮੇਵਾਰੀ 'ਨਿਸ਼ਕਾਮ ਸੇਵਾ ਦਲ, ਪਿੰਡ ਮਹਿੰਦੀਪੁਰ (ਬਲਾਚੌਰ)' ਵੱਲੋਂ ਨਿਰੰਤਰ ਨਿਭਾਈ ਗਈ। ਇਸੇ ਤਰ੍ਹਾਂ ਗੁਰਦੁਆਰਾ ਸਾਹਿਬ ਵਿਖੇ ਆਈਆਂ ਸੰਗਤਾਂ ਦੇ ਜੋੜਿਆਂ ਦੀ ਸਾਂਭ-ਸੰਭਾਲ ਦੀ ਨਿਸ਼ਕਾਮ ਸੇਵਾ 'ਭਾਈ ਘਨੱਈਆ ਦਲ' ਵੱਲੋਂ ਬੜੀ ਸ਼ਰਧਾ ਨਾਲ ਕੀਤੀ ਗਈ।

ਇਸ ਮੌਕੇ ਭਾਈ ਰਣਧੀਰ ਸਿੰਘ ਨੇ ਗੁਰੂ ਘਰ ਪੁੱਜੀਆਂ ਸਮੂਹ ਸੰਗਤਾਂ ਨੂੰ 'ਜੀ ਆਇਆਂ' ਆਖਿਆ ਅਤੇ ਉਨ੍ਹਾਂ ਦੀ ਭਾਰੀ ਸ਼ਮੂਲੀਅਤ ਲਈ ਧੰਨਵਾਦ ਕੀਤਾ। ਸਮਾਗਮ ਦੀ ਸਫਲਤਾ ਲਈ 'ਸ਼ਹੀਦ ਬੱਬਰ ਰਤਨ ਸਿੰਘ ਰੱਕੜ ਯਾਦਗਾਰੀ ਟਰੱਸਟ ' ਦੇ ਮੈਂਬਰਾਂ ਵੱਲੋਂ ਗੁਰਦੁਆਰਾ ਟਾਹਲੀ ਸਾਹਿਬ, ਸੁੱਧਾ ਮਾਜਰਾ ਦੇ ਸਮੂਹ ਪ੍ਰਬੰਧਕਾਂ ਅਤੇ ਮੁੱਖ ਸੇਵਾਦਾਰ ਬਾਬਾ ਬਿੰਦਾ ਜੀ ਦਾ ਪੂਰਨ ਸਹਿਯੋਗ ਦੇਣ ਲਈ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ। ਇਸ ਮੌਕੇ ਦਲਜੀਤ ਸਿੰਘ ਮੋਲਾ (ਸਰਪ੍ਰਸਤ ), ਜਰਨੈਲ ਸਿੰਘ (ਸਰਪ੍ਰਸਤ ) ਮੱਖਣ ਸਿੰਘ ਰੱਕੜ ਸੁੱਧਾਮਾਜਰਾ , ਪਰਮਿੰਦਰ ਸਿੰਘ (ਤਾਰਾ ) ਮਾਜਰਾ ਜੱਟਾਂ, ਐਡਵੋਕੇਟ ਰਾਜ ਯੋਗ ਸਿੰਘ, ਕੈਪਟਨ ਤਰਸੇਮ ਸਿੰਘ, ਗੁਰਵਿੰਦਰ ਸਿੰਘ ਸੁੱਧਾਮਾਜਰਾ, ਤਜਿੰਦਰ ਸਿੰਘ ਟੋਨੀ, ਨਿਰਮਲ ਸਿੰਘ ਢਿੱਲੋਂ, ਗਗਨਦੀਪ ਸਿੰਘ ਰੱਕੜ, ਸੀਨੀਅਰ ਪੱਤਰਕਾਰ ਦੀਦਾਰ ਸਿੰਘ ਸ਼ੇਤਰਾ, ਗੁਰਵਿੰਦਰ ਸਿੰਘ, ਸੁਰਜੀਤ ਸਿੰਘ ਦੋਭਾਲੀ, ਸੰਤੋਖ ਸਿੰਘ ਰੈਲਮਾਜਰਾ ਸਮੇਤ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਟਿੱਪਰਾਂ ਦੇ ਕਹਿਰ ਤੋਂ ਦੁਖੀ ਲੋਕ ਡੀ ਸੀ ਨੂੰ ਮਿਲੇ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**

ਅੱਜ ਨਵਾਂਸ਼ਹਿਰ ਇਲਾਕੇ ਦੀਆਂ ਪੰਚਾਇਤਾਂ ਅਤੇ ਜਥੇਬੰਦੀਆਂ ਨੇ ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ ਨੂੰ ਮਿਲਕੇ ਓਵਰ ਲੋਡਿੰਗ ਅਤੇ ਤੂਫ਼ਾਨੀ ਵੇਗ ਨਾਲ ਹਾਦਸਿਆਂ ਦਾ ਕਾਰਨ ਬਣਦੇ ਟਿੱਪਰਾਂ ' ਤੇ ਲਗਾਮ ਕੱਸਣ ਦੀ ਮੰਗ ਕੀਤੀ ਹੈ। ਇਸ ਸਬੰਧੀ ਵਫ਼ਦ ਨੇ ਡੀ ਸੀ ਨੂੰ ਮੰਗ ਪੱਤਰ ਦਿੱਤਾ। ਜਿਸ ਵਿੱਚ ਉਹਨਾਂ ਲਿਖਿਆ ਕਿ ਟਿੱਪਰ ਮਾਲਕਾਂ ਦੇ ਮੁਨਾਫੇ ਦੀ ਦੌੜ ਅਤੇ ਟਿੱਪਰ ਚਾਲਕਾਂ ਦੀ ਬੇਲਗਾਮ ਡਰਾਈਵਿੰਗ ਰੋਜ ਹੀ ਭਿਆਨਕ ਹਾਦਸਿਆਂ ਦਾ ਕਾਰਨ ਬਣ ਰਹੀ ਹੈ। ਕਿਰਤੀ ਕਿਸਾਨ ਯੂਨੀਅਨ ਦੇ ਜਿਲਾ ਪ੍ਰਧਾਨ ਸੁਰਿੰਦਰ ਸਿੰਘ ਬੈਂਸ, ਸੂਬਾ ਕਮੇਟੀ ਮੈਂਬਰ ਭੁਪਿੰਦਰ ਸਿੰਘ ਵੜੈਚ, ਸ਼ਹਾਬ ਪੁਰ ਦੇ ਸਰਪੰਚ ਸ਼ਲਿੰਦਰ ਸਿੰਘ, ਕਮਲੇਸ਼ ਰਾਣੀ ਸਰਪੰਚ ਅਸਮਾਨ ਪੁਰ, ਰਘਵੀਰ ਸਿੰਘ ਸਾਬਕਾ ਸਰਪੰਚ ਅਸਮਾਨ ਪੁਰ, ਸੋਇਤਾ ਦੇ ਸਰਪੰਚ ਜਸਵੰਤ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਵਿਦਿਆਰਥੀ, ਨੌਜਵਾਨ, ਔਰਤਾਂ, ਕਿਸਾਨ ਅਤੇ ਮਜ਼ਦੂਰ ਆਦਿ ਇਹਨਾਂ ਇਹਨਾਂ ਹਾਦਸਿਆਂ ਦੀ ਜੱਦ ਵਿੱਚ ਆ ਰਹੇ ਹਨ। ਕਈ ਸਾਲ ਪਹਿਲਾਂ ਨੌਜਵਾਨ ਭਾਰਤ ਸਭਾ ਜਿਲਾ ਸ਼ਹੀਦ ਭਗਤ ਸਿੰਘ ਨਗਰ ਦੇ ਪ੍ਰਧਾਨ ਓਂਕਾਰ ਸਿੰਘ ਅਸਮਾਨਪੁਰ ਦੀ ਰਾਹੋਂ - ਜਾਡਲਾ ਸੜਕ ਉੱਤੇ ਟਿੱਪਰ ਦੀ ਟੱਕਰ ਨਾਲ ਮੌਤ ਹੋ ਗਈ ਸੀ।ਸੁਖਵਿੰਦਰ ਸਿੰਘ ਅਤੇ ਸਿਮਰਪ੍ਰੀਤ ਕੌਰ ਦੀਆਂ ਮੌਤਾਂ ਵੀ ਟਿੱਪਰਾਂ ਦੀਆਂ ਟੱਕਰਾਂ ਨਾਲ ਹੋਈਆਂ। ਇਹਨਾਂ ਤੋਂ ਬਗ਼ੈਰ ਬਹੁਤ ਸਾਰੇ ਲੋਕ ਇਹਨਾਂ ਟਿੱਪਰਾਂ ਨੇ ਗੰਭੀਰ ਫੱਟੜ ਵੀ ਕੀਤੇ ਜਿਹਨਾਂ ਵਿੱਚੋਂ ਕਈ ਉਮਰ ਭਰ ਲਈ ਅਪਾਹਜ ਹੋ ਗਏ। ਉਹਨਾਂ ਕਿਹਾ ਕਿ ਡਿਪਟੀ ਕਮਿਸ਼ਨਰ ਹਰ ਤੀਜੇ ਦਿਨ ਮਨਾਹੀ ਦੇ ਹੁਕਮ ਜਾਰੀ ਕਰ ਰਹੇ ਹਨ, ਉਹਨਾਂ ਦੇ ਇਹ ਹੁਕਮ ਟਿੱਪਰ ਚਾਲਕ ਧੂੜ ਵਾਂਗਰ ਉਡਾ ਰਹੇ ਹਨ। ਨਾਜਾਇਜ਼ ਮਾਇਨਿੰਗ ਵੀ ਜਾਰੀ ਹੈ ਅਤੇ ਹਾਦਸਿਆਂ ਨੂੰ ਵੀ ਨੱਥ ਨਹੀਂ ਪਾਈ ਜਾ ਰਹੀ। ਹੁਕਮਾਂ ਨੂੰ ਲਾਗੂ ਕਰਵਾਉਣ ਲਈ ਜ਼ਿੰਮੇਵਾਰ ਪੁਲਸ ਟਿੱਪਰਾਂ ਨੂੰ ਹੱਥ ਪਾਉਣ ਦੀ ਹਿੰਮਤ ਨਹੀਂ ਕਰਦੀ। ਇਸ ਮੌਕੇ ਨੰਬਰਦਾਰ ਅਮਰੀਕ ਸਿੰਘ ਉਸਮਾਨ ਪੁਰ, ਮਾਸਟਰ ਅਜੈਬ ਸਿੰਘ ਸਾਬਕਾ ਸਰਪੰਚ ਉਸਮਾਨ ਪੁਰ, ਬਲਵੀਰ ਸਿੰਘ ਨੰਬਰਦਾਰ ਉਸਮਾਨ ਪੁਰ, ਕਸਮੀਰ ਸਿੰਘ ਸੈਕਟਰੀ, ਮੇਜਰ ਸਿੰਘ ਉਸਮਾਨ ਪੁਰ, ਪਰਮਜੀਤ ਸਿੰਘ ਸੰਘਾ ਸ਼ਹਾਬ ਪੁਰ, ਹਰਮਿੰਦਰ ਸਿੰਘ , ਬਲਵਿੰਦਰ ਸਿੰਘ, ਅਜੈਬ ਸਿੰਘ ਤਾਰਾ ਸਿੰਘ ਸਹਾਬ ਪੁਰ, ਅਵਤਾਰ ਸਿੰਘ ਤਾਰੀ, ਰਾਣਾ ਰਾਮਜੀ ਦਾਸ ਸਨਾਵਾ, ਮਹਿੰਦਰ ਸ਼ਹਾਬ ਪੁਰ ਵੀ ਮੌਜੂਦ ਸਨ।



# ਅਦਾਰਾ ਪਰਵਾਜ਼ ਪੰਜਾਬ ਨੇ ਜੰਮੂ ਅਤੇ ਦਿੱਲੀ ਦੇ ਗ੍ਰਿਫ਼ਤਾਰ ਕੀਤੇ ਤਿੰਨ ਪ੍ਰਕਾਸ਼ਕਾਂ ਦੀ ਰਿਹਾਈ ਮੰਗੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਅਦਾਰਾ ਪਰਵਾਜ਼ ਪੰਜਾਬ ਨੇ ਕਾਊਂਟਰ ਇੰਟੈਲੀਜੈਂਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਤਿੰਨ ਨਾਮਵਰ ਪੁਸਤਕ ਪ੍ਰਕਾਸ਼ਕਾਂ ਦੀ ਗ੍ਰਿਫ਼ਤਾਰ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ ਉਹਨਾਂ ਨੂੰ ਫੌਰੀ ਰਿਹਾਅ ਕਰਨ ਦੀ ਮੰਗ ਕੀਤੀ ਹੈ। ਉਹਨਾਂ ਦੀ ਰਿਹਾਈ ਦੀ ਮੰਗ ਕਰਦਿਆਂ ਅਦਾਰੇ ਦੇ ਸੂਬਾ ਕਨਵੀਨਰ ਸੁਖਵਿੰਦਰ ਪੱਪੀ, ਅਰਵਿੰਦਰ ਕੌਰ ਕਾਕੜਾ (ਡਾ:), ਸੂਬਾ ਕਮੇਟੀ ਮੈਂਬਰ ਅਜਮੇਰ ਸਿੱਧੂ ਅਤੇ ਜਸਬੀਰ ਦੀਪ ਨੇ ਕਿਹਾ ਹੈ ਕਿ 'ਪਰਸਨੈਲਿਟੀਜ਼ ਐਂਡ ਲੈਜੈਂਡਜ਼ ਆਫ਼ ਜੇ ਐਂਡ ਕੇ', ਜਿਸ ਦੇ ਲੇਖਕ ਹਿਲਾਲ ਅਹਿਮਦ ਅਤੇ ਸੰਤੋਸ਼ ਮੀਨਾ ਹਨ ਅਤੇ ਇਹ ਜੰਮੂ-ਅਧਾਰਿਤ ਓਬਰਾਏ ਬੁੱਕ ਸਰਵਿਸ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਹੈ, ਅਤੇ 'ਗ੍ਰੇਟ ਪਰਸਨੈਲਿਟੀਜ਼ ਆਫ਼ ਜੰਮੂ ਐਂਡ ਕਸ਼ਮੀਰ', ਜਿਸ ਦੇ ਲੇਖਕ ਸ਼ੁਸ਼ਾਂਤ ਗਿਰੀ ਹਨ ਅਤੇ ਇਹ ਦਿੱਲੀ-ਅਧਾਰਿਤ ਅਨੁਰਾਗ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਹੈ। ਅਦਾਲਤ ਨੇ ਤਿੰਨ ਪ੍ਰਕਾਸ਼ਕਾਂ ਨੂੰ 10-ਦਿਨਾਂ ਪੁਲਿਸ ਹਿਰਾਸਤ 'ਚ ਭੇਜ ਦਿੱਤਾ ਹੈ, ਜੋ ਕਿ ਵੱਖਵਾਦੀ ਆਗੂਆਂ ਦੀ ਸ਼ਲਾਘਾ ਕਰਨ ਵਾਲੀਆਂ ਕਿਤਾਬਾਂ ਦੀ ਕਥਿਤ ਛਪਾਈ ਅਤੇ ਵੰਡ ਨਾਲ ਸਬੰਧਤ ਹੈ, ਅਧਿਕਾਰੀਆਂ ਅਨੁਸਾਰ ਜੰਮੂ ਵਿੱਚ ਕਾਊਂਟਰ ਇੰਟੈਲੀਜੈਂਸ ਯੂਨਿਟ ਨੇ 12 ਜੁਲਾਈ ਨੂੰ ਇਨ੍ਹਾਂ ਤਿੰਨਾਂ ਪ੍ਰਕਾਸ਼ਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਜੋ ਕਿ ਸਰਕਾਰੀ ਲਾਇਬ੍ਰੇਰੀਆਂ ਨੂੰ ਸਪਲਾਈ ਕੀਤੀਆਂ ਗਈਆਂ ਕੁਝ ਕਿਤਾਬਾਂ ਵਿੱਚ ਕਥਿਤ ਵੱਖਵਾਦੀਆਂ ਦੀ ਸ਼ਲਾਘਾ ਕਰਨ ਵਾਲੀ ਸਮੱਗਰੀ ਮਿਲਣ ਦੇ ਵਿਵਾਦ ਦੀ ਆਪਣੀ



ਜਾਰੀ ਜਾਂਚ ਦੇ ਹਿੱਸੇ ਵਜੋਂ ਕੀਤੀ ਗਈ। 4 ਜੁਲਾਈ ਨੂੰ, ਕਾਊਂਟਰ ਇੰਟੈਲੀਜੈਂਸ ਯੂਨਿਟ ਨੇ ਭਾਰਤੀ ਨਿਆਇ ਸੰਹਿਤਾ (ਭੰਸ਼) ਦੀਆਂ ਧਾਰਾਵਾਂ 49 (ਉਕਸਾਉਣਾ), 61(2) (ਅਪਰਾਧਿਕ ਸਾਜ਼ਿਸ਼), 152 (ਭਾਰਤ ਦੀ ਖ਼ੁਦਮੁਖ਼ਤਿਆਰੀ, ਏਕਤਾ ਅਤੇ ਅਖੰਡਤਾ ਨੂੰ ਖ਼ਤਰੇ ਵਿੱਚ ਪਾਉਣਾ), 196 (ਦੁਸ਼ਮਣੀ, ਅਸ਼ਾਂਤੀ ਨੂੰ ਉਤਸ਼ਾਹਿਤ ਕਰਨਾ) ਅਤੇ 353 (ਝੂਠੇ ਬਿਆਨ, ਅਫਵਾਹਾਂ ਜਾਂ ਰਿਪੋਰਟਾਂ ਛਾਪਣਾ ਜਾਂ ਵੰਡਣਾ) ਦੇ ਨਾਲ-ਨਾਲ ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ ਦੀ ਧਾਰਾ 13 ਤਹਿਤ ਐਫ.ਆਈ.ਆਰ. ਦਰਜ ਕੀਤੀ ਸੀ। ਇੱਥੇ ਵਰਨਣਯੋਗ ਹੈ ਕਿ ਇਸਤੋਂ ਪਹਿਲਾਂ ਜੰਮੂ ਕਸ਼ਮੀਰ ਸਰਕਾਰ ਵਲੋਂ ਉੱਘੇ ਲੇਖਕਾਂ ਦੀਆਂ 25 ਕਿਤਾਬਾਂ ਉੱਤੇ ਪਾਬੰਦੀ ਲਾਈ ਜਾ ਚੁੱਕੀ ਹੈ। ਇਹ ਕਿਤਾਬਾਂ ਬੁੱਕਰ ਇਨਾਮ ਜੇਤੂ ਵਿਸ਼ਵ ਪ੍ਰਸਿੱਧ ਲੇਖਿਕਾ ਅਰੁੰਧਤੀ ਰਾਏ, ਤਾਰਿਕ ਅਲੀ, ਅਬਦੁਲ ਗਫ਼ੂਰ ਮਜੀਦ ਨੂਰਾਨੀ, ਅਨੁਰਾਧਾ ਭਸੀਨ, ਸੁਮੰਤਰਾ ਬੋਸ, ਕ੍ਰਿਸਟੋਫਰ ਸਨੇਡਨ, ਰਾਧਿਕਾ ਗੁਪਤਾ, ਸੀਮਾ ਕਾਜ਼ੀ, ਡਾ. ਅਬਦੁਲ ਜੱਬਰ ਗੋਕਖਾਨੀ ਵਰਗੇ ਉੱਘੇ ਲੇਖਕਾਂ, ਵਿਦਵਾਨਾਂ, ਸੰਪਾਦਕਾਂ ਅਤੇ ਇਤਿਹਾਸਕਾਰਾਂ ਦੀਆਂ ਲਿਖੀਆਂ ਹੋਈਆਂ ਹਨ। ਆਕਸਫੋਰਡ ਯੂਨੀਵਰਸਿਟੀ ਪ੍ਰੈੱਸ, ਰੁਟਲੈਜ, ਵਾਈਕਿੰਗ ਪੈਂਗੁਇਨ, ਹਾਰਪਰ ਕੌਲਿਨਜ਼, ਕੈਂਬਰਿਜ ਯੂਨੀਵਰਸਿਟੀ ਪ੍ਰੈੱਸ, ਪੈਨ ਮੈਕਮਿਲਨ ਇੰਡੀਆ ਵਰਗੇ ਅੰਤਰਰਾਸ਼ਟਰੀ ਪੱਧਰ ਦੇ ਮਿਆਰੀ ਪ੍ਰਕਾਸ਼ਨ ਸਮੂਹਾਂ ਵੱਲੋਂ ਪ੍ਰਕਾਸ਼ਤ ਕੀਤੀਆਂ ਡੂੰਘੀ ਖੋਜ ਅਤੇ ਇਤਿਹਾਸਕ ਤੱਥਾਂ 'ਤੇ ਆਧਾਰਤ ਇਨ੍ਹਾਂ ਕਿਤਾਬਾਂ ਨੂੰ "ਝੂਠੇ ਬਿਰਤਾਂਤ" ਅਤੇ "ਵੱਖਵਾਦ" ਨੂੰ ਪ੍ਰਚਾਰਨ ਵਾਲਾ 'ਗੁੰਮਰਾਹਕੁਨ' ਸਾਹਿਤ ਕਰਾਰ ਦੇ ਕੇ ਪਾਬੰਦੀ ਲਾਈ ਜਾ ਚੁੱਕੀ ਹੈ ਜੀ ਸਰਕਾਰ ਦੀ ਫਾਸ਼ੀਵਾਦੀ ਮਾਨਸਿਕਤਾ ਦਾ ਮੂੰਹ ਬੋਲਦਾ ਸਬੂਤ ਹੈ। ਇਹ ਕਸ਼ਮੀਰੀਆਂ ਨਾਲ ਹੋਏ ਧੱਕੇ ਤੇ ਵਿਤਕਰੇ ਦੇ ਦਸਤਾਵੇਜ਼ੀ ਸਬੂਤਾਂ ਨੂੰ ਮਿਟਾਉਣ ਅਤੇ ਕਸ਼ਮੀਰੀ ਕੌਮ ਦੀਆਂ ਅਗਲੀਆਂ ਪੀੜ੍ਹੀਆਂ ਤੋਂ ਉਨ੍ਹਾਂ ਦਾ ਇਤਿਹਾਸ ਖੋਹਣ ਦਾ ਘਿਣਾਉਣਾ ਯਤਨ ਹੈ ਜਿਸ ਰਾਹੀਂ ਸਰਕਾਰ ਆਪਣੇ ਮਨਪਸੰਦ ਝੂਠੇ ਬਿਰਤਾਂਤ ਨੂੰ ਸਦੀਵੀਂ ਸੱਚ ਬਣਾਕੇ ਸਥਾਪਤ ਕਰਨਾ ਚਾਹੁੰਦੀ ਹੈ। ਉਹਨਾਂ ਕਿਹਾ ਕਿ ਸਮੂਹ ਇਨਸਾਫ਼ਪਸੰਦ ਅਤੇ ਜਮਹੂਰੀ ਮੁੱਲਾਂ ਨੂੰ ਪ੍ਰਣਾਈਆਂ ਤਾਕਤਾਂ ਨੂੰ ਇਹਨਾਂ ਪ੍ਰਕਾਸ਼ਕਾਂ ਦੀਆਂ ਗ੍ਰਿਫ਼ਤਾਰੀਆਂ ਦਾ ਡੱਟਕੇ ਵਿਰੋਧ ਕਰਨਾ ਚਾਹੀਦਾ ਹੈ।

# ਆਦਿ ਧਰਮ ਜਾਂ ਰਵਿਦਾਸੀਆ ਧਰਮ: ਫ਼ੈਸਲਾ ਇਤਿਹਾਸ ਅਤੇ ਦੂਰਅੰਦੇਸ਼ੀ ਦੇ ਆਧਾਰ 'ਤੇ ਹੋਵੇ - ਜਤਿੰਦਰ ਖਮਾਚੋਂ

ਅੱਜ ਅਗਰ ਸਾਡੇ ਸਾਹਮਣੇ ਰਵਿਦਾਸੀਆ ਧਰਮ ਅਤੇ ਆਦਿ ਧਰਮ ਵਿੱਚੋਂ ਕਿਸੇ ਇੱਕ ਨੂੰ ਅਪਣਾਉਣ ਦਾ ਸਵਾਲ ਖੜ੍ਹਾ ਹੁੰਦਾ ਹੈ, ਤਾਂ ਇਸ ਬਾਰੇ ਫ਼ੈਸਲਾ ਭਾਵਨਾਵਾਂ ਦੀ ਬਜਾਏ ਇਤਿਹਾਸ, ਸਿਧਾਂਤ ਅਤੇ ਦੂਰਅੰਦੇਸ਼ੀ ਦੇ ਆਧਾਰ 'ਤੇ ਕੀਤਾ ਜਾਣਾ ਚਾਹੀਦਾ ਹੈ। ਆਦਿ ਧਰਮ ਦੀ ਨੀਂਹ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਨੇ 1926 ਵਿੱਚ ਸਮਾਜਿਕ ਬਰਾਬਰੀ, ਸਵੈ-ਪਛਾਣ ਅਤੇ ਸਮੁੱਚੇ ਆਦਿ-ਧਰਮੀ ਸਮਾਜ ਦੀ ਏਕਤਾ ਦੇ ਉਦੇਸ਼ ਨਾਲ ਰੱਖੀ ਸੀ। ਇਸ ਵਿਚਾਰਧਾਰਾ ਦਾ ਮਕਸਦ ਕਿਸੇ ਇੱਕ ਮਹਾਂਪੁਰਖ, ਜਾਤ ਜਾਂ ਭਾਈਚਾਰੇ ਤੱਕ ਸੀਮਿਤ ਨਹੀਂ ਸੀ, ਸਗੋਂ ਮੂਲ ਨਿਵਾਸੀ ਅਤੇ ਦਲਿਤ ਸਮਾਜ ਨੂੰ ਇੱਕ ਸਾਂਝੀ ਅਤੇ ਸਨਮਾਨਜਨਕ ਪਛਾਣ ਦੇਣਾ ਸੀ। ਦੂਜੇ ਪਾਸੇ, ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ



ਅਤੇ ਉਪਦੇਸ਼ ਸਰਬ-ਸਾਂਝੇ ਹਨ। ਉਹ ਕਿਸੇ ਇੱਕ ਜਾਤ, ਫ਼ਿਰਕੇ ਜਾਂ ਧਾਰਮਿਕ ਹੱਦ ਵਿੱਚ ਬੱਝੇ ਨਹੀਂ, ਸਗੋਂ ਸਮੁੱਚੀ ਮਨੁੱਖਤਾ ਨੂੰ ਸਮਾਨਤਾ, ਪ੍ਰੇਮ ਅਤੇ ਭਾਈਚਾਰੇ ਦਾ ਸੰਦੇਸ਼ ਦਿੰਦੇ ਹਨ। ਇਸ ਲਈ ਉਨ੍ਹਾਂ ਦੀ ਵਿਚਾਰਧਾਰਾ ਨੂੰ ਕਿਸੇ ਇੱਕ ਸੀਮਿਤ ਪਛਾਣ ਨਾਲ ਜੋੜਨ ਬਾਰੇ ਵੱਖ-ਵੱਖ ਮਤ ਹੋ ਸਕਦੇ ਹਨ। ਮੇਰੀ ਆਪਣੇ ਭਾਈਚਾਰੇ ਨੂੰ ਬੇਨਤੀ ਹੈ ਕਿ ਜੇ ਕੋਈ ਚੋਣ ਕਰਨੀ ਹੀ ਹੈ, ਤਾਂ ਅਜਿਹੀ ਪਛਾਣ ਚੁਣੀ ਜਾਵੇ ਜੋ ਸਮਾਜ ਦੀ ਏਕਤਾ, ਸਵੈ-ਸਨਮਾਨ ਅਤੇ ਸਾਂਝੇ ਭਵਿੱਖ ਨੂੰ ਮਜ਼ਬੂਤ ਕਰੇ। ਮੇਰੇ ਵਿਚਾਰ ਅਨੁਸਾਰ, ਆਦਿ ਧਰਮ ਇੱਕ ਵਿਸ਼ਾਲ ਅਤੇ ਸਮਾਵੇਸ਼ੀ ਪਛਾਣ ਵਜੋਂ ਇਸ ਦਿਸ਼ਾ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ।ਅੰਤ ਵਿੱਚ, ਇਹ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਅਜਿਹੇ ਮਾਮਲਿਆਂ ਵਿੱਚ ਫ਼ੈਸਲਾ ਕਿਸੇ ਅਹੁਦੇਦਾਰ, ਸੰਸਥਾ ਜਾਂ ਭਾਵਨਾਤਮਕ ਨਾਅਰਿਆਂ ਦੇ ਆਧਾਰ 'ਤੇ ਨਹੀਂ, ਸਗੋਂ ਇਤਿਹਾਸਕ ਤੱਥਾਂ, ਤਰਕ ਅਤੇ ਸਮਾਜ ਦੇ ਲੰਬੇ ਸਮੇਂ ਦੇ ਸਾਂਝੇ ਹਿੱਤ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਜਾਣਾ ਚਾਹੀਦਾ ਹੈ। ਵਿਚਾਰਾਂ ਵਿੱਚ ਭਿੰਨਤਾ ਲੋਕਤੰਤਰੀ ਸਮਾਜ ਦੀ ਸੁਭਾਵਿਕ ਵਿਸ਼ੇਸ਼ਤਾ ਹੈ, ਅਤੇ ਆਪਸੀ ਸਤਿਕਾਰ ਨਾਲ ਸੰਵਾਦ ਹੀ ਅੱਗੇ ਵਧਣ ਦਾ ਸਭ ਤੋਂ ਵਧੀਆ ਰਾਹ ਹੈ।

# ਐਨ ਆਰ ਆਈ ਬਲਜਿੰਦਰ ਲੰਗੇਰੀ ਵਲੋਂ ਲਾਇਬ੍ਰੇਰੀ ਲਈ 5000 ਰੁਪਏ ਦਾ ਸਾਹਿਤ ਭੇਂਟ

**ਬੰਗਾ 15 ਜੁਲਾਈ ( ਚਰਨਜੀਤ ਸੱਲ੍ਹਾ )**ਬਹੁਤ ਵੱਡਾ ਉਪਰਾਲਾ ਐਨ ਆਰ ਆਈ ਬਲਜਿੰਦਰ ਲੰਗੇਰੀ ਵਲੋਂ ਡਾ. ਬੀ. ਆਰ ਅੰਬੇਦਕਰ ਸਪੋਰਟਸ ਅਤੇ ਵੈਲਫ਼ੇਅਰ ਕਲੱਬ ਲੰਗੇਰੀ ਨੂੰ ਲਾਇਬ੍ਰੇਰੀ ਲਈ 5000 ਦੀਆ ਕਿਤਾਬਾਂ ਦਿੱਤੀਆਂ। ਜਿਸ ਵਿੱਚ ਬਾਬਾ ਸਾਹਿਬ ਅੰਬੇਡਕਰ ਜੀਵਨੀ,ਗੁਰੂ ਰਵਿਦਾਸ ਜੀ ਦੇ ਜੀਵਨ ,ਕਹਾਣੀਆ ,ਮਹਾਨ ਖੋਜਕਾਰਾਂ ਦੀਆ ਜੀਵਨੀਆਂ,ਬੱਚਿਆ ਲਈ ਬਾਲ ਕਹਾਣੀਆਂ ਵਰਗੀਆਂ ਕਿਤਾਬਾਂ ਸ਼ਾਮਿਲ ਹਨ। ਇਸਦੇ ਨਾਲ ਹੀ



ਛੋਟੀਆਂ ਛੋਟੀਆਂ ਫਲੇਕਸ ਜਿਹਨਾ ਉਪਰ ਕਿਤਾਬਾਂ ਵਿੱਚੋ ਵਧੀਆ ਵਧੀਆ ਵਿਚਾਰ ਲੈਕੇ ਬਣਾਈਆ ਗਈਆ ਇਸਨੂੰ ਸ਼੍ਰੀ



ਗੁਰੂ ਰਵਿਦਾਸ ਗੁਰੂਦਵਾਰਾ ਵਿਖੇ ਬਾਹਰ ਲਗਾਇਆ ਗਿਆ ਤਾਂ ਕੇ ਹਰ ਕੋਈ ਇੰਨਸਾਨ ਪੜ੍ਹ ਸਕੇ । ਸ਼੍ਰੀ ਗੁਰੂ ਰਵਿਦਾਸ ਗੁਰੂਦੁਆਰਾ ਵਿਖੇ ਵੀ ਲਾਇਬ੍ਰੇਰੀ ਸਥਾਪਿਤ ਕੀਤੀ ਗਈ ।ਇਸਦੇ ਨਾਲ ਹੀ ਗੁਰੂ ਘਰ ਵਿਖੇ ਆਉਣ ਵਾਲੀ ਸੰਗਤ ਵੀ ਕਿਤਾਬਾਂ ਪੜ੍ਹ ਸਕੇਗੀ ਨਾਲ ਹੀ ਕੋਈ ਵੀ ਸਾਥੀ ਕਿਤਾਬ ਘਰ ਲਿਜਾ ਕੇ ਵੀ ਪੜ੍ਹ ਸਕਦਾ ਹੈ । ਇਸ ਵਿੱਚ ਸੁਖਵਿੰਦਰ ਲੰਗੇਰੀ ਵਲੋਂ ਪੂਰਾ ਸਹਿਯੋਗ ਦਿੱਤਾ ਗਿਆ। ਕਿਤਾਬਾਂ ਦੀ ਚੋਣ ਵਿੱਚ ਅਹਿਮ ਰੋਲ ਅਦਾ ਕੀਤਾ । ਸਮੁੱਚੀ ਪੰਚਾਇਤ ਅਤੇ ਕਮੇਟੀ ਵਲੋਂ ਬਲਜਿੰਦਰ ਲੰਗੇਰੀ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਸਰਪੰਚ ਅਮਨਦੀਪ ਸਿੰਘ , ਉਗੇ ਕਵੀ ਸ਼ਿੰਗਾਰਾ ਲੰਗੇਰੀ ਜੀ , ਪ੍ਰਧਾਨ ਗੁਰਦਿਆਲ ਸਿੰਘ ਜੀ ,ਕਮੇਟੀ ਮੈਂਬਰ ਹਰਮੇਸ਼ ਕੁਮਾਰ ਜੀ , ਦਿਲਸ਼ਾਨ ਕੁਮਾਰ,ਅਰਮਾਨ ਹੀਰ ਆਦਿ ਮੌਜੂਦ ਸਨ।

**ਸੁਖਵਿੰਦਰ ਲੰਗੇਰੀ**
**7009894460**

# ਗ਼ਦਰੀ ਬਾਬਿਆਂ ਅਤੇ ਬੱਬਰ ਅਕਾਲੀ ਦੇਸ਼ ਵਿਚ ਹਥਿਆਰਬੰਦ ਇਨਕਲਾਬ ਦੇ ਹਾਮੀ ਸਨ- ਅਮੋਲਕ ਸਿੰਘ

**ਬਲਾਚੌਰ 15 ਜੁਲਾਈ ( ਜਤਿੰਦਰ ਪਾਲ ਸਿੰਘ ਕਲੇਰ )**-ਇਨਕਲਾਬੀ ਗ਼ਦਰੀ ਸੂਰਬੀਰਾਂ ਅਤੇ ਬੱਬਰ ਅਕਾਲੀਆਂ ਦਾ ਦੇਸ਼ ਨੂੰ ਆਜ਼ਾਦ ਕਰਾਉਣ ਦਾ ਮੱਕਸਦ ਹੀ ਕੁਝ ਹੋਰ ਸੀ। ਉਹਨਾਂ ਸਿੱਖ ਫਲਸਫੇ ਅਨੁਸਾਰ ਸਰਬੱਤ ਦੇ ਭਲੇ ਹਿਤ ਪੰਜਾਬ ਹੀ ਨਹੀਂ ਦੇਸ਼ ਦੇ ਦੂਸਰੇ ਸੂਬਿਆਂ ਦੇ ਇਨਕਲਾਬੀਆਂ ਦਾ ਵੀ ਪੂਰਾ ਪੂਰਾ ਸਹਿਯੋਗ ਲਿਆ ਅਤੇ ਉਸ ਨੂੰ ਅਮਲੀ ਜਾਮਾ ਪਹਿਨਾਇਆ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਵਲੋਂ ਨੇੜਲੇ ਪਿੰਡ ਰੱਕੜਾਂ ਬੇਟ ਵਿਖੇ ਬੱਬਰ ਅਕਾਲੀ ਰਤਨ ਸਿੰਘ ਰੱਕੜ ਦੇ 94 ਵੇਂ ਸ਼ਹੀਦੀ ਸਮਾਗਮ ਸਮੇਂ ਗੁਰਦੁਆਰਾ ਟਾਹਲੀ ਸਾਹਿਬ ਸੁੱਧਾ ਮਾਜਰਾ ਵਿਖੇ ਸਾਥੀ ਅਮੋਲਕ ਸਿੰਘ ਕਨਵੀਨਰ ਪੰਜਾਬ ਲੋਕ ਸਭਿਆਚਾਰਕ ਮੰਚ ( ਪਲਸ ਮੰਚ) ਨੇ ਕੀਤਾ। ਉਹਨਾਂ ਕਿਹਾ ਕਿ ਬੱਬਰ ਰਤਨ ਸਿੰਘ ਰੱਕੜ ਗ਼ਦਰ ਲਹਿਰ ਦੇ ਕਰਤਾਰ ਸਿੰਘ ਸਰਾਭਾ ਦੀ ਤਰ੍ਹਾਂ ਪੁਲਿਸ



ਅਤੇ ਫੌਜ ਦੀਆਂ ਅੱਖਾਂ ਵਿਚ ਘੱਟਾ ਪਾਕੇ ਫ਼ਰਾਰ ਹੋ ਜਾਣ ਦਾ ਮਾਹਿਰ ਹੀ ਨਹੀਂ ਸੀ ਸਗੋਂ ਜਿਊਂਦੇ ਜੀਅ ਪੁਲਿਸ ਫ਼ੌਜ ਦੇ ਹੱਥ ਆਉਣ ਦੀ ਥਾਂ ਸ਼ਹੀਦੀ ਨੂੰ ਪਹਿਲ ਦੇਣਾ ਸੀ। ਉਹਨਾਂ ਨੂੰ ਕਾਲ਼ੇ ਪਾਣੀ ਵੀ ਭੇਜਿਆ ਗਿਆ। ਉਹਨਾਂ ਦਾ ਉਦੋਂ ਹੀ ਪਤਾ ਲਗਦਾ ਸੀ ਜਦੋਂ ਉਹ ਪੈਰਾਂ ਚ ਪਈਆਂ ਬੇੜੀਆਂ ਅਤੇ ਹੱਥਾਂ ਨੂੰ ਲੱਗੀਆਂ ਕੜੀਆਂ ਦੀ ਪ੍ਰਵਾਹ ਨਾ ਕਰਦਿਆਂ ਫ਼ਰਾਰ ਹੋ ਜਾਂਦਾ ਸੀ। ਉਹਨਾਂ ਦਾ ਟੀਚਾ ਦੇਸ਼ ਵਿਚ ਹਥਿਆਰਬੰਦ ਇਨਕਲਾਬ ਲਿਆਉਣਾ ਸੀ। ਉਹਨਾਂ ਦੇ ਪਿੰਡ ਰੁੜਕੀ ਖ਼ਾਸ ( ਰੁੜਕੀ ਸੈਣੀਆਂ) ਵਿਖੇ ਭਾਰਤੀ ਫੌਜ ਅਤੇ ਪੁਲਿਸ ਨਾਲ ਹੋਏ ਲਹੂ ਡੋਲ੍ਹਵੇਂ ਮੁਕਾਬਲੇ ਬਾਰੇ ਸਮੇਂ ਦੇ ਕਵੀਆਂ ਨੇ ਵਾਰਾਂ ਰਚੀਆਂ।ਇਹ ਵਿਚਾਰ ਅੱਜ ਇੱਥੇ ਉਹਨਾਂ ਆਪਣੀ ਪੁਸਤਕ " ਗ਼ਦਰ ਅਤੇ ਇਨਕਲਾਬ ਦਾ ਕੌਮਾਂਤਰੀ ਰਾਜਦੂਤ ਭਾਈ ਰਤਨ ਸਿੰਘ ਰਾਏਪੁਰ ਡੱਬਾ " ਪ੍ਰਬੰਧਕਾਂ ਭਾਈ ਜਰਨੈਲ ਸਿੰਘ ਖਾਲਸਾ ਚੱਕ ਸਿੰਘਾ ਅਤੇ ਪੰਜਾਬੀ ਸਾਹਿਤ ਸਭਾ ਬਲਾਚੌਰ ਰਜਿ ਦੇ ਪ੍ਰਧਾਨ ਦੀਦਾਰ ਸਿੰਘ ਸ਼ੇਤਰਾ ਕੌਲਗੜ੍ਹ ਨਵਾਂਸ਼ਹਿਰ ਵਾਲ਼ਿਆਂ ਨੂੰ ਭੇਟ ਕਰਨ ਸਮੇਂ ਅਜੀਤ ਨਾਲ਼ ਸਾਂਝੇ ਕੀਤੇ।ਇਸ ਮੌਕੇ ਉਹਨਾਂ ਨਾਲ਼ ਅਨਮੋਲਕ ਸਿੰਘ , ਖੁਸ਼ੀ ਰਾਮ , ਦੇਵ ਰਾਜ , ਮਲਕੀਤ ਸਿੰਘ , ਤਲਵਿੰਦਰ ਸਿੰਘ ਹੀਰ ,ਸੁਰਜੀਤ ਸਿੰਘ, ਮਲਕੀਅਤ ਸਿੰਘ ਝਿੰਗੜ, ਤਲਵਿੰਦਰ ਹੀਰ ਨੰਗਲ਼ ਖਿਡਾਰੀਆਂ, ਖੁਸ਼ੀ ਰਾਮ,ਦੇਵ ਰਾਜ, ਸੁਰਜੀਤ ਸਿੰਘ, ਮੁਲਾਜ਼ਮ ਆਗੂ ਬਗੀਚਾ ਸਿੰਘ ਰੱਕੜ,ਮਾਸਟਰ ਹਰਭਜਨ ਸਿੰਘ ਰਾਏ ਆਦਿ ਵੀ ਹਾਜ਼ਰ ਸਨ।

**ਤਸਵੀਰ ਹਰਸਿਮਰਨ ਜੋਤ ਸਿੰਘ ਕਲੇਰ**

# ਪੰਜਾਬ ਦੇ ਸਮੂਹ ਐਸ.ਸੀ ਵਰਗਾਂ ਦਾ ਵੀ ਇੱਕ ਸਾਂਝਾ ਸੰਯੁਕਤ ਮੋਰਚਾ ਬਣਾਉਣਾ ਅੱਜ ਦੇ ਸਮੇਂ ਦੀ ਮੁੱਖ ਲੋੜ : ਪਰਮਿੰਦਰ ਸਮਾਣਾ

**ਮਾਲੇਰਕੋਟਲਾ-15 ਜੁਲਾਈ (ਕੁਲਵੰਤ ਸਿੰਘ ਮੁਹਾਲੀ)** ਪੰਜਾਬ ਦੇ ਹੋਰਨਾਂ ਵਰਗਾਂ ਜਿਵੇਂ ਕਿਸਾਨਾਂ ਦਾ ਐਸ.ਕੇ.ਐਮ ਆਦਿ ਦੀ ਤਰਾਂ ਪੰਜਾਬ ਦੀਆਂ ਸਮੂਹ ਐਸ ਸੀ ਜਥੇਬੰਦੀਆਂ (ਅੰਬੇਡਕਰਬਾਦੀ ਜੱਥੇਬੰਦੀਆਂ) ਨੂੰ ਵੀ ਆਪਣੇ ਸਮਾਜ ਦੀਆਂ ਮੁਸ਼ਕਿਲਾਂ,ਲੋੜਾਂ ਦਾ ਹੱਲ ਕਰਨ ਅਤੇ ਆਪਣੇ ਮੌਲਿਕ ਅਧਿਕਾਰਾਂ ਦੀ ਰੱਖਿਆ ਕਰਨ ਲਈ ਇੱਕ ਪਲੇਟਫਾਰਮ ਤੇ ਇਕੱਠੇ ਹੋਕੇ ਅਪਣਾ ਇੱਕ ਸਾਂਝਾ ਸੰਯੁਕਤ ਮੋਰਚਾ ਬਣਾਉਣਾ ਅਜੋਕੇ ਸਮੇਂ ਦੀ ਪ੍ਰਮੁੱਖ ਲੋੜ ਬਣ ਗਈ ਹੈ, ਇਨ੍ਹਾਂ ਸ਼ਬਦਾਂ ਦਾ ਪ੍ਰਗਾਵਾ ਡਾ ਬੀ ਆਰ ਅੰਬੇਡਕਰ ਹਿਊਮਨ ਰਾਈਟਸ ਐਂਡ ਵੈੱਲਫੇਅਰ ਫਾਊਂਡੇਸ਼ਨ ਪੰਜਾਬ (ਰਜਿ) ਦੇ ਪ੍ਰਧਾਨ ਸ ਪਰਮਿੰਦਰ ਸਿੰਘ ਸਮਾਣਾ (ਮੋ. ਨੰ. 97794-33001) ਨੇ ਅੱਜ ਅਮਰਗੜ੍ਹ ਵਿਖੇ ਚੋਣਵੇਂ ਪੱਤਰਕਾਰਾਂ ਨਾਲ ਵਿਚਾਰ ਸਾਂਝੇ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਪੰਜਾਬ ਸੂਬੇ ਵਿੱਚ ਐਸ.ਸੀ ਭਾਈਚਾਰੇ ਦੀ ਕਰੀਬ 40% ਆਬਾਦੀ ਹੈ, ਪਰ ਕਿਸੇ ਵੀ ਰਾਜਨੀਤਿਕ ਪਾਰਟੀ ਕੋਈ ਵੀ ਲੀਡਰ ਭਾਵੇਂ ਉਹ ਸੱਤਾਧਾਰੀ ਹੀ ਕਿਉਂ ਨਾ ਹੋਵੇ ਜਿਹਨੇ ਸਾਡੀਆਂ ਵੋਟਾਂ ਲੈਕੇ ਸੱਤਾ ਦਾ ਸੁੱਖ ਮਾਣਿਆ, ਕਾਫੀ ਧਨ ਵੀ ਇਕੱਠਾ ਕਰ ਲਿਆ ਹੋਵੇ ਪਰ ਕੋਈ ਵੀ ਲੀਡਰ ਅੱਜ ਐਸ.ਸੀ ਸਮਾਜ ਦੇ ਜਿਹੜੇ ਬੁਨਿਆਦੀ ਸਵਾਲ ਚਿਰਾਂ ਤੋਂ ਆਪਣਾ ਉਤਰ ਉਡੀਕਦੇ ਹਨ,ਉਨ੍ਹਾਂ ਦਾ ਹੱਲ ਜਾਂ ਉਤਰ ਦੇਣ ਲਈ ਕੋਈ ਲੀਡਰ ਆਪਣੀ ਜੁਬਾਨ ਤੱਕ ਨਹੀਂ ਖੋਲ੍ਹ ਰਿਹਾ।ਉਨ੍ਹਾਂ ਕਿਹਾ ਕਿ ਜੇ ਦੇਸ਼ ਦੀਆਂ 52 ਕਿਸਾਨਾਂ ਦੀਆਂ ਜਥੇਬੰਦੀਆਂ ਇਕੱਠੀਆਂ ਹੋਕੇ,ਆਪਣੇ ਲੋਕਾਂ ਦੀਆਂ ਮੁਸ਼ਕਿਲਾਂ ਦੇ ਹੱਲ ਲਈ ਇੱਕ ਸਾਂਝਾ ਸੰਯੁਕਤ ਮੋਰਚਾ ਕਿਸਾਨ (ਐਸ.ਕੇ.ਐਮ) ਬਣਾ ਕੇ ਸੰਘਰਸ਼ ਕਰਕੇ ਆਪਣੀਆਂ ਮੰਗਾਂ ਮੰਨਣ ਲਈ ਸਰਕਾਰਾਂ ਨੂੰ ਮਜਬੂਰ ਕਰਕੇ ਉਨ੍ਹਾਂ ਕੋਲੋਂ ਮੰਗਾਂ ਮਨਵਾ ਸਕਦੀਆਂ ਨੇ ਤਾਂ ਫਿਰ ਅਸੀਂ ਜਿਹੜੇ ਐਸ.ਸੀ ਵਰਗਾਂ ਦੇ ਲੋਕ ਹਾਂ ਅਸੀਂ ਚਾਹੇ ਛੋਟੇ ਹਾਂ ਚਾਹੇ ਵੱਡੇ ਤਾਂ ਅਸੀਂ ਵੀ ਇਕੱਠੇ ਹੋਈਏ ਅਤੇ ਦਲਿਤਾਂ ਉਪਰ ਜੋ ਅੱਤਿਆਚਾਰ ਹੋ ਰਿਹੈ ਉਸਨੂੰ ਰੋਕਣ ਲਈ ਇਕਜੁੱਟ ਹੋਕਰ ਸੰਘਰਸ਼ ਕਰੀਏ।ਉਨ੍ਹਾਂ ਕਿਹਾ ਕਿ ਤੁਸੀਂ ਦੇਖੋਗੇ ਅਗਲੇ ਸਾਲ 2027 ਚ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਲਈ ਵੋਟਾਂ ਪੈਣਗੀਆਂ।ਪਿਛਲੇ ਸਾਲ ਵੀ ਵੋਟਾਂ ਲੰਘੀਆਂ ਨੇ ਠੀਕ ਉਸੇ ਤਰਾਂ ਹੁਣ ਵੀ



ਫਿਰ ਤੋਂ ਵੋਟਾਂ ਲੈਣ ਵਾਸਤੇ ਹਰੇਕ ਪਾਰਟੀ ਦਾ ਐਸ.ਸੀ ਲੀਡਰ ਅਤੇ ਜਰਨਲ ਲੀਡਰ ਕਿਵੇਂ ਝੁੰਡ ਬਣਾ ਕੇ ਸਾਡੇ ਵਿਹੜਿਆਂ ਚ ਆਉਣਗੇ ਅਤੇ ਵੋਟਾਂ ਲੈਕੇ ਜਿੱਤ ਕੇ ਫਿਰ ਅਰਾਮ ਨਾਲ ਪੰਜ ਸਾਲ ਆਪਣੇ ਆਪਣੇ ਕੰਮ ਕਰਨਗੇ ਪਰ ਸਾਡੀ ਜਾਂ ਸਾਡੀਆਂ ਜਰੂਰਤਾਂ ਦੀ ਯਾਦ ਕਿਸੇ ਨੂੰ ਨਹੀਂ ਆਉਣੀ ਕਿਉਂਕਿ ਸਾਡੀ ਯਾਦ ਦਾ ਇਨ੍ਹਾਂ ਲੋਕਾਂ ਨੂੰ ਸਿਰਫ ਤੇ ਸਿਰਫ ਵੋਟਾਂ ਲੈਣ ਵੇਲੇ ਹੀ ਆਉਂਦੀ ਹੈ।ਉਨ੍ਹਾਂ ਕਿਹਾ ਕਿ ਜਦੋਂ ਸਾਡੇ ਸਮਾਜ ਦੇ ਕਿਸੇ ਪਰਿਵਾਰ ਤੇ ਅੱਤਿਆਚਾਰ ਹੁੰਦੈ ਜਾਂ ਕੋਈ ਜਬਰ-ਜਨਾਹ ਹੁੰਦਾ ਜਾਂ ਸਾਡੀ ਧੀ ਭੈਣ ਨਾਲ ਕਿਸੇ ਕਿਸਮ ਦਾ ਧੱਕਾ ਹੁੰਦਾ ਜਾਂ ਸਾਡੇ ਕੋਲੋਂ ਕੰਮ ਕਰਾ ਕੇ ਕੋਈ ਸਾਡੀ ਦਿਹਾੜੀ ਦੀ ਮਜਦੂਰੀ ਨਹੀਂ ਦਿੰਦਾ ਤਾਂ ਉਦੋਂ ਇਹਨਾਂ ਚਿੱਟੇ ਕੱਪੜਿਆਂ ਵਾਲੇ ਲੀਡਰਾਂ ਦੇ ਵਿੱਚੋਂ ਕੋਈ ਵੀ ਸਾਡੀ ਮੱਦਦ ਕਰਨ ਲਈ ਨਹੀਂ ਸੀ ਬਹੁੜਦਾ।

ਉਨ੍ਹਾਂ ਕਿਹਾ ਕਿ ਸਾਡੇ ਹੀ ਸਮਾਜ ਦੇ ਬਹੁਤ ਸਾਰੇ ਲੋਕੀਂ ਆਪੋ-ਆਪਣੀਆਂ ਜਥੇਬੰਦੀਆਂ ਬਣਾ ਕੇ ਵੱਖੋ ਵੱਖ ਫਿਰ ਰਹੇ ਹਨ ਜਿਸਦਾ ਕੋਈ ਬਹੁਤਾ ਸਾਰਥਕ ਨਤੀਜਾ ਨਹੀਂ ਨਿਕਲ ਰਿਹਾ, ਸਾਡੇ ਵਿੱਚੋ ਕਈਆਂ ਨੂੰ ਤਾਂ ਗਰੀਬੀ ਲਫ਼ਜ਼ ਦੇ ਅਸਲੀ ਅਰਥ ਵੀ ਨਹੀਂ ਪਤਾ ਪਰ ਉਹ ਵੀ ਸ਼ੋਸ਼ਲ ਮੀਡੀਆ ਉਪਰ ਪੋਸਟਾਂ ਪਾਕੇ ਆਪਣੇ ਆਪ ਨੂੰ ਗਰੀਬਾਂ ਦੇ ਸੱਚੇ ਹਮਦਰਦ ਅਤੇ ਰੱਖਵਾਲੇ ਅਖਵਾਉਂਦੇ ਹਨ। ਪਰ ਜਦੋਂ ਕਿਤੇ ਗਰੀਬ ਵਰਗਾਂ ਨੂੰ ਮੱਦਦ ਦੀ ਜਰੂਰਤ ਹੁੰਦੀ ਹੈ ਇਨ੍ਹਾਂ ਜੱਥਬੰਦੀਆਂ ਵਿੱਚੋ ਬਹੁਤੇ ਤਾਂ ਮੌਕੇ ਤੇ ਲੱਭਦੇ ਹੀ ਹੁੰਦੇ ਤੇ ਹਾਂ ਪਰ ਕੁੱਝ ਲੋਕੀਂ ਹਨ ਜੋ ਔਖੇ ਵੇਲੇ ਵੀ ਗਰੀਬਾਂ ਦੀ ਮੱਦਦ ਲਈ ਬਹੁੜਦੇ ਹਨ।ਮੇਰਾ ਅੱਜ ਦੀ ਇਸ ਮੀਟਿੰਗ ਦਾ ਮੁੱਖ ਮਕਸਦ ਇਹ ਹੈ ਕਿ ਜੇਕਰ ਸਮਾਜ ਦੇ ਹੋਰ ਵਰਗ ਜਿਨਾਂ ਵਿੱਚ ਕਿਸਾਨ ਜਥੇਬੰਦੀਆਂ, ਵਪਾਰ ਮੰਡਲ ਜਾਂ ਹੋਰ ਸਮਾਜ ਦੇ ਕਈ ਵਰਗਾਂ ਦੇ ਲੋਕੀ ਜੱਥੇ ਬੰਦੀਆਂ ਬਣਾ ਕੇ ਆਪੋ-ਆਪਣੇ ਸਮਾਜ ਦੇ ਲੋਕਾਂ ਦੀ ਭਲਾਈ ਲਈ ਕੰਮ ਕਰਦੇ ਹਨ ਅਤੇ ਲੋੜ ਪੈਣ ਵੇਲੇ ਸਾਰੇ ਗਿਲੇ-ਸ਼ਿਕਵੇ ਭੁਲਾ ਕੇ ਆਪਸ ਵਿੱਚ ਇਕੱਠੇ ਹੋ ਕੇ ਇੱਕ ਮੋਰਚਾ ਬਣਾ ਕੇ ਸੰਘਰਸ਼ ਕਰਕੇ ਵੱਡੀ ਤੋਂ ਵੱਡੀ ਮੁਸ਼ਕਿਲ ਦਾ ਹੱਲ ਕਰਵਾਉਂਦੇ ਹਨ।ਪਰ ਸਾਡੇ ਐਸ.ਸੀ ਵਰਗਾਂ ਦੇ ਲੋਕੀ ਜਦੋਂ ਸਾਡੇ ਆਪਣੇ ਸਮਾਜ ਦੇ ਬੰਦੇ ਨੂੰ ਔਖੇ ਵੇਲੇ ਕਿਸੇ ਮਦਦ ਦੀ ਲੋੜ ਪੈ ਜਾਵੇ ਅਤੇ ਜੇਕਰ ਇੱਕ ਜਥੇਬੰਦੀ ਉਸਦੀ ਮੱਦਦ ਲਈ ਅੱਗੇ ਆ ਗਈ ਤਾਂ ਉਸ ਦੀ ਜਿੱਦ ਦੇ ਵਿੱਚ ਪੀੜਤ ਵਿਅਕਤੀ ਦੀ ਮੱਦਦ ਕਰਨ ਲਈ ਦੂਸਰੇ ਪਹੁੰਚਦੇ ਹੀ ਨਹੀਂ।ਜਦਕਿ ਆਪਣੇ ਸਾਰੇ ਗਿਲੇ-ਸ਼ਿਕਵੇਂ ਭੁਲਾ ਕੇ ਕਿਸੇ ਲੋੜਵੰਦ ਜਾਂ ਪੀੜਤ ਵਿਅਕਤੀ ਜਾਂ ਔਰਤ ਨਾਲ ਧੱਕਾ ਹੁੰਦੈ, ਜਾਂ ਕੋਈ ਹੋਰ ਮੁਸ਼ਕਿਲ ਪੇਸ਼ ਆਉਂਦੀ ਹੈ ਤਾਂ ਸਾਨੂੰ ਇਕੱਠੇ ਹੋ ਕੇ ਲੋੜਵੰਦਾਂ ਦੀ ਮਦਦ ਲਈ ਸੰਘਰਸ਼ ਕਰਨਾ ਚਾਹੀਦਾ ਹੈ। ਅਸੀਂ ਕਿਉਂ ਨਹੀਂ ਇਕੱਠੇ ਹੋ ਰਹੇ ਜਾਂ ਇਕੱਠੇ ਹੋ ਸਕਦੇ, ਇਸ ਦਾ ਇੱਕੋ-ਇੱਕ ਮੁੱਖ ਕਾਰਨ ਹੈ ਸਾਡੀ ਆਪਸ ਵਿੱਚ ਹਉਮੈਬਾਜੀ-ਜਿੱਦਬਾਜ਼ੀ ਜਾਂ ਖਹਿਬਾਜ਼ੀ ਕਿ ਅਸੀਂ ਆਪਸ ਵਿੱਚ ਇੱਕ ਦੂਜੇ ਨਾਲੋਂ ਖੁਦ ਨੂੰ ਉਚਾ ਦਿਖਾਉਣ ਦੀ ਸੋਚ ਕਾਰਨ ਹੀ ਮੱਦਦ ਲਈ ਅੱਗੇ ਨਹੀਂ ਆਉਂਦੇ। ਅਸੀਂ ਇਹ ਨਹੀਂ ਸੋਚਦੇ ਕਿ ਸਾਡੇ ਅਜਿਹਾ ਕਰਨ ਨਾਲ ਸਾਡੇ ਆਪਣੇ ਸਮਾਜ ਦਾ ਬਹੁਤ ਵੱਡਾ ਨੁਕਸਾਨ ਹੋ ਰਿਹਾ ਹੈ, ਜਿਸਦਾ ਫਾਇਦਾ ਮਨੂਵਾਦੀ ਲੋਕੀਂ ਉਠਾ ਰਹੇ ਹਨ ਅਤੇ ਸਾਡੇ ਉਪਰ ਹੋ ਰਹੇ ਜ਼ੁਲਮਾਂ ਦਾ ਕਦੇ ਅੰਤ ਹੋ ਰਿਹਾ।ਮੈਂ ਇੱਕ ਵਾਰੀ ਫਿਰ ਤੋਂ ਪੰਜਾਬ ਦੀਆਂ ਸਾਰੀਆਂ ਅੰਬੇਡਕਰਬਾਦੀ ਜਥੇਬੰਦੀਆਂ ਦੇ ਆਗੂਆਂ ਅਤੇ ਹੋਰਨਾਂ ਦਰਜਾ-ਬ-ਦਰਜਾ ਸਾਰੇ ਅਹੁਦੇਦਾਰਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਇੱਕ ਪਲੇਟਫਾਰਮ ਤੇ ਇਕੱਠੇ ਹੋ ਕੇ ਕਿਸਾਨਾਂ ਦੇ ਸੰਯੁਕਤ ਕਿਸਾਨ ਮੋਰਚੇ (ਐਸ.ਕੇ.ਐਮ) ਦੀ ਤਰ੍ਹਾਂ ਆਪਣਾ ਵੀ ਇੱਕ ਸੰਯੁਕਤ ਐਸ.ਸੀ ਮੋਰਚਾ (ਐਸ.ਐਸ.ਸੀ.ਐਮ) ਬਣਾਉਣ, ਜਿਸ ਵਿੱਚ ਸਾਰੀਆਂ ਅੰਬੇਡਕਰਬਾਦੀ ਜਥੇਬੰਦੀਆਂ ਦੇ ਵਿੱਚੋਂ ਨੁਮਾਇੰਦੇ ਲੈਕੇ ਇੱਕ ਸਾਂਝਾ ਸੂਬਾ ਪੱਧਰੀ ਇੱਕ ਪਲੇਟਫਾਰਮ ਬਣਾਉਣ ਲਈ ਉਪਰਾਲਾ ਕਰਨ ਤਾਂ ਕਿ ਕਿਸੇ ਪੀੜਤ ਜਾਂ ਲੋੜਵੰਦ ਦੀ ਲੋੜ ਪੈਣ ਵੇਲੇ ਮੱਦਦ ਕਰ ਸਕੀਏ।ਲੋੜਪੈਣ ਵੇਲੇ ਸਾਰੇ ਪੰਜਾਬ ਵਿੱਚ ਇਕੱਠੇ ਹੋਕੇ ਸੰਘਰਸ਼ ਕਰਕੇ ਵੱਡੀ ਤੋਂ ਵੱਡੀ ਮੁਸ਼ਕਿਲ ਨੂੰ ਵੀ ਸੌਖਿਆਂ ਹੱਲ ਅਤੇ ਆਪਣੇ ਮੌਲਿਕ ਅਧਿਕਾਰਾਂ ਦੀ ਰੱਖਿਆ ਕਰ ਸਕੀਏ।

# ਐਡਵੋਕੇਟ ਸੰਜੀਵ ਚੌਧਰੀ ਚੇਚੀ ਦੇ ਜ਼ਿਲ੍ਹਾ ਪ੍ਰਧਾਨ ਬਣਨ 'ਤੇ ਖ਼ੁਸ਼ੀ ਦੀ ਲਹਿਰ; ਚੇਅਰਮੈਨ ਸੇਠੀ ਉਧਨਵਾਲ ਨੇ ਦਿੱਤੀਆਂ ਵਧਾਈਆਂ

**ਨਵਾਂਸ਼ਹਿਰ , 15 ਜੁਲਾਈ (ਜਤਿੰਦਰਪਾਲ ਸਿੰਘ ਕਲੇਰ):** ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਸਿਆਸਤ ਅਤੇ ਸਮਾਜਿਕ ਹਲਕਿਆਂ ਵਿੱਚ ਉਸ ਵੇਲੇ ਖ਼ੁਸ਼ੀ ਦੀ ਲਹਿਰ ਦੌੜ ਗਈ, ਜਦੋਂ ਐਡਵੋਕੇਟ ਸੰਜੀਵ ਚੌਧਰੀ ਚੇਚੀ ਨੂੰ ਆਮ ਆਦਮੀ ਪਾਰਟੀ ਵੱਲੋਂ ਜ਼ਿਲ੍ਹਾ ਪ੍ਰਧਾਨ ਦੇ ਅਹਿਮ ਅਹੁਦੇ ਨਾਲ ਨਿਵਾਜਿਆ ਗਿਆ। ਇਸ ਵੱਕਾਰੀ ਨਿਯੁਕਤੀ ਤੋਂ ਬਾਅਦ ਉਨ੍ਹਾਂ ਦੇ ਸਮਰਥਕਾਂ ਅਤੇ ਸਨੇਹੀਆਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਚਾਰੇ ਪਾਸਿਓਂ ਮੁਬਾਰਕਬਾਦ ਮਿਲਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ।ਇਸੇ ਕੜੀ ਤਹਿਤ ਚੇਅਰਮੈਨ ਮਾਰਕੀਟ ਕਮੇਟੀ ਬਲਾਚੌਰ ਸੇਠੀ ਉਧਨਵਾਲ ਵੱਲੋਂ ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਸੰਜੀਵ ਚੌਧਰੀ ਚੇਚੀ ਨਾਲ ਉਚੇਚੇ ਤੌਰ 'ਤੇ ਮੁਲਾਕਾਤ ਕਰਕੇ ਉਨ੍ਹਾਂ ਨੂੰ ਇਸ



ਵੱਡੀ ਪ੍ਰਾਪਤੀ ਲਈ ਵਧਾਈਆਂ ਦਿੱਤੀਆਂ ਗਈਆਂ। ਉਨ੍ਹਾਂ ਆਪਣੀਆਂ ਦਿਲੀ ਭਾਵਨਾਵਾਂ ਦਾ ਪ੍ਰਗਟਾਵਾ ਕਰਦਿਆਂ ਕਿਹਾ, "ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਜ਼ਿਲ੍ਹਾ ਪ੍ਰਧਾਨ ਲੱਗਣ 'ਤੇ ਸੰਜੀਵ ਚੌਧਰੀ ਚੇਚੀ ਨੂੰ ਬਹੁਤ-ਬਹੁਤ ਮੁਬਾਰਕਬਾਦ। ਮੈਂ ਵਾਹਿਗੁਰੂ ਅੱਗੇ ਅਰਦਾਸ ਅਤੇ ਬੇਨਤੀ ਕਰਦਾ ਹਾਂ ਕਿ ਪ੍ਰਮਾਤਮਾ ਮੇਰੇ ਵੀਰ ਨੂੰ ਹਮੇਸ਼ਾ ਖ਼ੁਸ਼ ਅਤੇ ਚੜ੍ਹਦੀ ਕਲਾ ਵਿੱਚ ਰੱਖੇ।"

ਚੇਅਰਮੈਨ ਸੇਠੀ ਉਧਨਵਾਲ ਨੇ ਨਵੇਂ ਬਣੇ ਜ਼ਿਲ੍ਹਾ ਪ੍ਰਧਾਨ 'ਤੇ ਪੂਰਨ ਵਿਸ਼ਵਾਸ ਜਤਾਉਂਦਿਆਂ ਕਿਹਾ ਕਿ ਉਨ੍ਹਾਂ ਨੂੰ ਪੂਰੀ ਉਮੀਦ ਹੈ ਕਿ ਐਡਵੋਕੇਟ ਚੇਚੀ ਆਪਣੀ ਇਸ ਨਵੀਂ ਅਤੇ ਵੱਡੀ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ, ਤਨਦੇਹੀ ਅਤੇ ਲਗਨ ਨਾਲ ਨਿਭਾਉਂਦਿਆਂ ਜ਼ਿਲ੍ਹੇ ਦੇ ਵਿਕਾਸ ਅਤੇ ਲੋਕ ਭਲਾਈ ਲਈ ਕੰਮ ਕਰਨਗੇ। ਇਸ ਖ਼ਾਸ ਮੌਕੇ 'ਤੇ ਚੇਅਰਮੈਨ ਸੇਠੀ ਉਧਨਵਾਲ ਨੇ ਐਡਵੋਕੇਟ ਸੰਜੀਵ ਚੌਧਰੀ ਚੇਚੀ ਨੂੰ ਉਨ੍ਹਾਂ ਦੀ ਇਸ ਸ਼ਾਨਦਾਰ ਨਿਯੁਕਤੀ ਲਈ ਸਨਮਾਨਿਤ ਵੀ ਕੀਤਾ। ਇਸ ਮੌਕੇ ਹੋਰ ਵੀ ਕਈ ਪਤਵੰਤੇ ਸੱਜਣ ਹਾਜ਼ਰ ਸਨ ਜਿਨ੍ਹਾਂ ਨੇ ਨਵੇਂ ਜ਼ਿਲ੍ਹਾ ਪ੍ਰਧਾਨ ਨੂੰ ਸ਼ੁਭਕਾਮਨਾਵਾਂ ਦਿੱਤੀਆਂ।

# ਟੀਬੀ ਨੂੰ ਹਰਾਉਣ ਲਈ ਜਨ-ਭਾਗੀਦਾਰੀ ਜ਼ਰੂਰੀ, ਹਰ ਲੱਛਣ ਨੂੰ ਗੰਭੀਰਤਾ ਨਾਲ ਲਵੋ : ਐੱਸ.ਐੱਮ.ਓ. ਡਾ ਸਤਿੰਦਰਜੀਤ ਕੌਰ

**●ਟੀਬੀ ਦਾ ਇਲਾਜ ਸੰਭਵ, ਲਾਪਰਵਾਹੀ ਨਹੀਂ—ਸਮੇਂ ਸਿਰ ਜਾਂਚ ਕਰਵਾਓ ●ਸੀ.ਐੱਚ.ਸੀ. ਰਾਹੋਂ ਵਿਖੇ ਹੈਂਡਹੈਲਡ ਡਿਜ਼ੀਟਲ ਐਕਸਰੇ ਮਸ਼ੀਨ ਨਾਲ 40 ਲੋਕਾਂ ਦੀ ਸਕ੍ਰੀਨਿੰਗ**

**ਰਾਹੋਂ, 15 ਜੁਲਾਈ (ਮਨੋਰੰਜਨ ਕਾਲੀਆ):** ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮੁੱਢਲਾ ਸਿਹਤ ਕੇਂਦਰ, ਮੁਜ਼ੱਫਰਪੁਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਸਤਿੰਦਰਜੀਤ ਕੌਰ ਤੇ ਕਮਿਊਨਿਟੀ ਹੈਲਥ ਸੈਂਟਰ, ਰਾਹੋਂ ਦੇ ਸੀਨੀਅਰ ਮੈਡੀਕਲ ਅਫਸਰ ਡਾ ਸੋਨੀਆ ਦੀ ਯੋਗ ਰਹਿਨੁਮਾਈ ਹੇਠ ਕਮਿਊਨਿਟੀ ਹੈਲਥ ਸੈਂਟਰ (ਸੀ.ਐੱਚ.ਸੀ.) ਰਾਹੋਂ ਵਿਖੇ 100 ਦਿਨਾ ਟੀਬੀ ਮੁਕਤ ਭਾਰਤ ਅਭਿਆਨ ਤਹਿਤ ਟੀਬੀ ਦੀ ਸਮੇਂ ਸਿਰ ਪਛਾਣ ਅਤੇ ਰੋਕਥਾਮ ਲਈ ਵਿਸ਼ੇਸ਼ ਸਕ੍ਰੀਨਿੰਗ ਕੈਂਪ ਆਯੋਜਿਤ ਕੀਤਾ ਗਿਆ। ਇਸ ਸਬੰਧੀ ਸੀਨੀਅਰ ਮੈਡੀਕਲ ਅਫ਼ਸਰ ਡਾ. ਸਤਿੰਦਰਜੀਤ ਕੌਰ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਸੋਨੀਆ ਨੇ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੈਂਪ ਦੌਰਾਨ ਹੈਂਡ-ਹੈਲਡ ਪੋਰਟੇਬਲ ਡਿਜ਼ੀਟਲ ਐਕਸਰੇ ਮਸ਼ੀਨ ਰਾਹੀਂ 40 ਵਿਅਕਤੀਆਂ ਦੇ



ਛਾਤੀ ਦੇ ਮੁਫ਼ਤ ਐਕਸ-ਰੇ ਕੀਤੇ ਗਏ। ਜਾਂਚ ਦੌਰਾਨ ਟੀਬੀ ਦੇ ਸ਼ੱਕੀ ਲੱਛਣ ਵਾਲੇ ਵਿਅਕਤੀਆਂ ਨੂੰ ਅਗਲੀ ਪੁਸ਼ਟੀਕਰਣ ਜਾਂਚ ਅਤੇ ਤੁਰੰਤ ਇਲਾਜ ਲਈ ਰੈਫਰ ਕੀਤਾ ਗਿਆ। ਉਨ੍ਹਾਂ ਕਿਹਾ ਕਿ ਟੀਬੀ ਦੀ ਸਮੇਂ ਸਿਰ ਪਛਾਣ ਹੀ ਇਸ ਬਿਮਾਰੀ 'ਤੇ ਕਾਬੂ ਪਾਉਣ ਦੀ ਸਭ ਤੋਂ ਪ੍ਰਭਾਵਸ਼ਾਲੀ ਕੁੰਜੀ ਹੈ। ਪੰਜਾਬ ਸਰਕਾਰ ਵੱਲੋਂ ਟੀਬੀ ਦੀ ਜਾਂਚ, ਦਵਾਈਆਂ ਅਤੇ ਇਲਾਜ ਦੀਆਂ ਸਾਰੀਆਂ ਸੇਵਾਵਾਂ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਪੂਰੀ ਤਰ੍ਹਾਂ ਮੁਫ਼ਤ ਉਪਲੱਬਧ ਕਰਵਾਈਆਂ ਜਾ ਰਹੀਆਂ ਹਨ। ਕੈਂਪ ਦੌਰਾਨ ਲੋਕਾਂ ਨੂੰ ਟੀਬੀ ਦੇ ਲੱਛਣ, ਬਚਾਅ ਦੇ ਉਪਾਵਾਂ ਅਤੇ ਇਲਾਜ ਸਬੰਧੀ ਵਿਸਥਾਰਪੂਰਵਕ ਜਾਗਰੂਕ ਕੀਤਾ ਗਿਆ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਕਿਸੇ ਵਿਅਕਤੀ ਨੂੰ ਦੋ ਹਫ਼ਤਿਆਂ ਤੋਂ ਵੱਧ ਖੰਘ, ਲਗਾਤਾਰ ਬੁਖ਼ਾਰ, ਵਜ਼ਨ ਵਿੱਚ ਕਮੀ ਜਾਂ ਰਾਤ ਸਮੇਂ ਬਹੁਤ ਜ਼ਿਆਦਾ ਪਸੀਨਾ ਆਉਣ ਵਰਗੇ ਲੱਛਣ ਹੋਣ ਤਾਂ ਉਹ ਬਿਨਾਂ ਦੇਰੀ ਆਪਣੇ ਨਜ਼ਦੀਕੀ ਸਰਕਾਰੀ ਸਿਹਤ ਕੇਂਦਰ ਨਾਲ ਸੰਪਰਕ ਕਰੇ। ਉਨ੍ਹਾਂ ਦੱਸਿਆ ਕਿ ਸਮੇਂ ਸਿਰ ਜਾਂਚ ਅਤੇ ਇਲਾਜ ਨਾਲ ਟੀਬੀ ਨੂੰ ਪੂਰੀ ਤਰ੍ਹਾਂ ਠੀਕ ਕੀਤਾ ਜਾ ਸਕਦਾ ਹੈ ਅਤੇ ਇਸ ਦੇ ਫੈਲਾਅ ਨੂੰ ਵੀ ਪ੍ਰਭਾਵਸ਼ਾਲੀ ਢੰਗ ਨਾਲ ਰੋਕਿਆ ਜਾ ਸਕਦਾ ਹੈ। ਉਨ੍ਹਾਂ ਸਮੂਹ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਸਿਹਤ ਵਿਭਾਗ ਵੱਲੋਂ ਚਲਾਈ ਜਾ ਰਹੀ 100 ਦਿਨਾਂ ਟੀਬੀ ਮੁਕਤ ਭਾਰਤ ਮੁਹਿੰਮ ਵਿੱਚ ਸਰਗਰਮ ਭਾਗੀਦਾਰੀ ਨਿਭਾਉਣ ਅਤੇ ਸਰਕਾਰੀ ਸਿਹਤ ਸੇਵਾਵਾਂ ਦਾ ਵੱਧ ਤੋਂ ਵੱਧ ਲਾਭ ਉਠਾ ਕੇ ਟੀਬੀ ਮੁਕਤ ਪੰਜਾਬ ਅਤੇ ਟੀਬੀ ਮੁਕਤ ਭਾਰਤ ਦੇ ਸੁਪਨੇ ਨੂੰ ਸਾਕਾਰ ਕਰਨ ਵਿੱਚ ਆਪਣਾ ਯੋਗਦਾਨ ਪਾਉਣ।

# ਪਿੰਡ ਵਿਰਕ ਦੀ ਖੇਡ ਗਰਾਉਂਡ ਦਾ ਕੰਮ ਸ਼ੁਰੂ ਕਰਵਾਇਆ ਗਿਆ

**ਫਿਲੌਰ/ਅੱਪਰਾ,15 ਜੁਲਾਈ (ਦੀਪਾ)–** ਪਿੰਡ ਵਿਰਕ ਵਿਖੇ ਖੇਡ ਗਰਾਉਂਡ ਦਾ ਕੰਮ ਸਮੂਹ ਗ੍ਰਾਮ ਪੰਚਾਇਤ ਮੈਂਬਰਾਂ ਤੇ ਐਨ. ਆਰ.ਆਈ ਵੀਰਾਂ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਸਦਕਾ ਸ਼ੁਰੂ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਰਪੰਚ ਸੁਮਿਤ ਲਾਡੀ ਬਸਰਾ ਨੇ ਦੱਸਿਆ ਕਿ ਇਹ ਕੰਮ ਵਿੱਚ ਸ. ਗੁਰਮੇਲ ਸਿੰਘ ਜੀ ਅਮਿਤ ਕੰਸਟ੍ਰਕਸ਼ਨ ਯੂ.ਐੱਸ.ਏ ਵਾਲਿਆਂ ਨੇ ਵੱਡਾ ਸਹਿਯੋਗ ਕੀਤਾ ਹੈ, ਉਨ੍ਹਾਂ ਨੇ ਗਰਾਊਂਡ ਦੇ ਵਿੱਚ ਸਟੇਜ, ਸਟੋਰ ਰੂਮ, ਖਿਡਾਰੀਆਂ ਦੇ ਲਈ 4 ਅਲੱਗ-ਅਲੱਗ ਬਾਥਰੂਮ ਬਣਾਉਣ ਲਈ ਪੂਰਾ ਕੰਸਟ੍ਰਕਸ਼ਨ ਮਟੀਰੀਅਲ ਦੇਣ ਦਾ ਵਾਅਦਾ ਕੀਤਾ ਹੈ। ਇਸ ਕੰਮ ਨੂੰ ਨੇਪਰੇ ਚੜ੍ਹਾਉਣ ਲਈ ਇਸ ਕੰਮ ਦੀ ਲੇਬਰ ਦਾ ਖਰਚਾ ਨਗਰ ਨਿਵਾਸੀਆਂ, ਐੱਨ ਆਰ ਆਈ ਵੀਰਾਂ ਭੈਣਾਂ ਅਤੇ ਗ੍ਰਾਮ ਪੰਚਾਇਤ ਵੱਲੋਂ ਕੀਤਾ ਜਾਵੇਗਾ। ਇਸ ਮੌਕੇ ਸਰਪੰਚ ਲਾਡੀ ਬਸਰਾ ਨੇ ਸਮੂਹ ਨਗਰ ਨਿਵਾਸੀਆਂ ਅਤੇ ਐੱਨ ਆਰ ਆਈ ਵੀਰਾਂ ਭੈਣਾਂ ਨੂੰ ਅਪੀਲ ਕੀਤੀ ਕਿ ਪਿੰਡ ਦੀ ਗਰਾਊਂਡ ਦਾ ਕੰਮ ਕਰਵਾਉਣਾ ਬਹੁਤ ਜ਼ਰੂਰੀ ਹੈ ਕਿਉਕਿ ਅੱਜ ਸਮੇਂ 'ਚ ਨੌਜਵਾਨੀ ਨਸ਼ੇ ਦੀ ਦਲ-ਦਲ ਵਿੱਚ ਫਸਦੀ ਜਾ ਰਹੀ ਹੈ।



ਨੌਜਵਾਨਾਂ ਨੂੰ ਖੇਡ ਗਰਾਊਂਡ ਨਾਲ ਜੋੜਨ ਲਈ ਗਰਾਊਂਡ ਨੂੰ ਆਧੁਨਿਕ ਸਹੂਲਤਾਂ ਨਾਲ ਲੈਸ ਕਰਨ ਲਈ ਮਾਲੀ ਸਹਾਇਤਾ ਦੀ ਬਹੁਤ ਜ਼ਰੂਰਤ ਹੈ। ਸੋ ਆਪ ਸਭ ਨੂੰ ਅਪੀਲ ਕਰਦਾ ਹਾਂ ਕਿ ਇਸ ਕੰਮ ਵਿੱਚ ਆਪਣੀ ਨੇਕ ਕਮਾਈ ਵਿਚੋਂ ਵੱਧ ਤੋਂ ਵੱਧ ਯੋਗਦਾਨ ਪਾਇਆ ਜਾਵੇ ਤਾਂ ਜੋ ਇਸ ਗਰਾਊਂਡ ਵਿੱਚ ਸਟੇਡੀਅਮ ਬਣ ਸਕੇ ਅਤੇ ਪਿੰਡ ਦੇ ਨੌਜਵਾਨ ਪੀੜ੍ਹੀ ਖੇਡਾਂ ਵਿੱਚੋਂ ਨੈਸ਼ਨਲ ਲੈਵਲ ਦੇ ਖਿਡਾਰੀ ਨਿਕਲ ਸਕਣ ਅਤੇ ਆਪਣੇ ਪਿੰਡ ਦਾ ਨਾਮ ਰੌਸ਼ਨ ਕਰਨ।

# ਆਂਗਣਵਾੜੀ ਮੁਲਾਜ਼ਮ ਯੂਨੀਅਨ (ਸੀਟੂ) ਬਲਾਕ ਫਿਲੌਰ ਨੇ ਆਪਣੀਆਂ ਹੱਕੀ ਮੰਗਾਂ ਸਬੰਧੀ "ਆਪ" ਹਲਕਾ ਇੰਚਾਰਜ ਹਰਜੋਤ ਲੋਹਟੀਆ ਨੂੰ ਸੌਂਪਿਆ ਮੰਗ ਪੱਤਰ

**ਫਿਲੌਰ/ਅੱਪਰਾ, 25 ਜੁਲਾਈ (ਦੀਪਾ)**-ਅੱਜ ਫਿਲੌਰ ਦਫ਼ਤਰ ਵਿਖੇ ਆਂਗਣਵਾੜੀ ਮੁਲਾਜ਼ਮ ਯੂਨੀਅਨ (ਸੀਟੂ) ਬਲਾਕ ਫਿਲੌਰ (ਜ਼ਿਲ੍ਹਾ ਜਲੰਧਰ) ਵੱਲੋਂ ਆਪਣੀਆਂ ਹੱਕੀ ਮੰਗਾਂ ਸਬੰਧੀ ਆਮ ਆਦਮੀ ਪਾਰਟੀ ਦੀ ਹਲਕਾ ਇੰਚਾਰਜ ਹਰਜੋਤ ਲੋਹਟੀਆ ਨੂੰ ਇੱਕ ਮੰਗ-ਪੱਤਰ ਸੌਂਪਿਆ ਗਿਆ।

ਇਸ ਮੌਕੇ ਮੈਡਮ ਹਰਜੋਤ ਲੋਹਟੀਆ ਨੇ ਉਨ੍ਹਾਂ ਦੀਆਂ ਸਮੱਸਿਆਵਾਂ ਅਤੇ ਮੰਗਾਂ ਨੂੰ ਧਿਆਨ ਨਾਲ ਸੁਣਿਆ ਗਿਆ ਅਤੇ ਭਰੋਸਾ ਦਿਵਾਇਆ ਗਿਆ ਕਿ ਉਨ੍ਹਾਂ ਦੇ ਮਸਲਿਆਂ ਨੂੰ ਸਬੰਧਤ ਵਿਭਾਗ ਅਤੇ ਪੰਜਾਬ ਸਰਕਾਰ ਦੇ ਧਿਆਨ ਵਿੱਚ ਲਿਆ ਕੇ ਜਲਦ ਤੋਂ ਜਲਦ ਹੱਲ ਕਰਵਾਉਣ ਲਈ ਹਰ ਸੰਭਵ ਯਤਨ ਕੀਤਾ ਜਾਵੇਗਾ। ਇਸ ਮੌਕੇ ਬੋਲਦਿਆਂ ਹਰਜੋਤ ਲੋਹਟੀਆ ਨੇ ਕਿਹਾ ਕਿ ਆਂਗਣਵਾੜੀ ਮੁਲਾਜ਼ਮਾਂ ਵੱਲੋਂ ਮਾਵਾਂ, ਬੱਚਿਆਂ ਅਤੇ ਸਮਾਜ ਦੀ ਭਲਾਈ ਲਈ





ਨਿਭਾਈ ਜਾ ਰਹੀ ਅਹਿਮ ਸੇਵਾ ਸ਼ਲਾਘਾਯੋਗ ਹੈ। ਉਨ੍ਹਾਂ ਦੀ ਮਿਹਨਤ ਅਤੇ ਸਮਰਪਣ ਦਾ ਸਤਿਕਾਰ ਕਰਦੇ ਹੋਏ, ਉਨ੍ਹਾਂ ਦੇ ਜਾਇਜ਼ ਹੱਕਾਂ ਲਈ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਵੱਡੀ ਗਿਣਤੀ ਵਿੱਚ ਆਂਗਣਵਾੜੀ ਵਰਕਰਜ਼ ਹਾਜ਼ਰ ਸਨ।

# ਮਾਨ ਸਰਕਾਰ ਦੀ ਅਗਵਾਈ ਹੇਠ ਪੰਜਾਬ ਦੇ ਟ੍ਰਾਂਸਪੋਰਟ ਖੇਤਰ 'ਚ ਵੱਡੀ ਪੁਲਾਂਘ, 696 ਨਵੀਂਆਂ ਬੱਸਾਂ ਦਾ ਦਿੱਤਾ ਆਰਡਰ: ਚੇਅਰਮੈਨ ਸਤਨਾਮ ਜਲਾਲਪੁਰ

**ਨਵਾਂਸ਼ਹਿਰ, (ਜਤਿੰਦਰਪਾਲ ਸਿੰਘ ਕਲੇਰ):** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਟ੍ਰਾਂਸਪੋਰਟ ਖੇਤਰ ਵਿੱਚ ਸੁਧਾਰ ਲਿਆਉਣ ਲਈ ਇੱਕ ਇਤਿਹਾਸਕ ਕਦਮ ਚੁੱਕਿਆ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਜ਼ਿਲ੍ਹਾ ਯੋਜਨਾ ਬੋਰਡ ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਦੇ ਚੇਅਰਮੈਨ ਸਤਨਾਮ ਜਲਾਲਪੁਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਲਗਭਗ 20 ਸਾਲਾਂ ਵਿੱਚ ਪਹਿਲੀ ਵਾਰ 696 ਨਵੀਂਆਂ ਬੱਸਾਂ ਖਰੀਦਣ ਦਾ ਵੱਡਾ ਆਰਡਰ ਦਿੱਤਾ ਗਿਆ ਹੈ, ਜਿਸ ਨਾਲ ਆਮ ਲੋਕਾਂ ਲਈ ਆਵਾਜਾਈ ਦੀ ਸਹੂਲਤ ਵਿੱਚ ਵੱਡਾ ਵਾਧਾ ਹੋਵੇਗਾ। ਚੇਅਰਮੈਨ ਸਤਨਾਮ ਜਲਾਲਪੁਰ ਨੇ ਦੱਸਿਆ ਕਿ ਇਸ ਇਤਿਹਾਸਕ ਫੈਸਲੇ ਤਹਿਤ ਪੀ.ਆਰ.ਟੀ.ਸੀ. (ਪੈਪਸੂ ਰੋਡ ਟ੍ਰਾਂਸਪੋਰਟ ਕਾਰਪੋਰੇਸ਼ਨ) ਦੇ ਬੇੜੇ



ਵਿੱਚ 309 ਨਵੀਂਆਂ ਬੱਸਾਂ ਦਾ ਵਾਧਾ ਕੀਤਾ ਜਾਵੇਗਾ, ਜਦੋਂ ਕਿ ਪੰਜਾਬ ਰੋਡਵੇਜ਼ ਦੇ ਬੇੜੇ ਵਿੱਚ 387 ਨਵੀਂਆਂ ਬੱਸਾਂ ਸ਼ਾਮਲ ਕੀਤੀਆਂ ਜਾਣਗੀਆਂ। ਉਹਨਾਂ ਅੱਗੇ ਦੱਸਿਆ ਕਿ ਸਰਕਾਰ ਦੇ ਇਸ ਲੋਕ-ਪੱਖੀ ਫੈਸਲੇ ਨਾਲ ਸੂਬੇ ਵਿੱਚ ਸਰਕਾਰੀ ਬੱਸਾਂ ਦੀ ਕੁੱਲ ਗਿਣਤੀ 2,267 ਤੋਂ ਵਧ ਕੇ 3,546 ਹੋ ਜਾਵੇਗੀ। ਚੇਅਰਮੈਨ ਜਲਾਲਪੁਰ ਨੇ ਕਿਹਾ ਕਿ ਮਾਨ ਸਰਕਾਰ ਪੰਜਾਬ ਦੇ ਹਰ ਵਰਗ ਨੂੰ ਸਹੂਲਤਾਂ ਦੇਣ ਅਤੇ ਟ੍ਰਾਂਸਪੋਰਟ ਢਾਂਚੇ ਨੂੰ ਮਜ਼ਬੂਤ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਇਹ ਨਵੀਂਆਂ ਬੱਸਾਂ ਸੜਕਾਂ 'ਤੇ ਉਤਰਨ ਨਾਲ ਆਮ ਜਨਤਾ ਨੂੰ ਸਫ਼ਰ ਦੌਰਾਨ ਵੱਡੀ ਰਾਹਤ ਮਿਲੇਗੀ।

# ਸਿੱਖਿਆ ਪ੍ਰਤੀ ਸੰਵੇਦਨਹੀਣਤਾ ਦੀ ਰਸਾਤਲ ਤੱਕ ਡਿੱਗੀ ਮੋਦੀ ਸਰਕਾਰ

**● ਜੰਤਰ-ਮੰਤਰ 'ਤੇ ਸਿਖਿਆ ਬਚਾਉਣ ਲਈ ਚੱਲ ਰਹੇ ਸੰਘਰਸ਼ ਨੂੰ ਦਬਾਉਣ ਦਾ ਯਤਨ ਜਾਰੀ ● ਇੱਕ ਸੱਚੇ ਦੇਸ਼ ਭਗਤ ਸੋਨਮ ਵਾਂਗਚੁਕ ਮਾਰਨ 'ਤੇ ਤੁਲੀ ਸਰਕਾਰ**

**ਧੂਰੀ,14 ਜੁਲਾਈ (ਆਰ.ਬੀ)** ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦੇ ਅਸਤੀਫ਼ੇ ਦੀ ਇੱਕ ਮਾਤਰ ਮੰਗ ਨੂੰ ਪੂਰਾ ਕਰਵਾਉਣ ਲਈ ਕਾਕਰੋਚ ਪਾਰਟੀ ਵੱਲੋਂ ਜੰਤਰ ਮੰਤਰ 'ਤੇ ਕੀਤਾ ਜਾ ਰਹੇ ਸੰਘਰਸ਼ ਨੇ ਪੂਰੇ ਦੇਸ਼ ਵਿੱਚ ਚੇਤਨਾ ਦੀ ਲਹਿਰ ਪੈਦਾ ਕਰ ਦਿੱਤੀ ਹੈ। ਇਸ ਅੰਦੋਲਨ ਨੂੰ ਮਿਲ ਰਿਹਾ ਦੇਸ਼ ਵਿਆਪੀ ਸਮਰਥਨ ਇਸ ਦੀ ਵਾਜਬੀਅਤ ਅਤੇ ਸਾਰਥਿਕਤਾ ਨੂੰ ਤਸਦੀਕ ਕਰ ਰਿਹਾ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਧੂਰੀ ਦੇ ਪ੍ਰਧਾਨ ਸੁਖਦੇਵ ਸ਼ਰਮਾ ਨੇ ਇੱਕ ਮੀਟਿੰਗ ਦੌਰਾਨ ਕੀਤਾ। ਉਹਨਾਂ ਅੱਗੇ ਕਿਹਾ ਕਿ ਜਦੋਂ ਤੋਂ ਮੋਦੀ ਸਰਕਾਰ ਨੇ ਕੇਂਦਰ ਦੀ ਸੱਤਾ ਸੰਭਾਲੀ ਹੈ, ਹਰ ਵੱਡੀ ਛੋਟੀ ਪ੍ਰੀਖਿਆ ਦੇ ਪ੍ਰਸ਼ਨ ਪੱਤਰ ਲੀਕ ਹੋਣ ਦਾ ਬਦਨੁਮਾ ਧੱਬਾ ਇਸ ਦੀ ਛਵੀ ਨੂੰ ਦਾਗ਼ਦਾਰ ਕਰ ਰਿਹਾ ਹੈ ਅਤੇ ਸਿਖਿਆ ਪ੍ਰਤੀ ਇਸਦੀ ਪਹੁੰਚ ਦਾ ਪਰਦਾਫਾਸ਼ ਕਰ ਰਿਹਾ ਹੈ। ਮੌਜੂਦਾ ਸਰਕਾਰ ਦੇ ਸਮੇਂ ਹੀ ਲੱਖਾਂ ਸਕੂਲਾਂ ਦਾ ਬੰਦ ਹੋਣਾ ਅਤੇ ਉਚੇਰੀ ਸਿੱਖਿਆ ਦਾ ਨਿਮਨਤਮ ਪੱਧਰ 'ਤੇ ਪਹੁੰਚਣਾ



ਸਰਕਾਰ ਦੀ ਸਿਖਿਆ ਪ੍ਰਤੀ ਬੇਰੁਖੀ ਦਾ ਜਿਉਂਦਾ ਜਾਗਦਾ ਪ੍ਰਮਾਣ ਹੈ। ਇਸ ਦੇ ਨਾਲ ਪੇਪਰ ਲੀਕ ਦੀ ਘਟਨਾ ਤੋਂ ਬਾਅਦ ਦਰਜਨਾਂ ਵਿਦਿਆਰਥੀਆਂ ਦੀ ਖੁਦਕੁਸ਼ੀ ਵੀ ਸਰਕਾਰ ਦੀ ਸੰਵੇਦਨਾ ਨੂੰ ਝੰਜੋੜਨ ਵਿੱਚ ਕਾਮਯਾਬ ਨਹੀਂ ਹੋਈ ਹੈ। ਇਸ ਲਈ ਜਨਤਾ ਦੀਆਂ ਦੇਸ਼ ਵਿਆਪੀ ਭਾਵਨਾਵਾਂ ਨੂੰ ਸਮਝਦੇ ਹੋਏ ਮੋਦੀ ਸਰਕਾਰ ਨੂੰ ਧਰਮੇਂਦਰ ਪ੍ਰਧਾਨ ਦਾ ਅਸਤੀਫ਼ਾ ਤੁਰੰਤ ਪ੍ਰਭਾਵ ਤੋਂ ਲੈ ਕੇ ਸੋਨਮ ਵਾਂਗਚੁਕ ਅਤੇ ਸਾਥੀਆਂ ਦੀ ਭੁੱਖ ਹੜਤਾਲ ਨੂੰ ਖੁਲਵਾਉਣਾ ਚਾਹੀਦਾ ਹੈ ਅਤੇ ਪੇਪਰ ਲੀਕ ਵਰਗੀ ਤ੍ਰਾਸਦੀ ਤੋਂ ਵਿਦਿਆਰਥੀਆਂ ਨੂੰ ਬਚਾਉਣ ਲਈ ਦੋਸ਼ੀਆਂ ਖਿਲਾਫ਼ ਠੋਸ ਕਾਰਵਾਈ ਕਰਨੀ ਚਾਹੀਦੀ ਹੈ ਅਤੇ ਪੇਪਰ ਲੀਕ ਰੋਕਣ ਲਈ ਪੁਖਤਾ ਪ੍ਰਬੰਧ ਕਰਨੇ ਚਾਹੀਦੇ ਹਨ। ਮੀਟਿੰਗ ਵਿੱਚ ਇਹ ਵਿਚਾਰ ਵੀ ਪ੍ਰਮੁੱਖਤਾ ਨਾਲ ਆਇਆ ਕਿ ਜੇਕਰ ਨਿਕਟ ਭਵਿੱਖ ਵਿੱਚ ਇਸ ਮਸਲੇ ਉਪਰ ਸਰਕਾਰ ਸਹੀ ਫ਼ੈਸਲਾ ਨਹੀਂ ਕਰਦੀ ਤਾਂ ਇਸ ਭੁੱਖ ਹੜਤਾਲ ਦੇ ਸਮਰਥਨ ਵਿੱਚ ਪੈਨਸ਼ਨਰ ਐਸੋਸੀਏਸ਼ਨ ਦੇ ਆਗੂ ਵੀ ਸੰਕੇਤਕ ਭੁੱਖ ਹੜਤਾਲ 'ਤੇ ਬੈਠਣਗੇ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਕਾਰਜਕਾਰੀ ਪ੍ਰਧਾਨ ਜਸਦੇਵ ਸਿੰਘ, ਜਨਰਲ ਸਕੱਤਰ ਡਾ ਅਮਰਜੀਤ ਸਿੰਘ, ਵਿੱਤ ਸਕੱਤਰ ਰਤਨ ਸਿੰਘ ਭੰਡਾਰੀ, ਸੀਨੀਅਰ ਆਗੂ ਚਰਨਜੀਤ ਸਿੰਘ ਕੈਂਥ, ਇੰਦਰਜੀਤ ਸ਼ਰਮਾ, ਬਹਾਦਰ ਸਿੰਘ, ਕਰਮਜੀਤ ਸਿੰਘ, ਰਾਮ ਲਾਲ, ਦਰਸ਼ਨ ਸਿੰਘ ਧਾਂਦਰਾ, ਗੁਲਜ਼ਾਰ ਸਿੰਘ, ਗੁਰਮੇਲ ਸਿੰਘ ਹਸਨਪੁਰ,ਪ੍ਰਿੰਸੀਪਲ ਸੀਤਾ ਸਿੰਘ, ਮੱਘਰ ਸਿੰਘ, ਮਾਸਟਰ ਰਾਮ ਸਰੂਪ, ਜਾਗਰ ਸਿੰਘ, ਨਿਰਮਲ ਸਿੰਘ ਸਮੇਤ ਅਨੇਕਾਂ ਪੈਨਸ਼ਨਰ ਹਾਜ਼ਰ ਸਨ।

# ਜਸਵੰਤ ਸਿੰਘ ਖਾਲੜਾ ਜੀ ਦੀ ਯਾਦ ਵਿੱਚ ਸਰੀ 'ਚ ਯਾਦਗਾਰ ਸਥਾਪਤ ਕਰਨ ਦੀ ਮੰਗ

**ਵੈਨਕੂਵਰ, ਜੁਲਾਈ (ਮਲਕੀਤ ਸਿੰਘ)–** 'ਕੈਨੇਡਾ ਟੈਬਲਾਇਡ' ਤ੍ਰੈਮਾਸਕ ਦੇ ਜੁਲਾਈ ਅੰਕ ਦੇ ਲੋਕ ਅਰਪਣ ਮੌਕੇ ਸਰੀ 'ਚ ਆਯੋਜਿਤ ਇਕ ਸਮਾਗਮ ਦੌਰਾਨ ਗੁਰੂ ਨਾਨਕ ਏਡ, ਇਕ ਸੰਸਾਰ, ਬੀ ਸੀ ਏ ਕੇ ਜੇ, ਅਕਾਲ ਖਾਲਸਾ ਸਿੱਖ ਮਾਰਸ਼ਲ ਆਰਟਸ, ਅਕਾਲ ਫੋਰਸ, ਸਤਿਕਾਰ ਸੇਵਾ ਨੈੱਟਵਰਕ, ਨਾਰਥ ਅਮਰੀਕਨ ਸਿੱਖ ਐਸੋਸੀਏਸ਼ਨ, ਖਾਲਸਾ ਹੈਰੀਟੇਜ ਫਾਊਂਡੇਸ਼ਨ ਦੇ ਨੁਮਾਇੰਦਿਆਂ ਅਤੇ ਚੜ੍ਹਦੀਕਲਾ ਬ੍ਰਦਰਹੁੱਡ ਵੈਲਫੇਅਰ ਐਸੋਸੀਏਸ਼ਨ ਦੇ ਡਾਇਰੈਕਟਰਾਂ ਵੱਲੋਂ ਸਰੀ ਦੀ ਮੇਅਰ ਬ੍ਰੈਂਡਾ ਲੌਕ ਨੂੰ ਇੱਕ ਮੰਗ ਪੱਤਰ ਸੌਂਪਿਆ ਗਿਆ। ਮੰਗ ਪੱਤਰ ਵਿੱਚ ਅਪੀਲ ਕੀਤੀ ਗਈ ਕਿ ਮਨੁੱਖੀ ਅਧਿਕਾਰਾਂ ਦੇ ਯੋਧੇ ਅਤੇ ਸੱਚਾਈ ਲਈ ਆਪਣਾ ਜੀਵਨ ਕੁਰਬਾਨ ਕਰਨ ਵਾਲੇ ਭਾਈ ਜਸਵੰਤ ਸਿੰਘ ਖਾਲੜਾ ਦੀ ਯਾਦ ਨੂੰ ਸਦੀਵੀ ਸਨਮਾਨ ਦੇਣ ਲਈ ਸਰੀ ਸ਼ਹਿਰ ਵਿੱਚ ਇੱਕ ਯਾਦਗਾਰ ਸਥਾਪਤ ਕੀਤੀ ਜਾਵੇ। ਇਸ ਮੌਕੇ 'ਤੇ ਬਿਕਰਮਜੀਤ ਸਿੰਘ, ਜਗਜੀਤ ਸਿੰਘ, ਜਸਦੀਪ ਸਿੰਘ, ਹਰਪ੍ਰੀਤ ਸਿੰਘ ਮਾਨਕਟਾਲਾ, ਇੰਦਰਜੀਤ ਸਿੰਘ ਲੱਧੜ, ਲਖਵੀਰ ਸਿੰਘ ਗਰੇਵਾਲ, ਮਨਜੀਤ ਸਿੰਘ ਚੀਮਾ, ਸੰਦੀਪ ਸਿੰਘ ਧੰਜੂ, ਐਡਵੋਕੇਟ ਅਵਤਾਰ ਸਿੰਘ ਧਨੋਆ, ਦੇਵਿੰਦਰ ਸਿੰਘ ਸ਼ੇਰਗਿੱਲ, ਅਮਰਜੀਤ ਸਿੰਘ ਬਰਾੜ, ਹਰਪ੍ਰੀਤ ਸਿੰਘ ਹੈਰੀ ਅਤੇ ਜਸ਼ਨਜੀਤ ਸਿੰਘ ਥਿੰਦ ਹਾਜ਼ਰ ਸਨ।



**ਸਰੀ ਦੀ ਮੇਅਰ ਬ੍ਰੈਂਡਾ ਲੌਕ ਨੂੰ ਮੰਗ ਪੱਤਰ ਸੌਂਪਣ ਦੀ ਇੱਕ ਤਸਵੀਰ।**

# ਮੀਰੀ ਪੀਰੀ ਦਿਵਸ ਨੂੰ ਸਮਰਪਿਤ ਨਗਰ ਕੀਰਤਨ 1 ਅਗਸਤ ਨੂੰ ਸਜਾਇਆ ਜਾਵੇਗਾ

**ਵੈਨਕੂਵਰ, ਜੁਲਾਈ (ਮਲਕੀਤ ਸਿੰਘ)–** ਪੰਜਾਬੀਆਂ ਦੀ ਸੰਘਣੀ ਵੱਸੋਂ ਵਾਲੇ ਸਰੀ-ਡੈਲਟਾ ਦੇ ਸਕਾਟ ਰੋਡ ਤੇ ਸਥਿਤ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਤੋਂ ਮੀਰੀ ਪੀਰੀ ਦਿਵਸ ਨੂੰ ਸਮਰਪਿਤ ਇੱਕ ਮਹਾਨ ਨਗਰ ਕੀਰਤਨ 1 ਅਗਸਤ ਨੂੰ ਸਜਾਇਆ ਜਾ ਰਿਹਾ ਹੈ ਜਿਸ ਸਬੰਧੀ ਲੜੀਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਵੱਲੋਂ ਜਾਰੀ ਕੀਤੀ ਜਾਣਕਾਰੀ ਮੁਤਾਬਕ 1 ਅਗਸਤ ਨੂੰ ਸਵੇਰੇ 9 ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਛਤਰ ਛਾਇਆ ਹੇਠ ਅਤੇ ਪੰਜਾਂ ਪਿਆਰਿਆਂ ਦੀ ਅਗਵਾਈ 'ਚ ਸ਼ੁਰੂ ਹੋਣ ਵਾਲਾ ਇਹ ਨਗਰ ਕੀਰਤਨ ਨਿਰਧਾਰਤ ਰੂਟਾਂ ਰਾਹੀਂ ਹੁੰਦਾ ਹੋਇਆ ਸ਼ਾਮ ਨੂੰ ਵਾਪਸ ਗੁਰੂ ਘਰ ਵਿਖੇ ਸਮਾਪਤ ਹੋਵੇਗਾ ਪ੍ਰਬੰਧਕ ਕਮੇਟੀ ਅਨੁਸਾਰ ਇਸ ਦਿਹਾੜੇ ਨੂੰ ਸਮਰਪਿਤ ਗੁਰਦੁਆਰੇ ਵਿੱਚ 23 ਜੁਲਾਈ ਤੋਂ ਇੱਕ ਮਹਾਨ ਕੀਰਤਨ ਦਰਬਾਰ ਵੀ ਕਰਵਾਇਆ ਜਾਵੇਗਾ ਜਿਸ ਵਿੱਚ ਸਿੱਖ ਪੰਥ ਦੇ ਉੱਚ ਕੋਟੀ ਦੇ ਕੀਰਤਨੀ ਜਥੇ ਗੁਰਬਾਣੀ ਦਾ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ।




# 'ਕੈਨੇਡਾ ਟੈਬਲਾਇਡ' ਮੈਗਜ਼ੀਨ ਦੇ ਜੁਲਾਈ ਅੰਕ ਦੇ ਲੋਕ ਅਰਪਣ ਮੌਕੇ ਸਮਾਗਮ ਆਯੋਜਿਤ

## ਕਈ ਪ੍ਰਮੁੱਖ ਸ਼ਖ਼ਸੀਅਤਾਂ ਨੇ ਕੀਤੀ ਸ਼ਮੂਲੀਅਤ





**'ਕੈਨੇਡਾ ਟੋਇਬਲੇਟ' ਦੇ ਲੋਕ ਅਰਪਣ ਦੀਆਂ ਵੱਖ-ਵੱਖ ਤਸਵੀਰਾਂ**

**ਵੈਨਕੂਵਰ,ਜੁਲਾਈ (ਮਲਕੀਤ ਸਿੰਘ)–** 'ਕੈਨੇਡਾ ਟੈਬਲਾਇਡ' ਮੈਗਜ਼ੀਨ ਦੇ ਜੁਲਾਈ ਅੰਕ ਨੂੰ ਲੋਕ ਅਰਪਣ ਕਰਨ ਸਬੰਧੀ ਸਰੀ ਵਿੱਚ ਇੱਕ ਪ੍ਰਭਾਵਸ਼ਾਲੀ ਸਮਾਗਮ ਆਯੋਜਿਤ ਕੀਤਾ ਗਿਆ ਇਸ ਮੌਕੇ 'ਤੇ ਪੰਜਾਬੀ ਭਾਈਚਾਰੇ ਸਮੇਤ ਹੋਰਨਾ ਭਾਈਚਾਰਿਆਂ ਨਾਲ ਸੰਬੰਧਿਤ ਰਾਜਨੀਤਿਕ ਆਗੂਆਂ, ਸਮਾਜਿਕ ਸੇਵਾਵਾਂ ਲਈ ਕਾਰਜਸ਼ੀਲ ਅਤੇ ਮੀਡੀਆ ਨਾਲ ਜੁੜੇ ਪ੍ਰਮੁੱਖ ਵਿਅਕਤੀਆਂ ਨੇ ਸ਼ਿਰਕਤ ਕੀਤੀ। ਇਸ ਮੌਕੇ ਤੇ ਪੰਜਾਬੀ ਮੂਲ ਦੇ ਐਮ ਪੀ ਸੁਖ ਧਾਲੀਵਾਲ, ਐਮ ਪੀ ਗੁਰਬਖ਼ਸ ਸੈਣੀ, ਐਮ ਪੀ ਰਣਦੀਪ ਸਿੰਘ ਸਰਾਏ, ਐਮ.ਐਲ.ਏ. ਲਿੰਡਾ ਹੈਪਨਰ, ਐਮ.ਐਲ.ਏ. ਪੀਟਰ ਮਿਲੋਬਾਰ, ਮੇਅਰ ਬਰੈਂਡਾ ਲੋਕ, ਕੌਂਸਲਰ ਰੌਬ ਸਟੱਟ, ਕੌਂਸਲਰ ਉਮੀਦਵਾਰਾਂ ਰੋਨਾ ਟੈੱਪਰ, ਨਿਓਮੀ, ਗਗਨ ਨਾਹਨ ਅਤੇ ਕੌਂਸਲਰ ਉਮੀਦਵਾਰ ਪਵਨ ਜੋਸ਼ੀ ਸਮੇਤ ਕਈ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ। ਇਸ ਮੌਕੇ ਤੇ ਚੜ੍ਹਦੀਕਲਾ ਬ੍ਰਦਰਹੁੱਡਜ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਮੈਗਜ਼ੀਨ ਦੇ ਐਡੀਟਰ ਜਸਵਿੰਦਰ ਸਿੰਘ ਦਿਲਾਵਰੀ ਤੋਂ ਇਲਾਵਾ ਹਰਪ੍ਰੀਤ ਸਿੰਘ ਮਨਕਟਾਲਾ, ਅਵਤਾਰ ਸਿੰਘ ਧਨੋਆ, ਐਡਵੋਕੇਟ ਗਗਨ ਨਾਹਨ, ਇੰਦਰਜੀਤ ਸਿੰਘ ਲੱਧੜ, ਸੰਦੀਪ ਸਿੰਘ ਧੰਜੂ, ਲਖਵੀਰ ਸਿੰਘ ਗਰੇਵਾਲ, ਜਗਪਾਲ ਸਿੰਘ ਲਿੱਟ, ਹਰਪ੍ਰੀਤ ਸਿੰਘ ਹੈਰੀ, ਜਸ਼ਨਜੀਤ ਸਿੰਘ ਥਿੰਦ, ਡਾ. ਅਸਲਾਜ਼ੂਰ ਰਹਮਾਨ, ਮਨਜੀਤ ਸਿੰਘ ਚੀਮਾ, ਅਮਰਤਪਾਲ ਸਿੰਘ ਤੋਠ, ਦਵਿੰਦਰ ਸਿੰਘ ਸ਼ੇਰਗਿਲ, ਗੌਰਵਦੀਪ ਵਾਲੀਆ, ਹਰਵਿੰਦਰ ਸਿੰਘ ਖਾਲਸਾ ਆਦਿ ਹਾਜ਼ਰ ਸਨ ਸਾਰੇ ਸਮਾਗਮ ਦੌਰਾਨ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਸੀ ਜੇ ਸਿੱਧੂ ਵੱਲੋਂ ਬਾਖੂਬੀ ਨਿਭਾਈ ਗਈ।

# ਕਾਂਗਰਸ ਨੂੰ ਮਜ਼ਬੂਤ ਕਰਨ ਲਈ ਪੰਜਾਬ ਵਿੱਚ ਚਰਨਜੀਤ ਸਿੰਘ ਚੰਨੀ ਦੇ ਚਿਹਰੇ ਨੂੰ ਮੂਹਰੇ ਲਿਆਉਣਾ ਸਮੇਂ ਦੀ ਮੁੱਖ ਮੰਗ: ਮਦਨ ਮੀਲੂ ਟੌਂਸਾ

**ਹਲਕਾ ਬਲਾਚੌਰ ਦੇ ਸੀਨੀਅਰ ਕਾਂਗਰਸੀ ਆਗੂ ਨੇ ਪਿੰਡ ਟੌਂਸਾ ਵਿਖੇ ਕੀਤੀ ਅਹਿਮ ਮੀਟਿੰਗ; ਕਿਹਾ- ਟਿਕਟ ਚਾਹੇ ਕਿਸੇ ਵੀ ਸਥਾਨਕ ਆਗੂ ਨੂੰ ਮਿਲੇ, ਪਰ ਪੰਜਾਬ ਦੀ ਵਾਗਡੋਰ ਸਾਬਕਾ ਮੁੱਖ ਮੰਤਰੀ ਹੱਥ ਸੌਂਪਣੀ ਜ਼ਰੂਰੀ**

**ਬਲਾਚੌਰ, 15 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ):** ਹਲਕਾ ਬਲਾਚੌਰ ਦੇ ਸੀਨੀਅਰ ਕਾਂਗਰਸੀ ਆਗੂ ਮਦਨ ਮੀਲੂ ਟੌਂਸਾ ਵੱਲੋਂ ਪਿੰਡ ਟੌਂਸਾ ਵਿਖੇ ਸਾਥੀਆਂ ਸਮੇਤ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ, ਜਿਸ ਵਿੱਚ ਪੰਜਾਬ ਕਾਂਗਰਸ ਦੇ ਭਵਿੱਖ ਅਤੇ ਲੀਡਰਸ਼ਿਪ ਨੂੰ ਲੈ ਕੇ ਅਹਿਮ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੀਟਿੰਗ ਦੌਰਾਨ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਦਿਆਂ ਮਦਨ ਮੀਲੂ ਟੌਂਸਾ ਨੇ ਸਾਫ਼ ਕਿਹਾ ਕਿ ਇਹ ਮੀਟਿੰਗ ਕਿਸੇ ਦੇ ਕਹਿਣ 'ਤੇ ਨਹੀਂ, ਸਗੋਂ ਪੂਰੇ ਪੰਜਾਬ ਦੇ ਲੋਕਾਂ ਅਤੇ ਆਮ ਕਾਂਗਰਸੀ ਵਰਕਰਾਂ ਦੀ ਭਾਵਨਾਵਾਂ ਨੂੰ ਮੁੱਖ ਰੱਖ ਕੇ ਕੀਤੀ ਗਈ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜੇਕਰ ਪੰਜਾਬ ਵਿੱਚ ਕਾਂਗਰਸ ਪਾਰਟੀ ਨੂੰ ਦੁਬਾਰਾ ਬੁਲੰਦੀਆਂ 'ਤੇ ਲੈ ਕੇ ਜਾਣਾ ਹੈ ਅਤੇ ਵੋਟ ਬੈਂਕ ਨੂੰ ਮਜ਼ਬੂਤ ਕਰਨਾ ਹੈ, ਤਾਂ ਹਾਈਕਮਾਂਡ ਨੂੰ ਚਰਨਜੀਤ ਸਿੰਘ ਚੰਨੀ ਦੇ ਚਿਹਰੇ ਨੂੰ ਮੂਹਰੇ ਰੱਖਣਾ ਪਵੇਗਾ ਅਤੇ ਪਾਰਟੀ ਦੀ ਵਾਗਡੋਰ ਉਨ੍ਹਾਂ ਦੇ ਹੱਥਾਂ ਵਿੱਚ ਸੌਂਪਣੀ ਪਵੇਗੀ। ਰੋਪੜ ਤੋਂ ਲੈ ਕੇ ਕਪੂਰਥਲਾ ਤੱਕ ਦੇ ਖੇਤਰ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਇਸ ਪੂਰੇ ਇਲਾਕੇ ਵਿੱਚ ਐੱਸ.ਸੀ. ਭਾਈਚਾਰੇ ਦੀ ਵੱਡੀ ਭੂਮਿਕਾ ਹੈ, ਜਿਸ ਦੀ ਪ੍ਰਤੀਨਿਧਤਾ ਚੰਨੀ ਸਾਹਿਬ ਬਾਖ਼ੂਬੀ ਕਰਦੇ ਹਨ।



ਆਪਣੀ ਸਿਆਸੀ ਇੱਛਾ ਬਾਰੇ ਸਪੱਸ਼ਟ ਕਰਦਿਆਂ ਮਦਨ ਮੀਲੂ ਨੇ ਕਿਹਾ ਕਿ ਉਹ ਖ਼ੁਦ ਕਿਸੇ ਸੰਮਤੀ ਜਾਂ ਅਹੁਦੇ ਦੀ ਚੋਣ ਲੜਨ ਦੀ ਖ਼ਾਹਿਸ਼ ਨਹੀਂ ਰੱਖਦੇ, ਸਗੋਂ ਉਨ੍ਹਾਂ ਦਾ ਇੱਕੋ-ਇੱਕ ਮਕਸਦ ਕਾਂਗਰਸ ਪਾਰਟੀ ਨੂੰ ਉੱਪਰ ਚੁੱਕਣਾ ਹੈ। ਹਲਕੇ ਦੇ ਮੌਜੂਦਾ ਸਿਆਸੀ ਹਾਲਾਤ 'ਤੇ ਬੋਲਦਿਆਂ ਉਨ੍ਹਾਂ ਕਿਹਾ ਕਿ ਬਹੁਤ ਸਾਰੇ ਸਾਥੀ ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਦੇ ਨਾਲ ਖੜ੍ਹੇ ਹਨ, ਜੋ ਕਿ ਬਹੁਤ ਵਧੀਆ ਗੱਲ ਹੈ ਕਿਉਂਕਿ ਉਹ ਜ਼ਿਲ੍ਹੇ ਦੇ ਪ੍ਰਧਾਨ ਵਜੋਂ ਦਿਨ-ਰਾਤ ਮਿਹਨਤ ਕਰ ਰਹੇ ਹਨ। ਉਨ੍ਹਾਂ ਸਾਫ਼ ਕੀਤਾ ਕਿ ਆਉਣ ਵਾਲੀਆਂ ਚੋਣਾਂ ਵਿੱਚ ਟਿਕਟ ਚਾਹੇ ਅਜੇ ਮੰਗੂਪੁਰ ਨੂੰ ਮਿਲੇ, ਚੇਅਰਮੈਨ ਧਰਮਪਾਲ ਭਰਥਲਾ, ਛਿੰਦਾ ਰੈਲਮਾਜਰਾ, ਧਰਮਪਾਲ ਕਟਾਰੀਆ, ਵਿੱਕੀ ਕਾਠਗੜ੍ਹ ਨੂੰ ਮਿਲੇ, ਉਹ ਹਰ ਫ਼ੈਸਲੇ ਦਾ ਸਵਾਗਤ ਕਰਨਗੇ, ਪਰ ਸੂਬਾ ਪੱਧਰ 'ਤੇ ਚਿਹਰਾ ਚਰਨਜੀਤ ਚੰਨੀ ਦਾ ਹੀ ਹੋਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਉਨ੍ਹਾਂ ਦੀ ਵਫ਼ਾਦਾਰੀ ਸਿਰਫ਼ ਕਾਂਗਰਸ ਪਾਰਟੀ ਨਾਲ ਹੈ; ਜੇਕਰ ਕੱਲ੍ਹ ਨੂੰ ਚੰਨੀ ਸਾਹਿਬ ਵੀ ਪਾਰਟੀ ਛੱਡਦੇ ਹਨ, ਤਾਂ ਉਹ ਉਨ੍ਹਾਂ ਦੇ ਨਾਲ ਨਹੀਂ ਜਾਣਗੇ।

ਸਿਆਸਤ ਵਿੱਚ ਸਬਰ ਅਤੇ ਕਿਰਦਾਰ ਦੀ ਮਿਸਾਲ ਦਿੰਦਿਆਂ ਮਦਨ ਮੀਲੂ ਟੌਂਸਾ ਨੇ ਆਮ ਆਦਮੀ ਪਾਰਟੀ ਦੇ ਮੌਜੂਦਾ ਹਾਲਾਤ ਅਤੇ ਆਪਣੇ ਪਰਿਵਾਰਕ ਪਿਛੋਕੜ ਦਾ ਜ਼ਿਕਰ ਵੀ ਕੀਤਾ। ਉਨ੍ਹਾਂ ਦੱਸਿਆ ਕਿ ਵਿਧਾਇਕ ਕਟਾਰੀਆ ਸਾਹਿਬ ਨਾਲ ਉਨ੍ਹਾਂ ਦੇ ਪਰਿਵਾਰ ਦੀ ਬੇਹੱਦ ਨੇੜਤਾ ਰਹੀ ਹੈ। ਉਨ੍ਹਾਂ ਦੇ ਜੀਜਾ ਸਤਨਾਮ ਜਲਾਲਪੁਰ, ਜੋ ਪਹਿਲਾਂ ਕਾਂਗਰਸ ਦੇ ਮੁੱਖ ਬੁਲਾਰੇ ਸਨ, ਸਾਲ 2014 ਤੋਂ ਆਮ ਆਦਮੀ ਪਾਰਟੀ ਵਿੱਚ ਪੂਰੀ ਵਫ਼ਾਦਾਰੀ ਨਾਲ ਕੰਮ ਕਰ ਰਹੇ ਹਨ। 2017 ਵਿੱਚ ਬ੍ਰਿਗੇਡੀਅਰ ਰਾਜ ਕੁਮਾਰ ਅਤੇ 2022 ਵਿੱਚ ਸੰਤੋਸ਼ ਕਟਾਰੀਆ ਨੂੰ ਟਿਕਟ ਮਿਲਣ ਦੇ ਬਾਵਜੂਦ ਸਤਨਾਮ ਜਲਾਲਪੁਰ ਨੇ ਪਾਰਟੀ ਪ੍ਰਤੀ ਸਬਰ ਰੱਖਿਆ, ਜਿਸ ਦੇ ਬਦਲੇ ਪਾਰਟੀ ਨੇ ਉਨ੍ਹਾਂ ਨੂੰ ਜ਼ਿਲ੍ਹਾ ਪ੍ਰਧਾਨ ਅਤੇ ਪਲੈਨਿੰਗ ਬੋਰਡ ਦਾ ਚੇਅਰਮੈਨ ਵੀ ਬਣਾਇਆ। ਮਦਨ ਮੀਲੂ ਨੇ ਵਿਰੋਧੀਆਂ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਅੱਜ-ਕੱਲ੍ਹ ਦੇ ਕਈ ਆਗੂਆਂ ਵਿੱਚ ਸਬਰ ਬਿਲਕੁਲ ਨਹੀਂ ਹੈ, ਜੋ ਟਿਕਟ ਨਾ ਮਿਲਣ 'ਤੇ 15 ਮਿੰਟਾਂ ਵਿੱਚ ਪਾਰਟੀ ਬਦਲ ਲੈਂਦੇ ਹਨ, ਜਿਨ੍ਹਾਂ ਦਾ ਪਿਛਲਾ ਰਿਕਾਰਡ ਸਭ ਦੇ ਸਾਹਮਣੇ ਹੈ ਅਤੇ ਵਕਤ ਆਉਣ 'ਤੇ ਇਸ ਦਾ ਖੁਲਾਸਾ ਵੀ ਕੀਤਾ ਜਾਵੇਗਾ। ਉਨ੍ਹਾਂ ਅਖੀਰ ਵਿੱਚ ਦੁਹਰਾਇਆ ਕਿ ਪੂਰਾ ਪੰਜਾਬ ਕਾਂਗਰਸ ਦੇ ਅੰਦਰ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਦੇਖਣਾ ਚਾਹੁੰਦਾ ਹੈ ਅਤੇ ਇਸੇ ਸੋਚ ਤਹਿਤ ਇਹ ਮੁਹਿੰਮ ਵਿੱਢੀ ਗਈ ਹੈ।

## ਖਾਨਦਾਨੀ ਲੇਖਕ

" ਸੱਦਾ ਪੱਤਰ ਪੜ੍ਹ ਲਿਆ ਬੜੇ ਭਾਈ ?" ਸਤਿ ਸ੍ਰੀ ਆਕਾਲ ਬੁਲਾਉਂਦਿਆਂ ਅਮਰੀਕ ਸਿੰਘ ਨੇ ਪੁੱਛਿਆ।

" ਨਹੀਂ ਯਾਰ, ਦੇਖਿਆ ਨਹੀਂ ਅਜੇ। ਹੁਣ ਕੀ ਕਰਵਾਉਣ ਲੱਗਾਂ?" ਜਰਨੈਲ ਸਿੰਘ ਨੇ ਹੱਸਦਿਆਂ ਪੁੱਛਿਆ।

" ਐਤਵਾਰ ਨੂੰ ਛੋਟਾ ਜਿਹਾ ਸਨਮਾਨ ਸਮਾਰੋਹ ਰੱਖਿਆ। ਤੂੰ ਮੁੱਖ ਮਹਿਮਾਨ ਆਂ।ਟਾਇਮ ਨਾਲ ਪੁੰਹਚ ਜਾਵੀਂ ।

" ਪੁਛ ਤਾਂ ਲਿਆ ਕਰ ਯਾਰ,ਟਾਇਮ ਹੈਗਾ ਕਿ ਨਹੀਂ।"ਜਰਨੈਲ ਨਰਾਜ਼ ਹੋ ਰਿਹਾ ਸੀ।

" ਨਾ ਹੁਣ ਤੈਨੂੰ ਵੀ ਪੁਛਣਾਂ ਪਿਆ ਕਰੂ।ਯਾਰੀ ਨਾ ਹੋਈ, ਛੋਲਿਆਂ ਦਾ ਵੱਢ ਹੋ ਗਿਆ।"

" ਠੀਕ ਆ ਯਾਰ,ਆਜਾਂ ਗਾ।"

ਸੱਦਾ ਪੱਤਰ ਪੜ੍ਹਦੇ ਜਰਨੈਲ ਸਿੰਘ ਦੇ ਮੱਥੇ ਦੀਆਂ ਤਿਉੜੀਆਂ ਚੱੜ ਗਈਆਂ।

ਸਨਮਾਨਿਤ ਸ਼ਖ਼ਸੀਅਤਾਂ ਸਨ " ਖਾਨਦਾਨੀ ਲੇਖਕ,ਡਾ ਫ਼ਕੀਰ ਚੰਦ, ਖਾਨਦਾਨੀ ਲੇਖਕਾ ਬੀਬੀ ਅਮ੍ਰਿਤ ਕੌਰ,ਅਤੇ ਗੀਤਕਾਰ ਗੁਰਮੀਤ ਰਾਮਪੁਰੀ।" ਜਰਨੈਲ ਸਿੰਘ ਸੋਚ ਰਿਹਾ ਸੀ ਕਿ ਇਹ ਖਾਨਦਾਨੀ ਲੇਖਕ ਕਿਥੋਂ ਪ੍ਰਗਟ ਹੋ ਗਏ।ਉਸ ਨੇ ਤਾਂ ਕਦੇ ਇਹਨਾਂ ਦਾ ਨਾਂ ਵੀ ਨਹੀਂ ਸੁਣਿਆ। ਉਹ ਸੋਚ ਰਿਹਾ ਸੀ ਕਿ ਹੁਣ ਉਹ ਕੀ ਕਰੇ। ਕਿਉਂਕਿ ਅਮਰੀਕ ਸਿੰਘ ਨੂੰ ਉਹ ਨਾਂਹ ਨਹੀਂ ਸੀ ਕਰ ਸਕਦਾ।ਝੁੰਜਲਾ ਕੇ ਉਸ ਨੇ ਮੁਬਾਇਲ ਪਰੇ ਰੱਖ ਦਿੱਤਾ।

ਜਦੋਂ ਜਰਨੈਲ ਸਿੰਘ ਸਨਮਾਨ ਸਮਾਰੋਹ ਵਿੱਚ ਪਹੁੰਚਿਆ ਤਾਂ ਸਾਰੀਆਂ ਹੀ ਸਨਮਾਨਿਤ ਸ਼ਖ਼ਸੀਅਤਾਂ ਅਤੇ ਹੋਰ ਕਵੀ ਸੱਜਣ ਚਾਹ ਦੀਆਂ ਚੁਸਕੀਆਂ ਲੈ ਰਹੇ ਸਨ। ਆਪਣੇ ਜਿਗਰੀ ਦੋਸਤ ਜਰਨੈਲ ਸਿੰਘ ਨੂੰ ਦੇਖਦੇ ਹੀ, ਅਮਰੀਕ ਸਿੰਘ ਦਾ ਚੇਹਰਾ ਖਿੜ ਉੱਠਿਆ। ਅੱਗੇ ਵਧ ਕੇ ਉਸ ਨੇ, ਜਰਨੈਲ ਸਿੰਘ ਦੀ ਸਨਮਾਨਿਤ ਸ਼ਖ਼ਸੀਅਤਾਂ ਨਾਲ ਜਾਣ ਪਹਿਚਾਣ ਕਰਵਾਈ ਅਤੇ ਕਾਹਲੀ ਨਾਲ ਸਟੇਜ 'ਤੇ ਆ ਗਿਆ।

" ਫ਼ਕੀਰ ਚੰਦ ਜੀ, ਤੁਸੀਂ ਕਿਸ ਵਿਸ਼ੇ 'ਤੇ ਪੀ ਐਚ ਡੀ ਕੀਤੀ ਆ?" ਜਰਨੈਲ ਸਿੰਘ ਨੇ ਆਪਣੇ ਨਾਲ ਬੈਠੇ ਡਾ ਫ਼ਕੀਰ ਚੰਦ ਨੂੰ ਪੁੱਛਿਆ।

" ਭਾ ਜੀ, ਮੇਰੇ ਪਿਤਾ ਜੀ ਹਕੀਮ ਹੁੰਦੇ ਸਨ। ਮੈਂ ਵੀ ਉਹਨਾਂ ਨਾਲ ਦੁਆਈਆਂ ਦਿੰਦਾ ਹੁੰਦਾ ਸੀ। ਫ਼ੇਰ ਸਾਰੇ ਮੈਨੂੰ ਵੀ ਡਾਕਟਰ ਕਹਿਣ ਲੱਗ ਪਏ।" ਫ਼ਕੀਰ ਚੰਦ ਨੇ ਝੇਪਦੇ ਜਹੇ ਦੱਸਿਆ।

" ਖਾਨਦਾਨੀ ਲੇਖਕ ਵਾਲਾ ਕੀ ਚੱਕਰ ਆ।"

" ਮੇਰੇ ਪਿਤਾ ਜੀ ਨੇ ਕਵਿਤਾਵਾਂ ਦੀ ਕਿਤਾਬ ਲਿਖੀ ਸੀ।"

" ਤੁਸੀਂ ਕੀ ਲਿਖਦੇ ਆਂ ?"

" ਜੀ, ਮੈਂ ਖੁੱਲੀ ਕਵਿਤਾ ਲਿਖਦਾਂ।"

" ਆਪਣੀ ਕਿਤਾਬ ਦਾ ਨਾਂ ਕੀ ਆ ?"

" ਕਿਤਾਬ ਤਾਂ ਜੀ ਅਜੇ ਛਪੀ ਨਹੀਂ ਕੋਈ।"

ਜਰਨੈਲ ਸਿੰਘ ਨੂੰ ਅਮਰੀਕ 'ਤੇ ਗੁੱਸਾ ਆ ਰਿਹਾ ਸੀ।" ਤੁਹਾਡੇ ਪਰਿਵਾਰ 'ਚ ਕੌਣ ਲਿਖਦਾ ਅਮ੍ਰਿਤਾ ਜੀ।" ਉਸਨੇ ਗਰਦਨ ਘੁਮਾ ਕੇ ਦੂਸਰੇ ਪਾਸੇ ਬੈਠੀ ਖਾਨਦਾਨੀ ਲੇਖਕਾ ਬੀਬੀ ਅਮ੍ਰਿਤ ਕੌਰ ਨੂੰ ਪੁੱਛਿਆ।

" ਸਰ, ਮੇਰੇ ਮਾਮਾਂ ਜੀ ਲਿਖਦੇ ਆ।"

" ਤੁਸੀਂ ਕੀ ਲਿਖਦੇ ਹੋ? ਕੋਈ ਕਿਤਾਬ ਹੈ ਤਾਂ ਦਿਓ, ਨਜ਼ਰ ਮਾਰ ਲਵਾਂ, ਬੋਲਣ ਨੂੰ ਸੌਖ ਹੋ ਜੂ।"

" ਸਰ ਮੈਂ ਕਹਾਣੀ ਲਿਖਦੀ ਹਾਂ। ਅਜੇ ਕਿਤਾਬ ਨਹੀਂ ਛਪੀ ਕੋਈ।"

ਗੁਰਮੀਤ ਰਾਮਪੁਰੀ ਨੂੰ ਕੁੱਝ ਪੁਛਣ ਦੀ ਉਸਨੇ ਕੋਈ ਜ਼ਰੂਰਤ ਹੀ ਨਹੀਂ ਸਮਝੀ।

ਬਲੱਡ ਪਰੈਸ਼ਰ ਦੇ ਮਰੀਜ਼ ਜਰਨੈਲ ਸਿੰਘ ਦਾ ਖ਼ੂਨ ਉਬਾਲੇ ਮਾਰਨ ਲੱਗ ਪਿਆ ਸੀ।ਉਸ ਦਾ ਸਰੀਰ ਕੰਬ ਰਿਹਾ ਸੀ।ਉਸ ਦਾ ਦਿਲ ਕਰਦਾ ਸੀ ਕਿ ਉਹ ਉਥੋਂ ਭੱਜ ਜਾਵੇ।ਪਰ ਅਮਰੀਕ ਦੀ ਦੋਸਤੀ ਨੇ ਉਸ ਨੂੰ ਬੰਨ ਰੱਖਿਆ ਸੀ। ਉਹ ਇਹ ਵੀ ਜਾਣਦਾ ਸੀ ਕਿ ਅਮਰੀਕ ਸਿੰਘ ਆਪਣੀ ਸਾਹਿਤ ਸਭਾ ਦੇ ਖਰਚਿਆਂ ਲਈ ਇਹ ਸਭ ਕਰ ਰਿਹਾ ਹੈ। ਦੋਸਤੀ ਦੀ ਖਾਤਰ, ਆਪਣੇ ਭਾਸ਼ਣ ਵਿਚ,ਢੀਠ ਬਣ ਕੇ ਉਸ ਨੂੰ ਕਹਿਣਾ ਪਿਆ ਕਿ," ਖੁਸ਼ ਕਿਸਮਤ ਹਾਂ ਮੈਂ ਅਤੇ ਰਿਣੀ ਹਾਂ ਅਮਰੀਕ ਸਿੰਘ ਜੀ ਦਾ ਜਿਹਨਾਂ ਦੀ ਬਦੌਲਤ ਅੱਜ ਮੈਨੂੰ ਇਲਾਕੇ ਸਿਰਮੌਰ ਅਤੇ ਖਾਨਦਾਨੀ ਲੇਖਕ, ਡਾ ਫ਼ਕੀਰ ਚੰਦ ਜੀ, ਬੀਬੀ ਅਮ੍ਰਿਤ ਕੌਰ ਜੀ ਅਤੇ ਗਰਮੀਤ ਰਾਮਪੁਰੀ ਨਾਲ ਕੁਝ ਪੱਲ ਸਾਂਝੇ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ।"

ਜਰਨੈਲ ਸਿੰਘ ਦਾ ਗਲਾ ਖੁਸ਼ਕ ਹੋ ਰਿਹਾ ਸੀ। ਅਮਰੀਕ ਸਿੰਘ ਪਾਣੀ ਦੀ ਬੋਤਲ ਉਸ ਨੂੰ ਫੜਾਉਂਦਾ ਹੋਇਆ ਸਟੇਜ ਤੋਂ ਹੇਠਾਂ ਲੈ ਆਇਆ।



**ਗੁਰਦੀਪ ਸਿੰਘ ਮੁਕੱਦਮ**
**ਪਿੰਡ ਲਧਾਣਾ ਝਿੱਕਾ**
**9878160133**

## ਕਿਸੇ ਦਾ ਮੁਹਤਾਜ ਨਾ ਕਰੀਂ

ਰੱਬਾ, ਭਾਵੇਂ ਉਮਰ ਦਰਾਜ ਕਰੀਂ, ਕਿਸੇ ਦਾ ਮੁਹਤਾਜ ਨਾ ਕਰੀਂ !
ਮਨੁੱਖ ਆਜ਼ਾਦ ਜੰਮਿਆ ਆਜ਼ਾਦ ਹੀ ਜਿਉਣਾ ਚਾਹੁੰਦਾ। ਕਿਸੇ ਦੇ ਅਧੀਨ ਹੋ ਕੇ ਨ੍ਹੀਂ ਰਹਿਣਾ ਚਾਹੁੰਦਾ। ਜੀਵ ਜੰਤੂ ਜਾਨਵਰ, ਸਾਰੇ ਆਜ਼ਾਦ ਨੇ ਰਹਿੰਦੇ। ਆਪੋ ਆਪਣੀਆਂ ਗਤੀਵਿਧੀਆਂ ਵਿੱਚ, ਖੁਸ਼ ਨੇ ਰਹਿੰਦੇ। ਜਦੋਂ ਵੀ ਮਨੁੱਖ ਨੇ ਇਹਨਾਂ ਨੂੰ ਸੰਗਲ ਪਾਏ। ਆਜ਼ਾਦ ਰਹਿਣ ਲਈ ਇਹਨਾਂ ਤੁੜੰਗੇ ਤੁੜਾਏ। ਮਨੁੱਖ ਦੀ ਪ੍ਰਵਿਰਤੀ ਰਹਿੰਦੀ, ਸਭ ਕੁਝ ਆਪਣੇ ਅਧੀਨ ਕਰਨ ਦੀ। ਆਜ਼ਾਦੀ ਦੇ ਪਰਵਾਨੇ,ਪਰਵਾਹ ਨਹੀਂ ਕਰਦੇ ਕਦੇ ਮਰਨ ਦੀ।

ਆਜ਼ਾਦ ਫਿਜਾਵਾਂ ਵਿੱਚ, ਬੱਚੇ ਹੱਸਦੇ ਖੇਡਦੇ ਰਹਿੰਦੇ। ਮਾਪਿਆਂ ਦੀ ਸਰਪ੍ਰਸਤੀ ਹੇਠ ਹਮੇਸ਼ਾ ਖੁਸ਼ ਨੇ ਰਹਿੰਦੇ। ਗਮੀਆਂ ਵਾਲੇ ਮਾਹੌਲ ਵਿੱਚ, ਅੰਧੇਰ ਪਿਆ ਰਹਿੰਦਾ। ਖ਼ੁਸ਼ਗਵਾਰ ਬੰਦਿਆਂ ਨੂੰ ਹਰ ਕੋਈ ਆਪਣੇ ਘਰ ਬੁਲਾਉਂਦਾ। ਚਾਨਣ ਦੀਆਂ ਰਿਸ਼ਮਾਂ ਵੰਡਣ, ਜਾਗਤ ਜੋਤ ਇਨਸਾਨ। ਬੁਝੀਆਂ ਰੂਹਾਂ ਤੋਂ, ਉਮੀਦ ਰੱਖ ਕੇ, ਬੰਦਾ ਹੁੰਦਾ ਪਰੇਸ਼ਾਨ। ਆਜ਼ਾਦ ਸੋਚ, ਨਵੀਆਂ ਰਾਹਾਂ ਲੱਭਦੀ। ਆਪਣੀਆਂ ਜ਼ਿੰਮੇਵਾਰੀਆਂ ਤੋਂ ਨਹੀਂ ਭੱਜਦੀ।

ਆਜ਼ਾਦ ਫਿਜਾਵਾਂ ਵਿੱਚ ਰਹਿਣ ਲਈ ਸਾਡਾ ਇਤਿਹਾਸ ਭਰਿਆ ਪਿਆ ਕੁਰਬਾਨੀਆਂ ਨਾਲ। ਸੁਭਾਸ਼ ਚੰਦਰ ਬੋਸ, ਚੰਦਰਸ਼ੇਖਰ ਆਜ਼ਾਦ, ਭਗਤ ਸਿੰਘ, ਰਾਜਗੁਰੂ, ਸੁਖਦੇਵ ਅਤੇ ਸਰਾਭੇ ਵਰਗੇ ਆਜ਼ਾਦੀ ਪ੍ਰਵਾਨਿਆਂ ਨਾਲ। ਪਿੰਡਾਂ ਦੇ ਪਿੰਡ,ਭਰੇ ਪਏ ਸੀ,ਆਜ਼ਾਦੀ ਪ੍ਰਵਾਨਿਆਂ ਨਾਲ। ਸੂਹੀਂਆਂ ਦਾ ਵੀ, ਵਿਛਿਆ ਹੁੰਦਾ ਸੀ ਜਾਲ। ਬੰਗਾਲ ਦੇ ਘੁਲਾਟੀਆਂ ਦੀ, ਖਾਸ ਤੌਰ ਤੇ,ਪੰਜਾਬੀਆਂ ਦੇ ਨਾਲ, ਜੁੜੀ ਹੁੰਦੀ ਸੀ ਤਾਰ।

ਪਿੱਛੇ ਤਾਂ ਕੋਈ ਵੀ ਨਹੀਂ ਸੀ ਰਹਿਣਾ ਚਾਹੁੰਦਾ, ਹਰ ਕੋਈ ਪਾਉਣਾ ਚਾਹੁੰਦਾ ਸੀ ਯੋਗਦਾਨ। ਅੰਗਰੇਜ਼ਾਂ ਦਾ ਕੋਈ ਵੀ ਨ੍ਹੀਂ ਸੀ ਰਹਿਣਾ ਚਾਹੁੰਦਾ ਮੁਹਤਾਜ। ਮੱਧ ਭਾਰਤ ਹਰਿਆਣਾ,ਮਰਾਠਵਾੜਾ, ਉੱਤਰਾਖੰਡ,ਯੂਪੀ, ,ਝਾਂਸੀ,ਬਿਹਾਰ। 1857 ਦੇ ਗਦਰ ਵਿੱਚ,ਸਭ ਬਰਾਬਰ ਦੇ ਸਨ ਭਾਈਵਾਲ, ਕੀ ਹਿੰਦੂ ਸਿੱਖ ਈਸਾਈ ਤੇ ਮੁਸਲਮਾਨ। ਆਜਾਦੀ ਭਾਵੇਂ ਮਿਲੀ, ਪਰ ਦੇਸ਼ ਦੋ ਟੁਕੜਿਆਂ ਵਿੱਚ ਵੰਡਿਆ ਹਿੰਦੁਸਤਾਨ ਤੇ ਪਾਕਿਸਤਾਨ। ਫਸਾਦ ਹੋ ਗਏ, ਸਾਂਝਾ ਟੁੱਟ ਗਈਆਂ, ਜਾਨ ਮਾਲ ਦਾ ਹੋਇਆ ਬਹੁਤ ਨੁਕਸਾਨ। ਨਹੁੰਆਂ ਨਾਲੋਂ, ਮਾਸ ਕਦੋਂ ਟੁੱਟਦਾ, ਫਿਰ ਵੀ ਆਪਣਿਆਂ ਦਾ, ਆਉਂਦਾ ਪਿਆਰ।





**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ। ਹਾਲ-ਆਬਾਦ #639/40ਏ, ਚੰਡੀਗੜ੍ਹ ਫੋਨ ਨੰਬਰ : 9878469639**

# ਆਇਆ ਸਾਉਣ ਮਹੀਨਾ ਕੁੜੀਓ

**16 ਜੁਲਾਈ ਨੂੰ**
**ਸਾਉਣ ਮਹੀਨੇ ਦੀ ਆਮਦ ਤੇ ਵਿਸ਼ੇਸ਼**

ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸੰਸਕ੍ਰਿਤ ਦੇ ਸ਼੍ਰਾਵਣ, ਸੰਗਿਆ-ਸ਼੍ਰਵਣ, ਨਛਤ੍ਰ ਹੋਵੇ ਜਿਸ ਦੀ ਪੂਰਨਮਾਸ਼ੀ ਵਿੱਚ ਐਸਾ ਮਹੀਨਾ ਹੈ ਸਾਉਣ। ਸਾਡੇ ਲੋਕ ਸੱਭਿਆਚਾਰ ਵਿੱਚ ਸਾਉਣ ਦੇ ਮਹੀਨੇ ਨੂੰ ਗਿੱਧਿਆਂ ਦੀ ਰੁੱਤ ਕਰਕੇ ਜਾਣਿਆ ਜਾਂਦਾ ਹੈ। ਇਹ ਮਹੀਨਾ ਇੱਕ ਅਜਿਹਾ ਮਹੀਨਾ ਹੈ ਜਿਸ ਵਿੱਚ ਸਾਡੇ ਪੰਜਾਬੀ ਸੱਭਿਆਚਾਰ ਦੀਆਂ ਕਈ ਗੱਲਾਂ ਆ ਜਾਂਦੀਆਂ ਹਨ। ਜਿਵੇਂ ਸਾਉਣ ਦੀ ਝੜੀ ਜੋ ਫ਼ਸਲ ਲਈ ਲਾਭਦਾਇਕ ਹੈ। ਬਾਰਸ਼ ਪੈਣ ਨਾਲ ਫ਼ਸਲਾਂ ਹਰੀਆਂ-ਭਰੀਆਂ ਲੱਗਣ ਲੱਗ ਜਾਂਦੀਆਂ ਹਨ। ਸੁੱਕੇ ਦਰਖ਼ਤ, ਘਾਹ ਹਰੇ ਹੋ ਜਾਂਦੇ ਹਨ। ਦਰਖ਼ਤਾਂ ਦੀ ਮਿੱਟੀ ਬਾਰਸ਼ ਪੈਣ ਨਾਲ ਝੜ ਜਾਂਦੀ ਹੈ। ਜੇਠ-ਹਾੜ ਦੀਆਂ ਧੁੱਪਾਂ ਦੇ ਝੁਲਸੇ ਹੋਏ ਪਸ਼ੂ-ਪੰਛੀ ਅਤੇ ਮਨੁੱਖ ਸਾਉਣ ਦੇ ਮਹੀਨੇ ਵਿੱਚ ਮੀਂਹ ਪੈਣ ਨਾਲ ਰਾਹਤ ਮਹਿਸੂਸ ਕਰਦੇ ਹਨ। ਸਾਉਣ ਮਹੀਨੇ ਦੀ ਆਮਦ ਤੇ ਭਾਵੇਂ ਸਾਰੇ ਭਾਰਤ ਵਿੱਚ ਖ਼ੁਸ਼ੀ ਮਨਾਈ ਜਾਂਦੀ ਹੈ ਪਰ ਪੰਜਾਬ ਵਿੱਚ ਇਹ ਮਹੀਨਾ ਬਹੁਤ ਪਿਆਰਾ ਹੈ। ਪੰਜਾਬ ਵਿੱਚ ਇਸ ਮਹੀਨੇ ਮੇਲੇ ਲੱਗਦੇ ਹਨ। ਕਬੱਡੀ ਦੇ ਮੁਕਾਬਲੇ, ਪਹਿਲਵਾਨਾਂ ਦੇ ਘੋਲ (ਕੁਸ਼ਤੀਆਂ) ਮੇਲਿਆਂ ਦੀ ਖਿੱਚ ਹੁੰਦੇ ਹਨ। ਢੋਲ ਦੇ ਡੱਗੇ ਤੇ ਗੱਭਰੂਆਂ ਦਾ ਭੰਗੜਾ ਧਰਤੀ ਹਿਲਾ ਦਿੰਦਾ ਹੈ। ਇਹ ਮਹੀਨਾ ਮੁਟਿਆਰਾਂ ਦੇ ਪ੍ਰਸਿੱਧ ਤਿਉਹਾਰ 'ਤੀਆਂ ਦੇ ਤਿਉਹਾਰ' ਵਜੋਂ ਮਨਾਇਆ ਜਾਂਦਾ ਹੈ। ਇਸ ਤਿਉਹਾਰ ਦਾ ਆਰੰਭ ਸਾਉਣ ਮਹੀਨੇ ਦੀ ਮੱਸਿਆ ਤੋਂ ਬਾਅਦ ਤੀਜ ਤੋਂ ਹੁੰਦਾ ਹੈ ਤੇ ਪੁੰਨਿਆ (ਰੱਖੜੀ) ਤੱਕ ਚੱਲਦਾ ਹੈ। ਤੀਆਂ ਤੋਂ ਕੁਝ ਦਿਨ ਪਹਿਲਾਂ ਨਵੀਆਂ ਵਿਆਹੀਆਂ ਕੁੜੀਆਂ ਨੂੰ ਉਹਨਾਂ ਦੇ ਵੀਰ ਸਹੁਰੇ ਘਰ ਤੋਂ ਲੈ ਕੇ ਆਉਂਦੇ ਹਨ। ਜੇਕਰ ਕਿਸੇ ਬਦਨਸੀਬ ਭੈਣ ਦਾ ਵੀਰ ਕਿਸੇ ਕਾਰਨ ਤੀਆਂ 'ਤੇ ਆਪਣੀ ਭੈਣ ਨੂੰ ਲੈਣ ਨਹੀਂ ਆਉਂਦਾ ਤਾਂ ਉਸ ਨੂੰ ਆਪਣੀ ਸੱਸ ਦੇ ਤਾਹਨੇ ਮਿਹਣੇ ਸੁਣਨੇ ਪੈਂਦੇ ਹਨ।

ਤੈਨੂੰ ਤੀਆਂ ਤੇ ਲੈਣ ਨਾ ਆਏ,
ਨੀ ਬਹੁਤਿਆਂ ਭਰਾਵਾਂ ਵਾਲੀਏ।

ਜਿਹੜੀਆਂ ਕੁੜੀਆਂ (ਮੁਟਿਆਰਾਂ) ਸਹੁਰੇ ਘਰ ਹੀ ਰਹਿੰਦੀਆਂ ਹਨ। ਪੇਕੇ ਘਰ ਕਿਸੇ ਮਜਬੂਰੀ ਕਾਰਨ ਨਹੀਂ ਜਾ ਸਕਦੀਆਂ। ਉਹਨਾਂ ਨੂੰ ਮਾਂ-ਪਿਉ, ਭਰਾਵਾਂ ਵੱਲੋਂ ਸੰਧਾਰਾ ਦਿੱਤਾ ਜਾਂਦਾ ਹੈ। ਜਿਸ ਵਿੱਚ ਮਠਿਆਈ, ਕੱਪੜੇ, ਮੱਠੀਆਂ, ਗੁਲਗੁਲੇ, ਚੂੜੀਆਂ, ਮਹਿੰਦੀ, ਰੇਸ਼ਮੀ ਪਰਾਂਦਾ, ਡੋਰੀ, ਗਹਿਣੇ ਅਤੇ ਹੋਰ ਸ਼ਿੰਗਾਰ ਦਾ ਸਮਾਨ ਦਿੱਤਾ ਜਾਂਦਾ ਹੈ। ਪਹਿਲਾਂ ਲੋਕ ਘਰਾਂ ਵਿੱਚ ਹੀ ਬਿਸਕੁਟ, ਮੱਠੀਆਂ, ਲੱਡੂ ਤੇ ਹੋਰ ਪਕਵਾਨ ਬਣਾ ਕੇ ਭੇਜਦੇ ਸਨ ਪਰ ਅੱਜ-ਕੱਲ੍ਹ ਤਾਂ ਮਠਿਆਈ ਬਜ਼ਾਰ ਦੀ ਹੀ ਦਿੱਤੀ ਜਾਂਦੀ ਹੈ। ਅੱਜ ਕਿਸੇ ਕੋਲ ਇੰਨਾ ਸਮਾਂ ਹੀ ਨਹੀਂ ਹੈ ਕਿ ਉਹ ਘਰ ਵਿੱਚ ਪਕਵਾਨ ਤਿਆਰ ਕਰ ਸਕਣ। ਪਰ ਫਿਰ ਵੀ ਕੁਝ ਬਜ਼ੁਰਗ ਔਰਤਾਂ ਪੁਰਾਣੇ ਰੀਤੀ-ਰਿਵਾਜ਼ਾਂ ਅਨੁਸਾਰ ਘਰ ਵਿੱਚ ਹੀ ਕੁਝ ਮਠਿਆਈਆਂ ਤੇ ਹੋਰ ਪਕਵਾਨ ਤਿਆਰ ਕਰਕੇ ਪੀਪੇ ਵਿੱਚ ਪਾ ਕੇ ਸਿਰ ਤੇ ਰੱਖ ਕੇ ਬੱਸ, ਰੇਲ ਗੱਡੀ, ਕਾਰ, ਮੋਟਰ ਸਾਈਕਲ ਤੇ ਜਾ ਕੇ ਆਪਣੀ ਧੀ ਨੂੰ ਦੇਣ ਜਾਂਦੀਆਂ ਹਨ। ਮੁਟਿਆਰ ਨੂੰ ਉਪਰੋਕਤ ਵਸਤਾਂ ਦੇਖ ਕੇ ਚਾਅ ਚੜ੍ਹ ਜਾਂਦਾ ਹੈ ਤੇ ਉਹ ਗਿੱਧੇ 'ਚ ਨੱਚਦੀ ਪੇਕੇ ਘਰੋਂ ਆਈ ਸੌਗਾਤ ਦਾ ਜ਼ਿਕਰ ਇੰਝ ਕਰਦੀ ਹੈ।

ਆਇਆ ਸਾਉਣ ਮਹੀਨਾ ਕੁੜੀਓ,
ਲੈ ਕੇ ਠੰਡੀਆਂ ਹਵਾਵਾਂ।
ਪੇਕੇ ਘਰੋਂ ਮੈਨੂੰ ਆਈਆਂ ਝਾਂਜਰਾਂ,
ਮਾਰ ਅੱਡੀ ਛਣਕਾਵਾਂ।
ਖੱਟਾ ਡੋਰੀਆ ਉੱਡ-ਉੱਡ ਜਾਂਦਾ,



ਜਦ ਮੈਂ ਪੀਂਘ ਚੜ੍ਹਾਵਾਂ।
ਸਾਉਣ ਦਿਆ ਬੱਦਲਾ ਵੇ,
ਮੈਂ ਤੇਰਾ ਜਸ ਗਾਵਾਂ।

ਤੀਆਂ ਦੇ ਤਿਉਹਾਰ ਮੌਕੇ ਕੁੜੀਆਂ, ਮੁਟਿਆਰਾਂ ਪੈਰਾਂ ਤੋਂ ਸਿਰ ਤੱਕ ਖੂਬ ਸੱਜ-ਧੱਜ ਕੇ ਪੀਂਘਾਂ ਝੂਟਣ ਤੇ ਗਿੱਧਾ ਪਾਉਣ ਲਈ ਇਕੱਠੀਆਂ ਹੁੰਦੀਆਂ ਹਨ। ਮਾਂ-ਬਾਪ ਦੇ ਘਰ ਆਈਆਂ ਆਜ਼ਾਦੀ ਮਹਿਸੂਸ ਕਰਦੀਆਂ ਹਨ। ਪਿੰਡ ਤੋਂ ਬਾਹਰ ਕਿਸੇ ਖੁੱਲ੍ਹੀ ਜਗ੍ਹਾ ਤੇ ਉਹ ਨੱਚਦੀਆਂ ਟੱਪਦੀਆਂ, ਹੱਸਦੀਆਂ-ਖੇਡਦੀਆਂ, ਪੀਂਘਾਂ ਝੂਟਦੀਆਂ ਤੇ ਇੱਕ ਦੂਜੇ ਤੋਂ ਵੱਧ ਚੜ੍ਹ ਕੇ ਗਿੱਧਾ ਪਾਉਂਦੀਆਂ ਹਨ। ਉਹ ਇੱਕ ਮਿੰਟ ਵੀ ਅੱਕਦੀਆਂ ਜਾਂ ਥੱਕਦੀਆਂ ਨਹੀਂ।

ਅੱਜ ਤੋਂ 40 ਕੁ ਸਾਲ ਪਹਿਲਾਂ ਕੋਟਕਪੂਰਾ (ਫ਼ਰੀਦਕੋਟ) ਸ਼ਹਿਰ ਵਿੱਚ ਫਰਮਾਂਹ ਵਾਲੇ ਡੇਰੇ ਕੋਲ ਤੀਆਂ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਸੀ। ਲੜਕੀਆਂ, ਔਰਤਾਂ ਪੀਂਘਾਂ ਝੂਟਦੀਆਂ, ਕਿੱਕਲੀ ਪਾਉਂਦੀਆਂ, ਕੋਟਲਾ-ਛਪਾਕੀ ਤੇ ਹੋਰ ਖੇਡਾਂ ਖੇਡ ਕੇ ਮਨਪ੍ਰਚਾਵਾ ਕਰਦੀਆਂ ਸਨ। ਸ਼ਾਮ ਨੂੰ ਤਿੰਨ-ਚਾਰ ਵਜੇ ਮੇਲਾ ਸ਼ੁਰੂ ਹੋ ਕੇ ਰਾਤ ਦੇ 11-12 ਵਜੇ ਤੱਕ ਖੂਬ ਰੌਣਕਾਂ ਹੁੰਦੀਆਂ ਸਨ। ਲੜਕੀਆਂ, ਔਰਤਾਂ, ਛੋਟੇ-ਛੋਟੇ ਬੱਚੇ ਤੇ ਨੌਜਵਾਨ ਮੁੰਡੇ ਮੇਲੇ ਵਿੱਚ ਖੂਬ ਸੱਜ-ਸੰਵਰ ਕੇ ਆਉਂਦੇ ਸਨ। ਪਹਿਲਾਂ-ਪਹਿਲ ਤੀਆਂ ਦੇ ਤਿਉਹਾਰ ਵਿੱਚ ਲੜਕੇ-ਲੜਕੀਆਂ ਇਕੱਠੇ ਹੀ ਝੂਟੇ ਲੈ ਲੈਂਦੇ ਸਨ। ਕੋਈ ਕਿਸੇ ਨੂੰ ਬੁਰੀ ਨਜ਼ਰ ਨਾਲ ਨਹੀਂ ਸੀ ਤੱਕਦਾ। ਅੱਜ ਪਹਿਲਾਂ ਵਾਲਾ ਸਮਾਂ ਨਹੀਂ ਹੈ। ਹੁਣ ਇੱਕ ਤਾਂ ਤੀਆਂ ਪਿੰਡਾਂ/ਸ਼ਹਿਰਾਂ ਵਿੱਚ ਬਹੁਤ ਘੱਟ ਹੀ ਲੱਗਦੀਆਂ ਹਨ। ਦੂਜਾ ਤੀਆਂ ਦੇ ਤਿਉਹਾਰ ਵਿੱਚ ਉਹ ਰੌਣਕ ਨਹੀਂ ਹੁੰਦੀ ਜੋ ਪਹਿਲਾਂ ਦੇਖਣ ਨੂੰ ਮਿਲਦੀ ਸੀ।

ਅੱਜ-ਕੱਲ੍ਹ ਤੀਆਂ ਦੇ ਮੇਲੇ ਪਹਿਲਾਂ ਦੀ ਤਰ੍ਹਾਂ ਭਾਵੇਂ ਪਿੰਡਾਂ, ਸ਼ਹਿਰਾਂ ਵਿੱਚ ਨਹੀਂ ਭਰਦੇ ਪਰ ਫਿਰ ਵੀ ਕਈ ਥਾਵਾਂ ਤੇ ਅਜੋਕੀ ਨੌਜਵਾਨ ਪੀੜ੍ਹੀ ਮੁਟਿਆਰਾਂ ਤੀਆਂ ਦੇ ਤਿਉਹਾਰ ਨੂੰ ਬੜੇ ਚਾਅ ਅਤੇ ਉਤਸ਼ਾਹ ਨਾਲ ਮਨਾਉਂਦੀਆਂ ਹਨ। ਵੱਡੇ ਸ਼ਹਿਰਾਂ ਵਿੱਚ ਬੱਚੇ ਸਕੂਲਾਂ 'ਚ, ਲੜਕੀਆਂ ਕਾਲਜਾਂ ਵਿੱਚ ਅਤੇ ਔਰਤਾਂ ਤੇ ਲੜਕੀਆਂ ਹੋਟਲਾਂ, ਪੈਲੇਸਾਂ ਵਿੱਚ ਤੀਆਂ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਉਂਦੀਆਂ ਹਨ। ਤੀਆਂ ਦਾ ਤਿਉਹਾਰ ਨੌਜਵਾਨ ਲੜਕੀਆਂ, ਔਰਤਾਂ ਨੂੰ ਨੇਤਰਹੀਣ, ਗੂੰਗੇ-ਬੋਲੇ, ਵਿਕਲਾਂਗ, ਮੰਦਬੁੱਧੀ ਤੇ ਅਨਾਥ ਬੱਚਿਆਂ ਨਾਲ ਮਨਾਉਣਾ ਚਾਹੀਦਾ ਹੈ।

ਸਾਉਣ ਦੇ ਮਹੀਨੇ ਚਾਰ-ਚੁਫੇਰੇ ਹਰਿਆਵਲ ਹੀ ਹਰਿਆਵਲ ਹੁੰਦੀ ਹੈ। ਬੂਟੇ ਫੁੱਲਾਂ ਤੇ ਫਲਾਂ ਨਾਲ ਭਰੇ ਹੁੰਦੇ ਹਨ। ਇਸ ਮਹੀਨੇ ਨੂੰ ਬੱਚੇ, ਨੌਜਵਾਨ, ਬੁੱਢੇ ਸਭ ਲੋਚਦੇ ਹਨ। ਨਿੱਕੀਆਂ-ਨਿੱਕੀਆਂ ਬਾਲੜੀਆਂ ਗੀਟੇ ਖੇਡ ਕੇ ਆਪਣਾ ਮਨਪ੍ਰਚਾਵਾ ਕਰਦੀਆਂ ਹਨ। ਇਸ ਕਰਕੇ ਸਾਉਣ ਦੇ ਮਹੀਨੇ ਨੂੰ ਸਾਵਿਆਂ ਦੀ ਰੁੱਤ ਕਰਕੇ ਵੀ ਜਾਣਿਆ ਜਾਂਦਾ ਹੈ। ਸਾਉਣ ਦੇ ਮਹੀਨੇ ਦੀ ਮਹੱਤਤਾ ਨੂੰ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਬਾਣੀ ਵਿੱਚ ਇਸ ਤਰ੍ਹਾਂ ਪ੍ਰਗਟਾਇਆ ਹੈ।

ਮੋਰੀ ਰੁਣ ਝੁਣ ਲਾਇਆ
ਭੈਣੇ ਸਾਵਣੁ ਆਇਆ॥

(ਵਡਹੰਸੁ ਮਹਲਾ ੧ ਘਰੁ ੨, ਅੰਗ ੫੫੭)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦੋ ਬਾਰਹਮਾਹਾ ਅੰਕਿਤ ਹਨ। ਇੱਕ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਰਾਗ ਮਾਂਝ ਵਿੱਚ ਤੇ ਦੂਜਾ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਰਾਗ ਤੁਖਾਰੀ ਵਿੱਚ ਹੈ। ਬਾਰਹਮਾਹਾ ਵਿੱਚ ਸਾਵਣ ਮਹੀਨਾ ਪੰਜਵੇਂ ਨੰਬਰ 'ਤੇ ਹੈ। ਇਹ ਦੇਸੀ ਮਹੀਨਾ ਹੈ। ਜੁਲਾਈ ਮਹੀਨੇ ਦੀ 16 ਤਾਰੀਖ਼ ਨੂੰ ਇਸ ਮਹੀਨੇ ਦੀ ਆਰੰਭਤਾ ਹੁੰਦੀ ਹੈ। ਸੰਗਰਾਂਦ ਦੇ ਸ਼ੁੱਭ ਦਿਹਾੜੇ 'ਤੇ ਸੱਚ-ਖੰਡ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਉਪਰੰਤ ਹੁਕਮਨਾਮੇ ਤੋਂ ਬਾਅਦ ਅਤੇ ਸ਼ਾਮ ਨੂੰ ਸੋਦਰੁ ਦੇ ਪਾਠ ਤੋਂ ਬਾਅਦ ਹੁਕਮਨਾਮਾ/ਮੁਖਵਾਕ ਲੈਣ ਉਪਰੰਤ ਅਤੇ ਦੇਸ਼-ਵਿਦੇਸ਼ ਦੇ ਗੁਰਦੁਆਰਿਆਂ ਵਿੱਚ ਸਾਵਣ ਮਹੀਨੇ ਦਾ ਮੂਲ ਪਾਠ ਗ੍ਰੰਥੀ ਸਿੰਘ (ਗੁਰੂ ਘਰ ਦਾ ਵਜ਼ੀਰ) ਜੀ ਵੱਲੋਂ ਸੁਣਾਇਆ ਜਾਂਦਾ ਹੈ ਤੇ ਕਥਾ-ਵਿਚਾਰ ਵੀ ਹੁੰਦੀ ਹੈ।

ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ ॥ ੬॥
(ਬਾਰਹਮਾਹਾ ਮਾਂਝ ਮਹਲਾ ੫ ਘਰੁ ੪, ਅੰਗ ੧੩੪)

ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ ॥ ੯॥
(ਤੁਖਾਰੀ ਛੰਤ ਮਹਲਾ ੧ ਬਾਰਹਮਾਹਾ, ਅੰਗ ੧੧੦੯)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਾਵਣ ਮਹੀਨੇ ਸੰਬੰਧੀ ਅਨੇਕਾਂ ਹੀ ਪ੍ਰਮਾਣ ਦਰਜ ਹਨ। ਭਾਈ ਗੁਰਦਾਸ ਜੀ ਨੇ ਵੀ ਆਪਣੀਆਂ ਵਾਰਾਂ ਵਿੱਚ ਸਾਵਣ ਦੇ ਮਹੀਨੇ ਦਾ ਜ਼ਿਕਰ ਕੀਤਾ ਹੈ। ਵੰਨਗੀ ਮਾਤਰ ਕੁਝ ਟੂਕਾਂ ਇਸ ਤਰ੍ਹਾਂ ਹਨ।

ਸਾਵਣ ਵਣ ਹਰੀਆਵਲੇ ਵੁਠੈ ਸੁਕੈ ਅਕੁ ਜਵਾਹਾ।
(ਵਾਰ ੩੩੧, ਪਉੜੀ ੩)

ਸਾਵਣ ਲਹਰਿ ਤਰੰਗ ਨੀਰ ਨੀਵਾਣਿਆ।
(ਵਾਰ ੧੯, ਪਉੜੀ ੯)

ਸਾਉਣ ਦੇ ਮਹੀਨੇ ਮੁਟਿਆਰਾਂ ਦਾ ਆਪਣੇ ਸਹੁਰੇ ਘਰ ਜਾਣ ਨੂੰ ਦਿਲ ਨਹੀਂ ਕਰਦਾ ਜਦ ਕਿ ਉਸ ਦਾ ਪਤੀ ਉਸ ਨੂੰ ਲੈ ਕੇ ਜਾਣ ਦੀ ਜ਼ਿੱਦ ਕਰਦਾ ਹੈ। ਸਾਉਣ ਦਾ ਮਹੀਨਾ ਜੀਅ ਨਾ ਕਰੇ ਸਹੁਰੇ ਜਾਣ ਨੂੰ, ਮੁੰਡਾ ਫਿਰੇ ਨੀ ਗੱਡੀ ਜੋੜ ਕੇ ਲਿਜਾਣ ਨੂੰ ।ਸਾਉਣ ਮਹੀਨੇ ਦਾ ਸੰਬੰਧ ਖੀਰ ਤੇ ਪੂੜ੍ਹਿਆਂ ਨਾਲ ਵੀ ਹੈ। ਸਾਉਣ ਦੇ ਮਹੀਨੇ ਵਿੱਚ ਸ਼ਾਇਦ ਹੀ ਕੋਈ ਪੰਜਾਬੀ ਘਰ ਅਜਿਹਾ ਹੋਵੇਗਾ ਜਿੱਥੇ ਖੀਰ ਤੇ ਪੂੜ੍ਹੇ ਨਾ ਪੱਕਦੇ ਹੋਣ। ਜਿਸ ਦਿਨ ਬਾਰਸ਼ ਹੁੰਦੀ ਹੈ ਤਾਂ ਇਹ ਹੀ ਕਿਹਾ ਜਾਂਦਾ ਹੈ ਕਿ ਅੱਜ ਪੂੜ੍ਹੇ ਖਾਣ ਦਾ ਮੌਸਮ ਹੈ। ਅੱਜ-ਕੱਲ੍ਹ ਤਾਂ ਸਾਉਣ/ਸਾਵਣ ਮਹੀਨੇ ਬਜ਼ਾਰ ਵਿੱਚ ਹਲਵਾਈਆਂ/ਮਠਿਆਈਆਂ ਦੀਆਂ ਦੁਕਾਨਾਂ ਤੇ ਰੈਡੀਮੇਡ ਪੂੜ੍ਹੇ 400 ਤੋਂ 500 ਰੁਪਏ ਵਿਚਕਾਰ ਪ੍ਰਤੀ ਕਿੱਲੋ ਮਿਲ ਜਾਂਦੇ ਹਨ। ਦੇਸੀ ਘਿਉ ਦੇ ਪੂੜ੍ਹਿਆਂ ਦੀ ਕੀਮਤ 550-600 ਰੁਪਏ ਪ੍ਰਤੀ ਕਿੱਲੋ ਹੈ ਪਰ ਜੋ ਪੂੜ੍ਹੇ ਘਰ ਬਣਾ ਕੇ ਖਾਣ ਦਾ ਸੁਆਦ, ਮਜ਼ਾ ਆਉਂਦਾ ਹੈ, ਉਹ ਬਜ਼ਾਰ ਦੇ ਪੂੜ੍ਹਿਆਂ ਨਾਲ ਨਹੀਂ ਆਉਂਦਾ। ਪੁਰਾਣੇ ਸਮੇਂ ਵਿੱਚ ਸਾਉਣ ਦੇ ਮਹੀਨੇ ਵਿੱਚ ਖੀਰ-ਪੂੜ੍ਹੇ ਬਣਾਉਣਾ ਇੱਕ ਸ਼ਗਨ ਮੰਨਿਆ ਜਾਂਦਾ ਸੀ ਤੇ ਬਜ਼ੁਰਗ ਖੀਰ-ਪੂੜ੍ਹੇ ਘਰ ਨਾ ਬਣਨ ਕਰਕੇ ਅਕਸਰ ਕਹਿ ਦਿੰਦੇ ਸਨ।

ਸਾਵਣ ਖੀਰ ਨਾ ਖਾਧੀਆਂ,
ਕਿਉਂ ਜੰਮਿਆ ਅਪਰਾਧੀਆ

ਸੇਵਾਪੰਥੀ ਡੇਰਾ ਹਰੀ ਭਗਤਪੁਰਾ ਮਿੱਠਾ ਟਿਵਾਣਾ, ਮਾਡਲ ਟਾਊਨ, ਹੁਸ਼ਿਆਰਪੁਰ ਵਿਖੇ ਸਾਵਣ ਮਹੀਨੇ ਦੀ ਸੰਗਰਾਂਦ ਭਾਵ ਪਹਿਲੀ ਤਾਰੀਖ਼ ਨੂੰ ਮਹੰਤ ਹਰੀ ਸਿੰਘ, ਮਹੰਤ ਭਗਤ ਸਿੰਘ 'ਸੇਵਾਪੰਥੀ' ਮਹਾਂਪੁਰਸ਼ਾਂ ਦੀਆਂ ਸਾਲਾਨਾ ਬਰਸੀਆਂ (ਯੱਗ-ਸਮਾਗਮ) 'ਤੇ ਮਾਲ੍ਹ-ਪੂੜ੍ਹਿਆਂ ਦਾ ਲੰਗਰ ਅਤੁੱਟ ਵਰਤਦਾ ਹੈ।

ਸਾਉਣ ਦੇ ਮਹੀਨੇ ਜਦੋਂ ਲੜਕਾ ਆਪਣੀ ਪਤਨੀ ਨੂੰ ਲੈਣ ਲਈ ਗੱਡੀ ਤੇ ਸਹੁਰੇ ਜਾਂਦਾ ਹੈ ਤਾਂ ਉਹ ਆਪਣੇ ਪਤੀ ਨਾਲ ਜਾਣ ਤੋਂ ਇਨਕਾਰ ਕਰਦੀ ਹੈ ਤੇ ਕਹਿੰਦੀ ਹੈ।

ਸਾਉਣ ਦਾ ਮਹੀਨਾ ਵੇ ਤੂੰ ਆਇਆ ਗੱਡੀ ਜੋੜ ਕੇ,
ਮੈਂ ਨੀ ਸਹੁਰੇ ਜਾਣਾ ਲੈ ਜਾ ਗੱਡੀ ਖਾਲੀ ਮੋੜ ਕੇ।

ਸਾਉਣ ਦੇ ਮਹੀਨੇ ਬੱਚਿਆਂ ਦੀ ਖ਼ੁਸ਼ੀ ਦਾ ਤਾਂ ਕੋਈ ਟਿਕਾਣਾ ਹੀ ਨਹੀਂ ਹੁੰਦਾ, ਉਹ ਕਿਣ-ਮਿਣ ਬਾਰਸ਼ ਦੇ ਵਿੱਚ ਕੱਪੜੇ ਉਤਾਰ ਕੇ ਦੁੜੰਗੇ ਲਗਾਉਂਦੇ ਤੇ ਕਲੋਲਾਂ ਕਰਦੇ ਬੜੀ ਉੱਚੀ-ਉੱਚੀ ਪੁਕਾਰਦੇ ਹਨ।

* ਕਾਲੀਆਂ ਇੱਟਾਂ ਕਾਲੇ ਰੋੜ,
  ਮੀਂਹ ਵਰਸਾ ਦੇ ਜ਼ੋਰੋ ਜ਼ੋਰ।
* ਰੱਬਾ ਰੱਬਾ ਮੀਂਹ ਵਰਸਾ,
  ਸਾਡੀ ਕੋਠੀ ਦਾਣੇ ਪਾ।

ਪੰਜਾਬੀ ਲੋਕ ਗੀਤਾਂ ਵਿੱਚ ਵੀ ਸਾਉਣ ਦੇ ਮਹੀਨੇ ਦਾ ਜ਼ਿਕਰ ਆਉਂਦਾ ਹੈ।

ਸਾਉਣ ਦੀ ਝੜੀ ਲੱਗੀ,
ਸਾਉਣ ਦੀ ਝੜੀ।

ਪੰਜਾਬੀ ਦੇ ਹਰਮਨ-ਪਿਆਰੇ ਕਵੀ ਹਦਾਇਤਉਲਾ ਨੇ ਆਪਣੀ ਕਵਿਤਾ ਬਾਰਹਮਾਹਾ ਵਿੱਚ ਸਾਵਣ ਮਹੀਨੇ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ।

ਚੜ੍ਹਦੇ ਸਾਵਣ ਮੀਂਹ ਬਰਸਾਵਣ ਸਈਆਂ ਪੀਂਘਾਂ ਪਾਈਆਂ ਨੀ।
ਕਾਲੀ ਘਟਾ ਸਿਰੇ ਪਰ ਮੇਰੇ ਜ਼ਾਲਮ ਇਸ਼ਕ ਝੜਾਈਆਂ ਨੀ।
ਬਿਜਲੀ ਚਮਕੇ ਬਿਰਹੋਂ ਵਾਲੀ ਨੈਣਾਂ ਝੜੀਆਂ ਲਾਈਆਂ ਨੀ।
ਸੌਖਾ ਇਸ਼ਕ ਹਿਦਾਇਤ ਦਿਸੇ ਇਸ ਵਿੱਚ ਸਖ਼ਤ ਬਲਾਈਆਂ ਨੀ।

ਸੰਤ ਮੋਤੀ ਰਾਮ ਜੀ ਨੇ ਸਾਵਣ ਮਹੀਨੇ ਦਾ ਜ਼ਿਕਰ ਆਪਣੀ ਕਵੀਸ਼ਰੀ ਵਿੱਚ ਇੰਜ ਵਰਣਨ ਕੀਤਾ ਹੈ।

ਸਾਵਣ ਆਇਆ ਸ਼ੌਕ ਕਰਨ ਨੂੰ,
ਰੱਬ ਦਾ ਸ਼ੁਕਰ ਨਾ ਕੀਤੋ ਈ।
ਜਿਸ ਸਾਹਿਬ ਤੈਨੂੰ ਪੈਦਾ ਕੀਤਾ,
ਉਸ ਦਾ ਨਾਂਅ ਨਾ ਲੀਤੋ ਈ।
'ਮੋਤੀ ਰਾਮ' ਤੂੰ ਸਮਝ ਪਿਆਰੇ,
ਜਨਮ ਅਕਾਰਥ ਕੀਤੋ ਈ।

ਸਾਉਣ ਮਹੀਨੇ ਦੇ ਗੁਣ ਗਾਉਂਦੀਆਂ ਮੁਟਿਆਰਾਂ ਰੱਜਦੀਆਂ ਨਹੀਂ ਜਿਸ ਨੇ ਉਹਨਾਂ ਦਾ ਮੇਲ ਕਰਵਾਇਆ ਹੁੰਦਾ ਹੈ। ਭਾਦਰੋਂ ਮਹੀਨੇ ਮੁਟਿਆਰਾਂ ਨੂੰ ਤੀਆਂ ਤੋਂ ਵਿੱਛੜਨ ਦਾ ਡਾਹਢਾ ਦੁੱਖ ਹੁੰਦਾ ਹੈ। ਇਸੇ ਕਰਕੇ ਸਾਉਣ ਦੇ ਮਹੀਨੇ ਨੂੰ ਆਪਣੇ ਵੀਰਾਂ ਵਾਂਗ ਚੰਗਾ ਤੇ ਭਾਦਰੋਂ (ਭਾਦੋਂ) ਨੂੰ ਮਾੜਾ ਕਹਿੰਦੀਆਂ ਹਨ।

ਸਾਉਣ ਵੀਰ ਇਕੱਠੀਆਂ ਕਰੇ,
ਭਾਦਰੋਂ ਚੰਦਰੀ ਵਿਛੋੜਾ ਪਾਵੇ।

ਰੱਖੜ ਪੁੰਨਿਆਂ ਨੂੰ ਇਹ ਤਿਉਹਾਰ ਖ਼ਤਮ ਹੋ ਜਾਂਦਾ ਹੈ ਤੇ ਅਗਲੇ ਸਾਲ ਫਿਰ ਮਿਲਣ ਦੇ ਚਾਅ ਤੇ ਖ਼ੁਸ਼ੀਆਂ ਨਾਲ ਮੁਟਿਆਰਾਂ, ਸਹੇਲੀਆਂ ਇੱਕ ਦੂਜੇ ਤੋਂ ਵਿੱਛੜ ਜਾਂਦੀਆਂ ਹਨ ਤੇ ਕਹਿੰਦੀਆਂ ਹਨ। ਤੀਆਂ ਤੀਜ ਦੀਆਂ ਵਰ੍ਹੇ ਦਿਨਾਂ ਨੂੰ ਫੇਰ।

**ਕਰਨੈਲ ਸਿੰਘ ਐੱਮ.ਏ.ਲੁਧਿਆਣਾ**
**# 1138/63-ਏ, ਗੁਰੂ ਤੇਗ਼ ਬਹਾਦਰ ਨਗਰ,**
**ਗਲੀ ਨੰਬਰ-1, ਚੰਡੀਗੜ੍ਹ ਰੋਡ,**
**ਜਮਾਲਪੁਰ, ਲੁਧਿਆਣਾ।**
**Emial- karnialiSnghma@gmial.com**

# ਚੰਗਾ ਸੋਚੋਗੇ ਤਾਂ ਚੰਗਾ ਹੋਵੇਗਾ


ਅੱਜ ਦੀ ਭੱਜ ਦੌੜ ਦੀ ਜ਼ਿੰਦਗੀ ਵਿੱਚ ਮਨੁੱਖ ਆਪਣੇ ਅੰਦਰ ਦੀਆਂ ਸ਼ਕਤੀਆਂ ਨੂੰ ਭੁੱਲ ਗਿਆ ਹੈ।ਉਹ ਆਪਣੇ ਚੌਤਰਫੇ ਬੀਤ ਰਹੀਆਂ ਘਟਨਾਵਾਂ ਨੂੰ ਹੀ ਆਪਣੀ ਜ਼ਿੰਦਗੀ ਸਮਝਣ ਲੱਗ ਪਿਆ ਹੈ। ਉਸ ਦੀ ਸੋਚ ਉੱਤੇ ਬਾਹਰੀ ਵਰਤਾਰਾ ਭਾਰੂ ਹੋ ਗਿਆ ਹੈ। ਉਸ ਦੀ ਸੋਚ ਵੀ ਆਪਣੀ ਨਿੱਜੀ ਨਹੀਂ ਰਹੀ ਹੈ। ਉਹ ਆਪਣੇ ਨਾਲੋਂ ਵੱਧ ਹੋਰ ਲੋਕਾਂ ਬਾਰੇ ਸੋਚਦਾ ਹੈ,ਉਹ ਸਿਰਫ਼ ਉਹ ਬਣਨਾ ਚਾਹੁੰਦਾ ਹੈ ਜੋ ਦੂਜਿਆਂ ਨੂੰ ਬਣਦੇ ਦੇਖਦਾ ਹੈ। ਜੋ ਕੁਝ ਦੁਨੀਆਂ ਵਿੱਚ ਵਾਪਰ ਰਿਹਾ ਹੈ ਉਸ ਨੂੰ ਆਪਣੀ ਸੋਚ ਉੱਤੇ ਭਾਰੂ ਕਰ ਲੈਂਦਾ ਹੈ। ਇਸ ਤਰ੍ਹਾਂ ਕਰਨ ਨਾਲ ਉਹ ਨਾ ਤਾਂ ਆਪਣੇ ਟੀਚੇ ਮਿੱਥ ਸਕਦਾ ਹੈ ਤੇ ਮਕਸਦ ਤੋਂ ਵਿਹੂਣੀ ਭਟਕਣ ਵਾਲ਼ੀ ਜ਼ਿੰਦਗੀ ਨੂੰ ਚੁਣ ਲੈਂਦਾ ਹੈ। ਅੱਜ ਕੱਲ੍ਹ ਦੇ ਇੰਟਰਨੈੱਟ ਅਤੇ ਸੋਸ਼ਲ ਮੀਡੀਆ ਦੇ ਯੁੱਗ ਵਿੱਚ ਸਾਡੇ ਆਲ਼ੇ ਦੁਆਲ਼ੇ ਵਾਪਰ ਰਹੀਆਂ ਘਟਨਾਵਾਂ ਮਨੁੱਖ ਦੀ ਸੋਚ ਉੱਤੇ ਭਾਰੂ ਹੋ ਰਹੀਆਂ ਹਨ, ਜਿਸ ਕਾਰਨ ਮਨੁੱਖ ਨਾਕ-ਾਰਾਤਮਕ ਸੋਚ ਦਾ ਧਾਰਨੀ ਬਣਦਾ ਜਾ ਰਿਹਾ ਹੈ। ਇਸੇ ਕਰਕੇ ਹੀ ਅੱਜ ਦੇ ਮਨੁੱਖ ਦੀ ਜ਼ਿੰਦਗੀ ਦਿਸ਼ਾਹੀਣ ਤੇ ਭਟਕਣ ਭਰੀ ਬਣਦੀ ਜਾ ਰਹੀ ਹੈ।ਇਸ ਸਭ ਤੋਂ ਬਚਣ ਲਈ ਮਨੁੱਖ ਨੂੰ ਸਭ ਤੋਂ ਪਹਿਲਾਂ ਆਪਣੀ ਸੋਚ ਉੱਤੇ ਧਿਆਨ ਦੇਣ ਦੀ ਲੋੜ ਹੈ।

ਇਨਸਾਨ ਦੀ ਜ਼ਿੰਦਗੀ ਦਾ ਸਭ ਤੋਂ ਵੱਡਾ ਸਾਥੀ ਉਸ ਦੀ ਸੋਚ ਹੁੰਦੀ ਹੈ। ਇਨਸਾਨ ਦੀ ਜਿਹੋ ਜਿਹੀ ਸੋਚ ਹੁੰਦੀ ਹੈ ਉਹੋ ਜਿਹਾ ਹੀ ਉਸ ਦਾ ਜੀਵਨ ਬਣ ਜਾਂਦਾ ਹੈ। ਜੇ ਮਨ ਵਿੱਚ ਉਮੀਦ, ਵਿਸ਼ਵਾਸ ਅਤੇ ਚੰਗੇ ਵਿਚਾਰ ਹੋਣ ਤਾਂ ਔਖੇ ਤੋਂ ਔਖੇ ਹਾਲਾਤ ਵੀ ਆਸਾਨ ਲੱਗਣ ਲੱਗ ਜਾਂਦੇ ਹਨ। ਇਸੇ ਲਈ ਤਾਂ ਕਿਹਾ ਜਾਂਦਾ ਹੈ ਕਿ "ਚੰਗਾ ਸੋਚੋਗੇ ਤਾਂ ਚੰਗਾ ਹੋਵੇਗਾ।" ਇਹ ਸਿਰਫ਼ ਇੱਕ ਕਹਾਵਤ ਨਹੀਂ, ਸਗੋਂ ਸਫ਼ਲ ਅਤੇ ਸੰਤੁਲਿਤ ਜੀਵਨ ਦਾ ਮੂਲ ਮੰਤਰ ਹੈ। ਇੱਕ ਕਿਸਾਨ ਜਦੋਂ ਖੇਤ ਵਿੱਚ ਬੀਜ ਬੀਜਦਾ ਹੈ ਤਾਂ ਉਸ ਨੂੰ ਪੂਰਾ ਯਕੀਨ ਹੁੰਦਾ ਹੈ ਕਿ ਇੱਕ ਦਿਨ ਇਹ ਬੀਜ ਹਰੀ-ਭਰੀ ਫ਼ਸਲ ਬਣੇਗਾ। ਜੇ ਉਹ ਪਹਿਲਾਂ ਹੀ ਸੋਚ ਲਵੇ ਕਿ ਫ਼ਸਲ ਨਹੀਂ ਹੋਣੀ, ਤਾਂ ਉਹ ਕਦੇ ਮਿਹਨਤ ਹੀ ਨਾ ਕਰੇ।

ਉਸ ਦੀ ਸਕਾਰਾਤਮਕ ਸੋਚ ਹੀ ਉਸ ਨੂੰ ਸਵੇਰ ਤੋਂ ਸ਼ਾਮ ਤੱਕ ਮਿਹਨਤ ਕਰਨ ਲਈ ਪ੍ਰੇਰਿਤ ਕਰਦੀ ਹੈ। ਉਸ ਦੀ ਮਿਹਨਤ ਅਤੇ ਚੰਗੀ ਸੋਚ ਮਿਲ਼ ਕੇ ਉਸ ਦੇ ਸੁਪਨੇ ਨੂੰ ਹਕੀਕਤ ਬਣਾ ਦਿੰਦੇ ਹਨ। ਇਸੇ ਤਰ੍ਹਾਂ ਇੱਕ ਵਿਦਿਆਰਥੀ ਜੇ ਪੇਪਰ ਤੋਂ ਪਹਿਲਾਂ ਇਹ ਸੋਚੇ ਕਿ ਉਹ ਤਾਂ ਫੇਲ੍ਹ ਹੀ ਹੋ ਜਾਵੇਗਾ ਤਾਂ ਉਸ ਦਾ ਡਰ ਉਸ ਦੀ ਮਾਨਸਿਕਤਾ ਨੂੰ ਐਨਾ ਕਮਜ਼ੋਰ ਕਰ ਦੇਵੇਗਾ ਕਿ ਉਸ ਦਾ ਪੜ੍ਹਨ ਨੂੰ ਦਿਲ ਨਹੀਂ ਕਰੇਗਾ ਤੇ ਨਿਸ਼ਚਿਤ ਹੀ ਉਹ ਫੇਲ੍ਹ ਹੋ ਜਾਵੇਗਾ। ਪਰ ਇਸ ਦੇ ਉਲਟ ਜੇ ਉਹ ਸੋਚੇ ਕਿ ਉਹ ਪੂਰੀ ਮਿਹਨਤ ਕਰੇਗਾ ਤੇ ਵੱਧ ਤੋਂ ਵੱਧ ਅੰਕ ਲੈਣ ਦੀ ਕੋਸ਼ਿਸ਼ ਕਰੇਗਾ ਤਾਂ ਉਸ ਨੂੰ ਵੱਧ ਅੰਕ ਲੈਣ ਤੋਂ ਕੋਈ ਨਹੀਂ ਰੋਕ ਸਕੇਗਾ। ਉਸ ਦੀ ਸੋਚ ਨਾਲ ਉਸ ਦਾ ਆਤਮ-ਵਿਸ਼ਵਾਸ ਵਧਦਾ ਹੈ। ਇਹ ਸਕਾਰਾਤਮਕ ਸੋਚ ਉਸ ਨੂੰ ਹੋਰ ਲਗਨ ਨਾਲ ਪੜ੍ਹਨ ਲਈ ਪ੍ਰੇਰਿਤ ਕਰਦੀ ਹੈ ਅਤੇ ਨਤੀਜੇ ਵੀ ਅਕਸਰ ਵਧੀਆ ਹੁੰਦੇ ਹਨ।

ਸਕਾਰਾਤਮਕ ਸੋਚ ਦੀ ਇੱਕ ਮਾਲੀ ਤੋਂ ਵਧੀਆ ਉਦਾਹਰਣ ਹੋਰ ਕੋਈ ਨਹੀਂ ਹੋ ਸਕਦੀ । ਜਦੋਂ ਉਹ ਇੱਕ ਨਿੱਕਾ ਜਿਹਾ ਪੌਦਾ ਲਗਾਉਂਦਾ ਹੈ ਤਾਂ ਉਸ ਨੂੰ ਤੁਰੰਤ ਛਾਂ ਜਾਂ ਫ਼ਲ਼ ਨਹੀਂ ਮਿਲਣੇ ਹੁੰਦੇ ਪਰ ਫਿਰ ਵੀ ਉਹ ਉਸ ਪੌਦੇ ਨੂੰ ਰੋਜ਼ ਪਾਣੀ ਦੇਂਦਾ ਹੈ, ਦੇਖ ਭਾਲ਼ ਕਰਦਾ ਹੈ, ਕਿਉਂਕਿ ਉਸ ਨੂੰ ਭਰੋਸਾ ਹੁੰਦਾ ਹੈ ਕਿ ਇੱਕ ਦਿਨ ਇਹ ਪੌਦਾ ਵੱਡਾ ਰੁੱਖ ਬਣੇਗਾ ਬਣੇਗਾ। ਉਸ ਦਾ ਇਹ ਵਿਸ਼ਵਾਸ ਹੀ ਉਸ ਦੀ ਮਿਹਨਤ ਨੂੰ ਅਰਥ ਦਿੰਦਾ ਹੈ। ਇੱਕ ਪਰਿਵਾਰ ਵਿੱਚ ਜੇ ਹਰ ਮੈਂਬਰ ਇੱਕ-ਦੂਜੇ ਬਾਰੇ ਚੰਗਾ ਸੋਚੇ, ਇੱਕ ਦੂਜੇ ਦੀਆਂ ਗੱਲਾਂ ਨੂੰ ਸ਼ੱਕ ਦੀ ਥਾਂ ਧਿਆਨ ਅਤੇ ਭਰੋਸੇ ਨਾਲ਼ ਸੁਣੇ ਅਤੇ ਦੂਜਿਆਂ ਦੀਆਂ ਛੋਟੀਆਂ-ਛੋਟੀਆਂ ਗ਼ਲਤੀਆਂ ਨੂੰ ਮਾਫ਼ ਕਰਨਾ ਸਿੱਖ ਲਵੇ, ਤਾਂ ਘਰ ਵਿੱਚ ਪਿਆਰ, ਸਤਿਕਾਰ ਅਤੇ ਖ਼ੁਸ਼ਹਾਲੀ ਬਣੀ ਰਹੇਗੀ। ਇਹੋ ਜਿਹੇ ਘਰਾਂ ਵਿੱਚ ਝਗੜਿਆਂ ਦੀ ਥਾਂ ਮੁਸਕਰਾਹਟਾਂ ਜਨਮ ਲੈਂਦੀਆਂ ਹਨ। ਚੰਗੀ ਸੋਚ ਰਿਸ਼ਤਿਆਂ ਨੂੰ ਵੀ ਖ਼ੂਬਸੂਰਤ ਬਣਾ ਦਿੰਦੀ ਹੈ। ਅਸੀਂ ਅਕਸਰ ਵੇਖਦੇ ਹਾਂ ਕਿ ਕੁਝ ਲੋਕ ਹਰ ਮੁਸ਼ਕਲ ਵਿੱਚੋਂ ਵੀ ਹੱਲ ਲੱਭ ਲੈਂਦੇ ਹਨ, ਜਦਕਿ ਕੁਝ ਲੋਕ ਛੋਟੇ ਜਿਹੇ ਕੰਮ ਵਿੱਚ ਨੂੰ ਵੀ ਵੱਡੀ ਤੋਂ ਵੱਡੀ ਮੁਸ਼ਕਲ ਬਣਾ ਕੇ ਪੇਸ਼ ਕਰਦੇ ਹਨ। ਫ਼ਰਕ ਹਾਲਾਤਾਂ ਵਿੱਚ ਨਹੀਂ, ਸਗੋਂ ਸਿਰਫ਼ ਸੋਚ ਵਿੱਚ ਹੁੰਦਾ ਹੈ। ਕਦੇ ਨਾ ਭੁੱਲੋ ਬੱਚਾ ਵੀ ਡਿੱਗ ਡਿੱਗ ਕੇ ਤੁਰਨਾ ਸਿੱਖਦਾ ਹੈ,ਇਸੇ ਤਰ੍ਹਾਂ ਜਿਹੜਾ ਇਨਸਾਨ ਡਿੱਗ ਕੇ ਵੀ ਉੱਠਣ ਦਾ ਹੌਸਲਾ ਰੱਖਦਾ ਹੈ, ਉਹੀ ਇੱਕ ਦਿਨ ਮੰਜ਼ਿਲ ਤੱਕ ਪਹੁੰਚਦਾ ਹੈ। ਸਾਕਾਰਾਤਮਕ ਸੋਚ ਦਾ ਇਹ ਮਤਲਬ ਨਹੀਂ ਕਿ ਜ਼ਿੰਦਗੀ ਵਿੱਚ ਕਦੇ ਵੀ ਮੁਸ਼ਕਲਾਂ ਨਹੀਂ ਆਉਣਗੀਆਂ।ਬਲਕਿ ਇਸ ਦਾ ਮਤਲਬ ਇਹ ਹੁੰਦਾ ਹੈ ਕਿ ਮੁਸ਼ਕਲਾਂ ਸਾਹਮਣੇ ਆਉਣ 'ਤੇ ਅਸੀਂ ਉਹਨਾਂ ਦਾ ਸਾਹਮਣਾ ਕਿਵੇਂ ਕਰਨਾ ਹੈ ਤੇ ਕਦੇ ਹਿੰਮਤ ਨਹੀਂ ਹਾਰਨੀ। ਕਦੇ ਨਾ ਭੁੱਲੋ ਹਨੇਰਾ ਭਾਵੇਂ ਕਿੰਨਾ ਵੀ ਗਾੜ੍ਹਾ ਕਿਉਂ ਨਾ ਹੋਵੇ ਪਰ ਇੱਕ ਛੋਟਾ ਜਿਹਾ ਦੀਵਾ ਉਸ ਨੂੰ ਆਪਣੇ ਪ੍ਰਕਾਸ਼ ਨਾਲ ਉਸ ਨੂੰ ਮਿਟਾ ਸਕਦਾ ਹੈ ਹੈ। ਬਿਲਕੁਲ ਇਸੇ ਤਰ੍ਹਾਂ ਇੱਕ ਚੰਗਾ ਵਿਚਾਰ ਦੀਵੇ ਵਾਂਗ ਮਨੁੱਖੀ ਮਨ ਅੰਦਰ ਪੈਦਾ ਹੋਈ ਨਿਰਾਸ਼ਾ ਦੇ ਹਨੇਰੇ ਨੂੰ ਦੂਰ ਕਰ ਸਕਦਾ ਹੈ। ਹਮੇਸ਼ਾਂ ਯਾਦ ਰੱਖੋ ਤੁਹਾਡੀ ਇੱਕ ਮੁਸਕਰਾਹਟ, ਇੱਕ ਹੌਸਲੇ ਭਰਿਆ ਸ਼ਬਦ, ਇੱਕ ਸੱਚੀ ਦੁਆ ਜਾਂ ਕਿਸੇ ਦੀ ਮਦਦ ਕਰਨ ਦੀ ਭਾਵਨਾ ਹੀ ਸਕਾਰਾਤਮਕ ਸੋਚ ਦਾ ਇੱਕ ਰੂਪ ਹੁੰਦਾ ਹੈ। ਇਹ ਛੋਟੇ-ਛੋਟੇ ਨੇਕ ਕੰਮ ਨਾ ਸਿਰਫ਼ ਦੂਜਿਆਂ ਦੀ ਜ਼ਿੰਦਗੀ ਵਿੱਚ ਰੌਸ਼ਨੀ ਲਿਆਉਂਦੇ ਹਨ, ਸਗੋਂ ਸਾਡੇ ਆਪਣੇ ਮਨ ਨੂੰ ਵੀ ਸ਼ਾਂਤੀ ਅਤੇ ਖ਼ੁਸ਼ੀ ਨਾਲ ਭਰ ਦਿੰਦੇ ਹਨ।

ਸਾਡੀ ਇੱਕ ਸੋਚ ਇੱਕ ਬੀਜ ਵਾਂਗ ਹੈ। ਜੇ ਅਸੀਂ ਚੰਗੇ ਵਿਚਾਰਾਂ ਦਾ ਬੀਜ ਬੀਜਾਂਗੇ, ਮਿਹਨਤ ਅਤੇ ਸਬਰ ਨਾਲ ਉਸ ਦੀ ਸੰਭਾਲ ਕਰਾਂਗੇ, ਤਾਂ ਇੱਕ ਦਿਨ ਸਫ਼ਲਤਾ, ਖ਼ੁਸ਼ੀ ਅਤੇ ਸੰਤੁਸ਼ਟੀ ਦਾ ਫ਼ਲ਼ ਜ਼ਰੂਰ ਮਿਲ਼ੇਗਾ। ਇਸ ਲਈ ਹਰ ਸਵੇਰ ਆਪਣੇ ਮਨ ਅੰਦਰ ਆਪਣੇ ਅਤੇ ਦੂਜਿਆਂ ਲਈ ਚੰਗੀ ਸੋਚ ਪੈਦਾ ਕਰੋ,ਕਿਉਂਕਿ ਅਕਸਰ ਜ਼ਿੰਦਗੀ ਸਾਨੂੰ ਉਹੀ ਵਾਪਸ ਦਿੰਦੀ ਹੈ ਜੋ ਅਸੀਂ ਆਪਣੇ ਵਿਚਾਰਾਂ ਅਤੇ ਕਰਮਾਂ ਰਾਹੀਂ ਉਸ ਨੂੰ ਦਿੰਦੇ ਹਾਂ। ਮਨੁੱਖ ਦੀ ਸੋਚ ਬਦਲਣ ਨਾਲ ਹੀ ਜ਼ਿੰਦਗੀ ਬਦਲ ਸਕਦੀ ਹੈ। ਇਸੇ ਲਈ ਤਾਂ ਕਿਹਾ ਜਾਂਦਾ ਹੈ ਕਿ ਚੰਗਾ ਸੋਚੋਗੇ ਤਾਂ ਚੰਗਾ ਹੀ ਹੋਵੇਗਾ।



**ਬਰਜਿੰਦਰ ਕੌਰ ਬਿਸਰਾਓ...**
**9988901324**

# ਸਾਵਣ ਮਹੀਨਾ ਪੰਜਾਬ ਦੀ ਲੋਕ-ਸੱਭਿਆਚਾਰਕ ਵਿਰਾਸਤ, ਕੁਦਰਤ ਦੀ ਬਖ਼ਸ਼ਿਸ਼ ਅਤੇ ਰਿਸ਼ਤਿਆਂ ਦੀ ਮਿੱਠਾਸ



**ਲੇਖਕ . ਗੁਰਭਿੰਦਰ ਗੁਰੀ**

"ਸਾਵਣ ਸਰਸੀ ਕਾਮਣੀ ਚਰਨ ਕੰਵਲ ਸਿਉ ਪਿਆਰ॥
ਮਨੁ ਤਨੁ ਰਤਾ ਸਚਿ ਰੰਗਿ ਇਕੋ ਨਾਮੁ ਆਧਾਰ॥"

ਭਾਰਤੀ ਬਿਕਰਮੀ ਸੰਮਤ ਦਾ ਪੰਜਵਾਂ ਮਹੀਨਾ ਸਾਵਣ ਕੁਦਰਤ ਦੀ ਹਰੀਆਲੀ, ਰੂਹਾਨੀਅਤ, ਲੋਕ-ਸੱਭਿਆਚਾਰ ਅਤੇ ਪਰਿਵਾਰਕ ਸਾਂਝ ਦਾ ਮਹੀਨਾ ਮੰਨਿਆ ਜਾਂਦਾ ਹੈ। ਜਿਵੇਂ ਹੀ ਸਾਵਣ ਦੀ ਪਹਿਲੀ ਵਰਖਾ ਧਰਤੀ ਨੂੰ ਛੂੰਹਦੀ ਹੈ, ਸੁੱਕੀ ਧਰਤੀ ਹਰੀ ਚਾਦਰ ਓੜ੍ਹ ਲੈਂਦੀ ਹੈ। ਖੇਤਾਂ ਵਿੱਚ ਫ਼ਸਲਾਂ ਲਹਿਰਾਉਣ ਲੱਗਦੀਆਂ ਹਨ, ਪੰਛੀਆਂ ਦੀ ਚਹਚਹਾਟ ਵਧ ਜਾਂਦੀ ਹੈ ਅਤੇ ਹਰ ਪਾਸੇ ਨਵੀਂ ਜ਼ਿੰਦਗੀ ਦੀ ਮਹਿਕ ਫੈਲ ਜਾਂਦੀ ਹੈ। ਇਸੇ ਲਈ ਪੰਜਾਬੀ ਲੋਕ-ਜੀਵਨ ਵਿੱਚ ਸਾਵਣ ਨੂੰ ਸਿਰਫ਼ ਇੱਕ ਮਹੀਨਾ ਨਹੀਂ, ਸਗੋਂ ਖ਼ੁਸ਼ੀਆਂ, ਉਮੀਦਾਂ ਅਤੇ ਮਿਲਾਪ ਦਾ ਪ੍ਰਤੀਕ ਮੰਨਿਆ ਜਾਂਦਾ ਹੈ।

ਸਾਵਣ ਵਰਖਾ ਰੁੱਤ ਦਾ ਕੇਂਦਰੀ ਮਹੀਨਾ ਹੈ। ਇਸ ਦੌਰਾਨ ਕਈ ਵਾਰ ਲਗਾਤਾਰ ਮੀਂਹ ਪੈਂਦਾ ਹੈ। ਨਦੀਆਂ, ਚੋਆਂ ਅਤੇ ਨਾਲੇ ਉਫਾਨ 'ਤੇ ਆ ਜਾਂਦੇ ਹਨ ਅਤੇ ਹੜ੍ਹਾਂ ਦਾ ਖ਼ਤਰਾ ਵੀ ਬਣਿਆ ਰਹਿੰਦਾ ਹੈ। ਇੱਕ ਪਾਸੇ ਇਹ ਮੀਂਹ ਕਿਸਾਨਾਂ ਲਈ ਵਰਦਾਨ ਹੁੰਦਾ ਹੈ, ਕਿਉਂਕਿ ਝੋਨੇ ਅਤੇ ਹੋਰ ਫ਼ਸਲਾਂ ਨੂੰ ਨਵੀਂ ਜ਼ਿੰਦਗੀ ਮਿਲਦੀ ਹੈ, ਦੂਜੇ ਪਾਸੇ ਦਿਹਾੜੀਦਾਰ ਅਤੇ ਗਰੀਬ ਪਰਿਵਾਰਾਂ ਲਈ ਇਹ ਸਮਾਂ ਕਈ ਮੁਸ਼ਕਲਾਂ ਵੀ ਲਿਆਉਂਦਾ ਹੈ।

ਸਾਵਣ ਦਾ ਮਹੀਨਾ ਧਾਰਮਿਕ ਪੱਖੋਂ ਵੀ ਬਹੁਤ ਮਹੱਤਵਪੂਰਨ ਹੈ। ਇਸ ਮਹੀਨੇ ਦੌਰਾਨ ਹਿਮਾਚਲ ਪ੍ਰਦੇਸ਼ ਸਥਿਤ ਮਾਤਾ ਨੈਣਾ ਦੇਵੀ ਸਮੇਤ ਕਈ ਸ਼ਕਤੀਪੀਠਾਂ 'ਤੇ ਸ਼ਰਧਾਲੂਆਂ ਦੀ ਭਾਰੀ ਆਵਾਜਾਈ ਰਹਿੰਦੀ ਹੈ। ਲੱਖਾਂ ਸ਼ਰਧਾਲੂ ਪੈਦਲ ਯਾਤਰਾਵਾਂ ਕਰਦੇ ਹਨ, ਮਾਤਾ ਦੇ ਦਰਸ਼ਨ ਕਰਕੇ ਆਪਣੀਆਂ ਮਨੋਕਾਮਨਾਵਾਂ ਦੀ ਅਰਦਾਸ ਕਰਦੇ ਹਨ ਅਤੇ ਪਰਿਵਾਰ ਦੀ ਸੁੱਖ-ਸ਼ਾਂਤੀ ਦੀ ਕਾਮਨਾ ਕਰਦੇ ਹਨ।ਪੁਰਾਣੇ ਸਮਿਆਂ ਵਿੱਚ ਨਵੇਂ ਵਿਆਹੇ ਜੋੜਿਆਂ ਨੂੰ ਵੀ ਮਾਤਾ ਦੇ ਦਰਬਾਰ ਲਿਜਾਣ ਦੀ ਪਰੰਪਰਾ ਸੀ। ਉੱਥੋਂ ਲਿਆਂਦਾ ਪ੍ਰਸਾਦ, ਚੁੰਨੀ ਅਤੇ ਨਾਰੀਅਲ ਕੇਵਲ ਧਾਰਮਿਕ ਨਿਸ਼ਾਨ ਨਹੀਂ ਸਨ, ਸਗੋਂ ਵਿਸ਼ਵਾਸ ਅਤੇ ਸ਼ਰਧਾ ਦੇ ਪ੍ਰਤੀਕ ਮੰਨੇ ਜਾਂਦੇ ਸਨ।

ਸਾਵਣ ਦਾ ਨਾਮ ਆਉਂਦੇ ਹੀ ਸਭ ਤੋਂ ਪਹਿਲਾਂ ਤੀਆਂ ਦੀ ਯਾਦ ਆਉਂਦੀ ਹੈ। ਇਹ ਤਿਉਹਾਰ



ਪੰਜਾਬੀ ਲੋਕ-ਸੱਭਿਆਚਾਰ ਦੀ ਸਭ ਤੋਂ ਰੰਗੀਨ ਪਰੰਪਰਾਵਾਂ ਵਿੱਚੋਂ ਇੱਕ ਹੈ। ਨਵੀਆਂ ਵਿਆਹੀਆਂ ਧੀਆਂ ਪੇਕੇ ਘਰ ਆਉਂਦੀਆਂ, ਸਹੇਲੀਆਂ ਨਾਲ ਗਿੱਧਾ ਪਾਉਂਦੀਆਂ, ਬੋਲੀਆਂ ਗਾਉਂਦੀਆਂ ਅਤੇ ਪੀਂਘਾਂ ਝੂਲਦੀਆਂ ਸਨ। ਘਰਾਂ ਵਿੱਚ ਰੌਣਕਾਂ ਲੱਗ ਜਾਂਦੀਆਂ ਅਤੇ ਪੂਰਾ ਪਿੰਡ ਤਿਉਹ-ਾਰ ਦੇ ਰੰਗ ਵਿੱਚ ਰੰਗਿਆ ਹੁੰਦਾ ਸੀ।

ਬੋਹੜ ਅਤੇ ਪਿੱਪਲ ਦੇ ਰੁੱਖਾਂ 'ਤੇ ਪੀਂਘਾਂ ਪਾਈਆਂ ਜਾਂਦੀਆਂ। ਕੁੜੀਆਂ ਰੰਗ-ਬਰੰਗੇ ਸੂਟ, ਚੂੜੀਆਂ ਅਤੇ ਮਹਿੰਦੀ ਨਾਲ ਸ਼ਿੰਗਾਰ ਕਰਕੇ ਲੋਕ-ਗੀਤਾਂ ਰਾਹੀਂ ਆਪਣੀਆਂ ਖ਼ੁਸ਼ੀਆਂ ਅਤੇ ਮਨ ਦੀਆਂ ਭਾਵਨਾਵਾਂ ਪ੍ਰਗਟ ਕਰਦੀਆਂ।

ਪਹਿਲਾਂ ਮਹਿੰਦੀ ਦੇ ਪੱਤੇ ਪੀਸ ਕੇ ਹੱਥਾਂ ਅਤੇ ਪੈਰਾਂ 'ਤੇ ਲਗਾਏ ਜਾਂਦੇ ਸਨ। ਅੱਜ ਇਹ ਕੋਨਾਂ ਦੇ ਰੂਪ ਵਿੱਚ ਆਸਾਨੀ ਨਾਲ ਮਿਲ ਜਾਂਦੀ ਹੈ। ਲੋਕ-ਵਿਸ਼ਵਾਸ ਹੈ ਕਿ ਜਿਸ ਦੀ ਮਹਿੰਦੀ ਦਾ ਰੰਗ ਗੂੜ੍ਹਾ ਚੜ੍ਹੇ, ਉਹ ਆਪਣੇ ਪਤੀ ਅਤੇ ਸੱਸ ਨੂੰ ਬਹੁਤ ਪਿਆਰੀ ਹੁੰਦੀ ਹੈ। ਭਾਵੇਂ ਇਹ ਇੱਕ ਲੋਕ-ਧਾਰਨਾ ਹੈ, ਪਰ ਇਹ ਰਿਸ਼ਤਿਆਂ ਵਿੱਚ ਪਿਆਰ ਅਤੇ ਆਪਣੇਪਣ ਦੀ ਭਾਵਨਾ ਨੂੰ ਦਰਸਾਉਂਦੀ ਹੈ।

ਸਾਵਣ ਵਿੱਚ ਸੰਧਾਰਾ ਦੇਣ ਦੀ ਪਰੰਪਰਾ ਪੰਜਾਬੀ ਸਮਾਜ ਦੀਆਂ ਸਭ ਤੋਂ ਪਿਆਰੀਆਂ ਰਸਮਾਂ ਵਿੱਚੋਂ ਇੱਕ ਹੈ। ਭਰਾ ਜਾਂ ਪਿਤਾ ਆਪਣੀ ਧੀ ਜਾਂ ਭੈਣ ਲਈ ਮਿੱਠਾਈਆਂ, ਪਿੰਨੀਆਂ, ਪਤਾਸੇ, ਗੁੜ, ਫਲ ਅਤੇ ਕੱਪੜੇ ਲੈ ਕੇ ਉਸਦੇ ਸਹੁਰੇ ਘਰ ਜਾਂਦੇ ਸਨ। ਸੰਧਾਰਾ ਸਿਰਫ਼ ਤੋਹਫ਼ਿਆਂ ਦਾ ਨਾਮ ਨਹੀਂ, ਸਗੋਂ ਧੀ-ਭੈਣ ਨਾਲ ਜੁੜੇ ਪਿਆਰ, ਸਤਿਕਾਰ ਅਤੇ ਅਟੁੱਟ ਰਿਸ਼ਤੇ ਦਾ ਪ੍ਰਤੀਕ ਸੀ।

ਭੈਣਾਂ ਆਪਣੇ ਵੀਰ ਦੀ ਉਡੀਕ ਵਿੱਚ ਲੋਕ-ਗੀਤ ਗਾਉਂਦੀਆਂ—

"ਇੱਕ ਵੀਰ ਦੇਈਂ ਵੇ ਰੱਬਾ,
ਸਹੁੰ ਖਾਣ ਨੂੰ ਬੜਾ ਹੀ ਚਿੱਤ ਕਰਦਾ।"

ਇਹ ਗੀਤ ਪੰਜਾਬੀ ਲੋਕ-ਜੀਵਨ ਦੀਆਂ ਡੂੰਘੀਆਂ ਭਾਵਨਾਵਾਂ ਨੂੰ ਦਰਸਾਉਂਦੇ ਹਨ।

ਸਾਵਣ ਦੇ ਲੋਕ-ਗੀਤਾਂ ਵਿੱਚ ਸੱਸ-ਨੂੰਹ ਦੀ ਨੋਕ-ਝੋਕ ਵੀ ਖ਼ੂਬ ਮਿਲਦੀ ਹੈ। ਇਹ ਗੀਤ ਹਾਸੇ-ਮਜ਼ਾਕ ਰਾਹੀਂ ਪਰਿਵਾਰਕ ਰਿਸ਼ਤਿਆਂ ਦੀ ਮਿੱਠਾਸ ਅਤੇ ਕਈ ਵਾਰ ਤਕਰਾਰ ਨੂੰ ਵੀ ਦਰਸਾਉਂਦੇ ਹਨ। ਅਸਲ ਵਿੱਚ ਇਹ ਰਿਸ਼ਤਾ ਆਪਸੀ ਸਤਿਕਾਰ, ਸਮਝ ਅਤੇ ਪਿਆਰ 'ਤੇ ਟਿਕਿਆ ਹੁੰਦਾ ਹੈ।

ਸਾਵਣ ਦੇ ਰਵਾਇਤੀ ਪਕਵਾਨ

ਸਾਵਣ ਦੇ ਮਹੀਨੇ ਖੀਰ, ਮਾਲਪੂੜੇ, ਪੂੜੀਆਂ ਅਤੇ ਹੋਰ ਰਵਾਇਤੀ ਪਕਵਾਨ ਬਣਾਉਣ ਦੀ ਰਸਮ ਅੱਜ ਵੀ ਕਈ ਘਰਾਂ ਵਿੱਚ ਨਿਭਾਈ ਜਾਂਦੀ ਹੈ। ਧਾਰਮਿਕ ਸਥਾਨਾਂ 'ਤੇ ਖੀਰ ਅਤੇ ਮਾਲਪੂੜਿਆਂ ਦੇ ਲੰਗਰ ਵੀ ਲਗਾਏ ਜਾਂਦੇ ਹਨ, ਜੋ ਸੇਵਾ ਅਤੇ ਸਾਂਝ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰਦੇ ਹਨ।

ਅੱਜ ਦੇ ਤੇਜ਼ ਰਫ਼ਤਾਰ ਜੀਵਨ ਵਿੱਚ ਬੋਹੜਾਂ ਹੇਠ ਤੀਆਂ, ਪੀਂਘਾਂ ਅਤੇ ਸੰਧਾਰੇ ਵਰਗੀਆਂ ਕਈ ਪਰੰਪਰਾਵਾਂ ਹੌਲੀ-ਹੌਲੀ ਘੱਟਦੀਆਂ ਜਾ ਰਹੀਆਂ ਹਨ। ਮੋਬਾਈਲ ਅਤੇ ਸੋਸ਼ਲ ਮੀਡੀਆ ਨੇ ਲੋਕ-ਮਿਲਣੀਆਂ ਦੀ ਥਾਂ ਲੈ ਲਈ ਹੈ। ਫਿਰ ਵੀ ਪੰਜਾਬ ਦੇ ਕਈ ਪਿੰਡਾਂ ਅਤੇ ਸੱਭਿਆਚਾਰਕ ਮੇਲਿਆਂ ਵਿੱਚ ਇਹ ਵਿਰਾਸਤ ਅਜੇ ਵੀ ਸਾਹ ਲੈ ਰਹੀ ਹੈ।

ਸਾਡਾ ਫ਼ਰਜ਼ ਹੈ ਕਿ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਨ੍ਹਾਂ ਲੋਕ-ਰਿਵਾਜਾਂ, ਲੋਕ-ਗੀਤਾਂ ਅਤੇ ਸੱਭਿਆਚਾਰਕ ਪਰੰਪਰਾਵਾਂ ਨਾਲ ਜੋੜੀਏ, ਤਾਂ ਜੋ ਪੰਜਾਬ ਦੀ ਪਛਾਣ ਹਮੇਸ਼ਾ ਜਿਊਂਦੀ ਰਹੇ।

ਸਾਵਣ ਸਿਰਫ਼ ਮੀਂਹ ਦਾ ਮਹੀਨਾ ਨਹੀਂ, ਸਗੋਂ ਮਨੁੱਖ ਅਤੇ ਕੁਦਰਤ ਦੇ ਅਟੁੱਟ ਰਿਸ਼ਤੇ, ਪਰਿਵਾਰਕ ਪਿਆਰ, ਲੋਕ-ਸੱਭਿਆਚਾਰ ਅਤੇ ਰੂਹਾਨੀਅਤ ਦਾ ਸੁੰਦਰ ਪ੍ਰਤੀਕ ਹੈ। ਹਰ ਮਹੀਨੇ ਦਾ ਆਪਣਾ ਮਹੱਤਵ ਹੈ, ਪਰ ਉਹੀ ਸਮਾਂ ਸਭ ਤੋਂ ਸੁਖਦਾਈ ਹੁੰਦਾ ਹੈ ਜਿਸ ਵਿੱਚ ਮਨੁੱਖ ਪ੍ਰਭੂ ਦਾ ਸਿਮਰਨ ਕਰੇ, ਰਿਸ਼ਤਿਆਂ ਦੀ ਕਦਰ ਕਰੇ ਅਤੇ ਆਪਣੀ ਵਿਰਾਸਤ ਨੂੰ ਸੰਭਾਲ ਕੇ ਰੱਖੇ।

"ਸਾਈ ਘੜੀ ਸੁਲੱਖਣੀ, ਸਹੁ ਨਾਲ ਬਿਹਾਵੈ॥
ਮਾਹ ਦਿਵਸ ਮੂਰਤਿ ਭਲੇ ਜਿਸ ਕਉ ਨਦਰਿ ਕਰੇ॥
ਨਾਨਕੁ ਮੰਗੈ ਦਰਸ ਦਾਨੁ, ਕਿਰਪਾ ਕਰਹੁ ਹਰੇ॥"

# ਪੰਜਾਬੀ ਗੀਤਕਾਰੀ ਦੇ ਇਤਿਹਾਸ ਦਾ ਇੱਕ ਅਣਲਿਖਿਆ ਵਰਕਾ ਬਾਬੂ ਸਿੰਘ ਧਾਲੀਵਾਲ

ਪੰਜਾਬੀ ਲੋਕ-ਸੰਗੀਤ ਦਾ ਇਤਿਹਾਸ ਸਿਰਫ਼ ਉਨ੍ਹਾਂ ਗਾਇਕਾਂ ਦੀ ਕਹਾਣੀ ਨਹੀਂ ਹੈ, ਜਿਨ੍ਹਾਂ ਨੇ ਆਪਣੀ ਮਿੱਠੀ ਆਵਾਜ਼ ਨਾਲ ਲੱਖਾਂ ਦਿਲਾਂ ਵਿੱਚ ਥਾਂ ਬਣਾਈ ਜਾਂ ਜਿਨ੍ਹਾਂ ਦੇ ਨਾਮ ਰਿਕਾਰਡਾਂ, ਕੈਸੇਟਾਂ ਅਤੇ ਮੰਚਾਂ ਰਾਹੀਂ ਘਰ-ਘਰ ਪਹੁੰਚੇ। ਇਸ ਇਤਿਹਾਸ ਦੇ ਅਣਲਿਖੇ ਸਫ਼ਿਆਂ ਵਿੱਚ ਅਜਿਹੇ ਅਨੇਕਾਂ ਗੀਤਕਾਰ, ਕਵੀ ਅਤੇ ਸਿਰਜਣਹਾਰ ਵੀ ਵੱਸਦੇ ਹਨ, ਜਿਨ੍ਹਾਂ ਦੀ ਕਲਮ ਨੇ ਦੂਜਿਆਂ ਨੂੰ ਪਛਾਣ ਦਿੱਤੀ, ਪਰ ਉਹ ਖ਼ੁਦ ਪਛਾਣ ਦੀ ਰੌਸ਼ਨੀ ਤੋਂ ਵਾਂਝੇ ਰਹਿ ਗਏ। ਉਨ੍ਹਾਂ ਦੇ ਲਿਖੇ ਗੀਤ ਲੋਕਾਂ ਦੀ ਜ਼ੁਬਾਨ 'ਤੇ ਤਾਂ ਚੜ੍ਹੇ, ਪਰ ਉਨ੍ਹਾਂ ਦਾ ਆਪਣਾ ਨਾਂ ਸਮੇਂ ਦੀ ਧੂੜ ਹੇਠਾਂ ਦੱਬਦਾ ਗਿਆ। ਇਹ ਸਾਡੇ ਸਾਹਿਤ ਅਤੇ ਸੰਗੀਤ ਦੀ ਇੱਕ ਵੱਡੀ ਵਿਡੰਬਨਾ ਹੈ ਕਿ ਅਸੀਂ ਆਵਾਜ਼ ਨੂੰ ਤਾਂ ਯਾਦ ਰੱਖ ਲੈਂਦੇ ਹਾਂ, ਪਰ ਸ਼ਬਦਾਂ ਨੂੰ ਜਨਮ ਦੇਣ ਵਾਲੀ ਕਲਮ ਨੂੰ ਅਕਸਰ ਭੁੱਲ ਜਾਂਦੇ ਹਾਂ।

ਪੰਜਾਬੀ ਸੰਗੀਤ ਦੇ ਇਤਿਹਾਸ ਵਿੱਚ ਸੱਤਰ ਅਤੇ ਅੱਸੀ ਦੇ ਦਹਾਕੇ ਨੂੰ ਸੰਘਰਸ਼ ਦਾ ਦੌਰ ਕਿਹਾ ਜਾ ਸਕਦਾ ਹੈ। ਉਸ ਵੇਲੇ ਨਾ ਅੱਜ ਵਾਂਗ ਸੋਸ਼ਲ ਮੀਡੀਆ ਸੀ, ਨਾ ਵੱਡੀਆਂ ਸੰਗੀਤ ਕੰਪਨੀਆਂ ਦੀ ਪਹੁੰਚ ਹਰ ਕਲਾਕਾਰ ਤੱਕ ਸੀ ਅਤੇ ਨਾ ਹੀ ਇੱਕ ਗੀਤ ਨੂੰ ਲੋਕਾਂ ਤੱਕ ਪਹੁੰਚਾਉਣ ਦੇ ਇੰਨੇ ਸਾਧਨ ਸਨ। ਇੱਕ ਗਾਇਕ ਅਤੇ ਇੱਕ ਗੀਤਕਾਰ ਨੂੰ ਆਪਣੀ ਪਛਾਣ ਬਣਾਉਣ ਲਈ ਸਾਲਾਂ ਤੱਕ ਪਿੰਡਾਂ ਦੇ ਮੇਲਿਆਂ, ਸੱਭਿਆਚਾਰਕ ਸਮਾਗਮਾਂ ਅਤੇ ਛੋਟੇ-ਵੱਡੇ ਸਟੇਜਾਂ 'ਤੇ ਸੰਘਰਸ਼ ਕਰਨਾ ਪੈਂਦਾ ਸੀ। ਬਹੁਤ ਸਾਰੇ ਕਲਾਕਾਰ ਅਜਿਹੇ ਵੀ ਸਨ, ਜਿਨ੍ਹਾਂ ਦੀ ਮਿਹਨਤ ਦਾ ਫਲ ਦੂਜਿਆਂ ਨੂੰ ਮਿਲਿਆ, ਪਰ ਉਹ ਆਪ ਆਪਣੀ ਮੰਜ਼ਿਲ ਤੱਕ ਨਹੀਂ ਪਹੁੰਚ ਸਕੇ।

ਅਜਿਹੇ ਹੀ ਅਣਗੌਲੇ ਪਰ ਬੇਹੱਦ ਪ੍ਰਤਿਭਾਸ਼ਾਲੀ ਗੀਤਕਾਰਾਂ ਵਿੱਚ ਇੱਕ ਨਾਮ ਹੈ ਬਾਬੂ ਸਿੰਘ ਧਾਲੀਵਾਲ, ਜੋ ਜ਼ਿਲ੍ਹਾ ਮਾਨਸਾ ਦੇ ਪਿੰਡ ਫਤਿਹਗੜ੍ਹ ਸਾਹਨੇਵਾਲੀ ਦੇ ਵਸਨੀਕ ਸਨ। ਉਨ੍ਹਾਂ ਦੀ ਜ਼ਿੰਦਗੀ ਸਿਰਫ਼ ਇੱਕ ਸਰਕਾਰੀ ਮੁਲਾਜ਼ਮ ਦੀ ਜ਼ਿੰਦਗੀ ਨਹੀਂ ਸੀ, ਸਗੋਂ ਦੇਸ਼-ਸੇਵਾ, ਸਾਹਿਤ-ਪ੍ਰੇਮ ਅਤੇ ਸੰਗੀਤਕ ਸੰਘਰਸ਼ ਦੀ ਇੱਕ ਅਨੋਖੀ ਦਾਸਤਾਨ ਸੀ। ਉਹ ਪਹਿਲਾਂ ਭਾਰਤੀ ਫੌਜ ਵਿੱਚ ਭਰਤੀ ਹੋਏ ਅਤੇ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਦਿਆਂ ਆਪਣਾ ਫ਼ਰਜ਼ ਨਿਭਾਇਆ। ਫੌਜ ਤੋਂ ਸੇਵਾਮੁਕਤ ਹੋਣ ਉਪਰੰਤ ਉਹ ਪੰਜਾਬ ਪੁਲਿਸ ਵਿੱਚ ਭਰਤੀ ਹੋ ਗਏ। ਨੌਕਰੀ ਦੀਆਂ ਜ਼ਿੰਮੇਵਾਰੀਆਂ ਦੇ ਨਾਲ-ਨਾਲ ਉਨ੍ਹਾਂ ਦੇ ਮਨ ਵਿੱਚ ਇੱਕ ਗੀਤਕਾਰ ਵੀ ਸਾਹ ਲੈਂਦਾ ਰਿਹਾ। ਵਰਦੀ ਪਹਿਨਣ ਵਾਲਾ ਇਹ ਇਨਸਾਨ ਜਦੋਂ ਕਲਮ ਚੁੱਕਦਾ ਸੀ ਤਾਂ ਉਸ ਦੇ ਸ਼ਬਦਾਂ ਵਿੱਚ ਸੰਵੇਦਨਾ, ਪਿਆਰ, ਵਿਛੋੜਾ, ਲੋਕ-ਜੀਵਨ ਦੀ ਸਾਦਗੀ ਅਤੇ ਪੰਜਾਬ ਦੀ ਮਿੱਟੀ ਦੀ ਖ਼ੁਸ਼ਬੂ ਮਹਿਕਣ ਲੱਗ ਪੈਂਦੀ ਸੀ।

ਗੀਤ ਲਿਖਣਾ ਉਨ੍ਹਾਂ ਲਈ ਸਿਰਫ਼ ਇੱਕ ਸ਼ੌਕ ਨਹੀਂ ਸੀ, ਸਗੋਂ ਜ਼ਿੰਦਗੀ ਜਿਉਣ ਦਾ ਢੰਗ ਸੀ। ਉਹ ਹਰ ਉਸ ਭਾਵਨਾ ਨੂੰ ਸ਼ਬਦਾਂ ਵਿੱਚ ਢਾਲਣਾ ਚਾਹੁੰਦੇ ਸਨ ਜੋ ਆਮ ਲੋਕ ਆਪਣੇ ਦਿਲ ਵਿੱਚ ਮਹਿਸੂਸ ਕਰਦੇ ਹਨ। ਉਨ੍ਹਾਂ ਦੇ ਗੀਤਾਂ ਵਿੱਚ ਪੇਂਡੂ ਜੀਵਨ ਦੀ ਸਾਦਗੀ, ਇਨਸਾਨੀ ਰਿਸ਼ਤਿਆਂ ਦੀ ਗਰਮਾਹਟ ਅਤੇ ਪੰਜਾਬੀ ਲੋਕ-ਸੱਭਿਆਚਾਰ ਦੀ ਰੂਹ ਵੱਸਦੀ ਸੀ। ਇਹੀ ਕਾਰਨ ਸੀ ਕਿ ਜੋ ਵੀ ਉਨ੍ਹਾਂ ਦੇ ਗੀਤ ਸੁਣਦਾ, ਉਹਨਾਂ ਨਾਲ ਆਪਣੇ ਜੀਵਨ ਦਾ ਕੋਈ ਨਾ ਕੋਈ ਰਿਸ਼ਤਾ ਜ਼ਰੂਰ ਮਹਿਸੂਸ ਕਰਦਾ ਸੀ।

ਇਸੇ ਦੌਰਾਨ ਪੰਜਾਬ ਦੇ ਉੱਘੇ ਲੋਕ ਗਾਇਕ ਅਵਤਾਰ ਚਮਕ ਵੀ ਆਪਣੇ ਗਾਇਕੀ ਦੇ ਸ਼ੁਰੂਆਤੀ ਸੰਘਰਸ਼ ਵਿੱਚ ਸਨ। ਉਸ ਸਮੇਂ ਬਾਬੂ ਸਿੰਘ ਧਾਲੀਵਾਲ ਉਨ੍ਹਾਂ ਦੇ ਬਹੁਤ ਕਰੀਬੀ ਸਾਥੀਆਂ ਵਿੱਚੋਂ ਇੱਕ ਸਨ। ਦੋਵੇਂ ਇਕੱਠੇ ਸੰਘਰਸ਼ ਕਰਦੇ ਰਹੇ, ਇੱਕ-ਦੂਜੇ ਦਾ ਹੌਸਲਾ ਬਣੇ ਅਤੇ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਬੇਅੰਤ ਮੁਸ਼ਕਲਾਂ ਦਾ ਸਾਹਮਣਾ ਕੀਤਾ। ਜਦੋਂ ਅਵਤਾਰ ਚਮਕ ਨੂੰ ਵੱਡੇ ਮੰਚ ਨਹੀਂ ਮਿਲਦੇ ਸਨ, ਉਦੋਂ ਵੀ ਉਹ ਛੋਟੇ-ਵੱਡੇ ਪ੍ਰੋਗਰਾਮਾਂ ਵਿੱਚ ਬਾਬੂ ਸਿੰਘ ਧਾਲੀਵਾਲ ਦੇ ਲਿਖੇ ਗੀਤ ਗਾ ਕੇ ਲੋਕਾਂ ਦੀ ਵਾਹ-ਵਾਹ ਖੱਟਦੇ ਸਨ।



ਬਾਬੂ ਸਿੰਘ ਧਾਲੀਵਾਲ

ਇਹ ਗੀਤ ਲੋਕਾਂ ਦੇ ਦਿਲਾਂ ਵਿੱਚ ਉਤਰਦੇ ਗਏ ਅਤੇ ਹੌਲੀ-ਹੌਲੀ ਅਵਤਾਰ ਚਮਕ ਦੀ ਪਛਾਣ ਬਣਨ ਲੱਗੀ।

ਸਮੇਂ ਦੇ ਨਾਲ ਬਾਬੂ ਸਿੰਘ ਧਾਲੀਵਾਲ ਦੇ ਕੁਝ ਗੀਤ ਰਿਕਾਰਡ ਵੀ ਹੋਏ। ਇਹ ਉਨ੍ਹਾਂ ਲਈ ਇੱਕ ਨਵੇਂ ਸਫ਼ਰ ਦੀ ਸ਼ੁਰੂਆਤ ਹੋ ਸਕਦੀ ਸੀ। ਇੱਕ ਗੀਤਕਾਰ ਵਜੋਂ ਉਨ੍ਹਾਂ ਦੀ ਪਛਾਣ ਬਣਨ ਲੱਗ ਪਈ ਸੀ ਅਤੇ ਉਨ੍ਹਾਂ ਦੀ ਕਲਮ ਹੋਰ ਵੀ ਪੱਕੀ ਹੋ ਰਹੀ ਸੀ। ਪਰ ਕਿਸਮਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਜਦੋਂ ਉਨ੍ਹਾਂ ਦੇ ਸੁਪਨੇ ਅਕਾਰ ਲੈ ਰਹੇ ਸਨ ਅਤੇ ਉਹ ਪੰਜਾਬੀ ਸੰਗੀਤ ਜਗਤ ਵਿੱਚ ਆਪਣੀ ਵੱਖਰੀ ਪਛਾਣ ਬਣਾਉਣ ਵੱਲ ਵਧ ਰਹੇ ਸਨ, ਉਸੇ ਵੇਲੇ ਅਚਾਨਕ ਉਨ੍ਹਾਂ ਦੀ ਮੌਤ ਹੋ ਗਈ।

ਉਨ੍ਹਾਂ ਦੀ ਅਚਨਚੇਤ ਮੌਤ ਨੇ ਇੱਕ ਉਭਰਦੇ ਹੋਏ ਗੀਤਕਾਰ ਦਾ ਸਫ਼ਰ ਅਧੂਰਾ ਛੱਡ ਦਿੱਤਾ। ਇਹ ਸਿਰਫ਼ ਇੱਕ ਪਰਿਵਾਰ ਦਾ ਨੁਕਸਾਨ ਨਹੀਂ ਸੀ, ਸਗੋਂ ਪੰਜਾਬੀ ਲੋਕ-ਗੀਤਕਾਰੀ ਲਈ ਵੀ ਇੱਕ ਵੱਡਾ ਘਾਟਾ ਸੀ। ਜੇਕਰ ਬਾਬੂ ਸਿੰਘ ਧਾਲੀਵਾਲ ਨੂੰ ਹੋਰ ਸਮਾਂ ਮਿਲਦਾ ਤਾਂ ਸੰਭਵ ਹੈ ਕਿ ਅੱਜ ਉਨ੍ਹਾਂ ਦਾ ਨਾਮ ਪੰਜਾਬ ਦੇ ਉੱਘੇ ਗੀਤਕਾਰਾਂ ਵਿੱਚ ਸ਼ਾਮਲ ਹੁੰਦਾ। ਪਰ ਸਮੇਂ ਨੇ ਉਨ੍ਹਾਂ ਨੂੰ ਇਹ ਮੌਕਾ ਹੀ ਨਹੀਂ ਦਿੱਤਾ।

ਅੱਜ ਵੀ ਉਨ੍ਹਾਂ ਦੇ ਲਿਖੇ ਬਹੁਤ ਸਾਰੇ ਗੀਤ ਉਨ੍ਹਾਂ ਦੇ ਪੁੱਤਰ ਕੋਲ ਸੁਰੱਖਿਅਤ ਪਏ ਹਨ। ਇਹ ਹੱਥ-ਲਿਖਤ ਗੀਤ ਸਿਰਫ਼ ਪਰਿਵਾਰ ਦੀ ਅਮਾਨਤ ਨਹੀਂ ਹਨ, ਸਗੋਂ ਪੰਜਾਬੀ ਲੋਕ-ਸਾਹਿਤ ਦੀ ਇੱਕ ਅਨਮੋਲ ਧਰੋਹਰ ਹਨ। ਇਨ੍ਹਾਂ ਵਿੱਚ ਇੱਕ ਅਜਿਹੇ ਗੀਤਕਾਰ ਦੀ ਸੋਚ, ਸੰਵੇਦਨਾ ਅਤੇ ਸੁਪਨੇ ਕੈਦ ਹਨ, ਜਿਸ ਦੀ ਕਲਮ ਨੂੰ ਆਪਣੀ ਪੂਰੀ ਉਡਾਣ ਭਰਨ ਦਾ ਮੌਕਾ ਨਹੀਂ ਮਿਲਿਆ। ਜੇਕਰ ਇਨ੍ਹਾਂ ਗੀਤਾਂ ਨੂੰ ਇਕੱਠਾ ਕਰਕੇ ਇੱਕ ਪੁਸਤਕ ਜਾਂ ਸੰਗੀਤਕ ਐਲਬਮ ਦੇ ਰੂਪ ਵਿੱਚ ਲੋਕਾਂ ਸਾਹਮਣੇ ਲਿਆਂਦਾ ਜਾਵੇ ਤਾਂ ਇਹ ਨਾ ਸਿਰਫ਼ ਬਾਬੂ ਸਿੰਘ ਧਾਲੀਵਾਲ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ, ਸਗੋਂ ਪੰਜਾਬੀ ਸੰਗੀਤ ਦੇ ਇਤਿਹਾਸ ਦੇ ਇੱਕ ਅਣਲਿਖੇ ਅਧਿਆਇ ਨੂੰ ਵੀ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਦਾ ਮਹੱਤਵਪੂਰਨ ਉਪਰਾਲਾ ਹੋਵੇਗਾ।

ਅੱਜ ਜਦੋਂ ਪੰਜਾਬੀ ਸੰਗੀਤ ਉਦਯੋਗ ਬਹੁਤ ਤੇਜ਼ੀ ਨਾਲ ਬਦਲ ਰਿਹਾ ਹੈ, ਉਦੋਂ ਸਾਨੂੰ ਉਨ੍ਹਾਂ ਕਲਮਕਾਰਾਂ ਨੂੰ ਵੀ ਯਾਦ ਕਰਨ ਦੀ ਲੋੜ ਹੈ ਜਿਨ੍ਹਾਂ ਨੇ ਇਸ ਇਮਾਰਤ ਦੀ ਨੀਂਹ ਰੱਖੀ ਸੀ। ਇਤਿਹਾਸ ਦੀ ਅਸਲ ਖ਼ੂਬਸੂਰਤੀ ਇਸ ਗੱਲ ਵਿੱਚ ਨਹੀਂ ਕਿ ਅਸੀਂ ਸਿਰਫ਼ ਸਫ਼ਲ ਲੋਕਾਂ ਨੂੰ ਯਾਦ ਰੱਖੀਏ, ਸਗੋਂ ਇਸ ਵਿੱਚ ਹੈ ਕਿ ਅਸੀਂ ਉਨ੍ਹਾਂ ਅਣਗੌਲੇ ਚਿਹਰਿਆਂ ਨੂੰ ਵੀ ਸਨਮਾਨ ਦੇਈਏ ਜਿਨ੍ਹਾਂ ਨੇ ਦੂਜਿਆਂ ਦੀ ਸਫ਼ਲਤਾ ਵਿੱਚ ਆਪਣਾ ਯੋਗਦਾਨ ਪਾਇਆ। ਬਾਬੂ ਸਿੰਘ ਧਾਲੀਵਾਲ ਦਾ ਨਾਮ ਵੀ ਅਜਿਹੇ ਹੀ ਕਲਮਕਾਰਾਂ ਵਿੱਚ ਸ਼ਾਮਲ ਹੈ। ਉਨ੍ਹਾਂ ਦੀ ਜ਼ਿੰਦਗੀ ਸਾਨੂੰ ਇਹ ਸਿੱਖਿਆ ਦਿੰਦੀ ਹੈ ਕਿ ਸੱਚੀ ਕਲਾ ਕਦੇ ਨਹੀਂ ਮਰਦੀ। ਭਾਵੇਂ ਕਲਾਕਾਰ ਇਸ ਦੁਨੀਆ ਤੋਂ ਚਲਾ ਜਾਵੇ, ਪਰ ਉਸ ਦੀ ਕਲਮ ਦੇ ਲਿਖੇ ਸ਼ਬਦ, ਉਸ ਦੇ ਸੁਪਨੇ ਅਤੇ ਉਸ ਦੀ ਸੋਚ ਹਮੇਸ਼ਾ ਜਿਉਂਦੀ ਰਹਿੰਦੀ ਹੈ।

ਪੰਜਾਬੀ ਸੰਗੀਤ ਅਤੇ ਸਾਹਿਤ ਦੇ ਇਤਿਹਾਸ ਵਿੱਚ ਬਾਬੂ ਸਿੰਘ ਧਾਲੀਵਾਲ ਦਾ ਨਾਮ ਸਨਮਾਨ ਅਤੇ ਕ੍ਰਿਤੱਗਤਾ ਨਾਲ ਲਿਆ ਜਾਣਾ ਚਾਹੀਦਾ ਹੈ, ਕਿਉਂਕਿ ਉਹ ਸਿਰਫ਼ ਇੱਕ ਗੀਤਕਾਰ ਨਹੀਂ ਸਨ, ਸਗੋਂ ਉਸ ਸੰਘਰਸ਼ਮਈ ਪੀੜ੍ਹੀ ਦੇ ਪ੍ਰਤੀਨਿਧ ਸਨ, ਜਿਸ ਨੇ ਆਪਣੇ ਸੁਪਨਿਆਂ ਨਾਲ ਪੰਜਾਬੀ ਲੋਕ-ਸੰਗੀਤ ਦੀ ਨੀਂਹ ਨੂੰ ਹੋਰ ਮਜ਼ਬੂਤ ਕੀਤਾ।

**ਮਨਜੀਤ ਮਾਨ**
**ਮੋਬਾਈਲ**
**7009898044**

# ਫਿਰ ਛਿੜ ਗਈ ਜੰਗ

ਇੱਕ ਵਾਰ ਫੇਰ ਅਮਰੀਕਾ ਅਤੇ ਇਰਾਨ ਵਿੱਚ ਜੰਗ ਸ਼ੁਰੂ ਹੋ ਗਈ ਹੈ। ਕੁਝ ਸਮੇਂ ਪਹਿਲਾਂ ਦੋਹਾਂ ਦੇਸ਼ਾਂ ਵਿੱਚ ਜੰਗਬੰਦੀ ਬਾਰੇ ਇਕ ਸਮਝੌਤੇ ਤੇ ਦਸਤਖ਼ਤ ਵੀ ਹੋਏ ਸਨ। ਲੇਕਿਨ ਇਸ ਵਿਚਕਾਰ ਇਜ਼ਰਾਇਲ ਨੇ ਲੈਬਨਾਨ ਤੇ ਹਿਜ਼ਬੁੱਲਾ ਆਤੰਕਵਾਦੀਆਂ ਤੇ ਹਮਲੇ ਕਰਨੇ ਜਾਰੀ ਰੱਖੇ। ਇਹ ਸਾਰੇ ਜਾਣਦੇ ਹਨ ਕਿ ਹਿਜ਼ਬੁੱਲਾ ਦੀ ਹਿਮਾਇਤ ਈਰਾਨ ਕਰਦਾ ਰਿਹਾ ਹੈ। ਉਹ ਕਿਵੇਂ ਸਹਿਨ ਕਰ ਸਕਦਾ ਹੈ ਕਿ ਇਸਰਾਈਲ ਹਿਜ ਬੁੱਲਾ ਤੇ ਹਮਲੇ ਕਰੇ। ਇੰਨਾ ਹੀ ਨਹੀਂ ਇਸਰਾਇਲ ਗਾਜ਼ਾ ਵਿੱਚ ਵੀ ਬੰਬਾਰੀ ਕਰਦਾ ਰਿਹਾ ਹੈ ਉਸ ਨੇ ਪਹਿਲਾਂ ਹੀ ਇਸ ਇਲਾਕੇ ਨੂੰ ਤਬਾਹ ਕਰ ਰੱਖਿਆ ਹੈ। ਇਸਰਾਈਲ ਨੇ ਇਰਾਨ ਅਤੇ ਅਮਰੀਕਾ ਵਿਚਕਾਰ ਜੰਗ ਬੰਦੀ ਸਮਝੌਤੇ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ। ਅਮਰੀਕਾ ਚਾਹੁੰਦਾ ਹੈ ਕਿ ਈਰਾਨ ਹਮਰੂਜ ਤੋਂ ਆਪਣੀਆਂ ਮਾਈਨਸ ਹਟਾ ਲਵੇ, ਉਸ ਰਸਤੇ ਤੋਂ ਲੰਘਣ ਵਾਲੇ ਜਹਾਜ਼ਾਂ ਤੋਂ ਕੋਈ ਟੈਕਸ ਨਾ ਲਵੇ ਲੇਕਿਨ ਇਰਾਨ ਹਮਰੂਸ ਤੋਂ ਆਪਣਾ ਅਧਿਕਾਰ ਛੱਡਣ ਵਾਸਤੇ ਤਿਆਰ ਨਹੀਂ ਕਿਉਂਕਿ ਉਹ ਕਹਿੰਦਾ ਹੈ ਕਿ ਇਹ ਉਸ ਦੇ ਅਧਿਕਾਰ ਖੇਤਰ ਵਿੱਚ ਹੀ ਆਉਂਦਾ ਹੈ। ਅਮਰੀਕਾ ਇਹ ਵੀ ਚਾਹੁੰਦਾ ਹੈ ਕਿ ਇਰਾਨ ਆਪਣਾ ਪਰਮਾਣੂ ਪ੍ਰੋਗਰਾਮ ਅਤੇ ਮਿਸਾਇਲ ਪ੍ਰੋਗਰਾਮ ਬੰਦ ਕਰ ਦੇਵੇ। ਲੇਕਿਨ ਇਰਾਨ ਨੇ ਇਹ ਸ਼ਰਤ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ। ਈਰਾਨ ਦੇ ਧਾਰਮਿਕ ਗੁਰੂ ਖੁਮਨੇਈ ਦੇ ਦਫਨ ਕਰਨ ਦੇ ਪ੍ਰੋਗਰਾਮ ਵਿੱਚ ਲੱਖਾਂ ਈਰਾਨੀਆਂ ਨੇ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਨੂੰ ਮਾਰਨ ਦੇ ਨਾਰੇ ਲਗਾਏ ਤਾਕਿ ਆਪਣੇ ਧਾਰਮਿਕ ਗੁਰੂ ਦੀ ਸ਼ਹਾਦਤ ਦਾ ਬਦਲਾ ਲਿਆ ਜਾ ਸਕੇ। ਇਸਰਾਇਲ ਦੇ ਭੜਕਾਉਣ ਅਤੇ ਟਰੰਪ ਦੀ ਨਰਾਜ਼ਗੀ ਕਾਰਨ ਅਮਰੀਕਾ ਨੇ ਇਰਾਨ ਦੇ ਕਈ ਠਿਕਾਣਿਆਂ ਤੇ ਹਮਲੇ ਕਰਕੇ ਕਾਫੀ ਨੁਕਸਾਨ ਪਹੁੰਚਾਇਆ ਹੈ। ਈਰਾਨ ਨੇ ਵੀ ਉਹਨਾਂ ਖਾੜੀ ਦੇਸ਼ਾਂ ਉੱਤੇ ਅਮਰੀਕਾ ਦੇ ਸੈਨਿਕ ਠਿਕਾਣਿਆਂ ਤੇ ਹਮਲੇ ਕੀਤੇ ਹਨ ਜਿੱਥੋਂ ਇਰਾਨ ਤੇ ਹਮਲੇ ਹੁੰਦੇ ਹਨ। ਖਾੜੀ ਦੇ ਇਹਨਾਂ ਮੁਲਕਾਂ ਵਿੱਚ ਕਾਫੀ ਨੁਕਸਾਨ ਹੋਇਆ ਹੈ॥ ਖਾੜੀ ਦੇ ਮੁਲਕ ਅਮਰੀਕਾ ਵਾਸਤੇ ਬਹੁਤ ਮਹੱਤਵਪੂਰਨ ਹਨ ਕਿਉਂਕਿ ਉਹਨਾਂ ਦਾ ਬਹੁਤ ਸਾਰਾ ਪੈਸਾ ਅਮਰੀਕਾ ਵਿੱਚ ਲੱਗਿਆ ਹੋਇਆ ਹੈ। ਅਮਰੀਕਾ ਨੇ ਉਨਾਂ ਨੂੰ ਇਹ ਭਰੋਸਾ ਦਿੱਤਾ ਹੋਇਆ ਸੀ ਕਿ ਉਹਨਾਂ ਦੇ ਦੇਸ਼ਾਂ ਵਿੱਚ ਜਿਹੜੇ ਸੈਨਿਕ ਅੱਡੇ ਬਣਾਏ ਜਾ ਰਹੇ ਹਨ ਉਹ ਉਹਨਾਂ ਦੀ ਰੱਖਿਆ ਵਾਸਤੇ ਬਣਾਏ ਜਾ ਰਹੇ ਹਨ ਲੇਕਿਨ ਜਦੋਂ ਈਰਾਨ ਅਤੇ ਇਸਰਾਇਲ ਦੀ ਲੜਾਈ ਹੋਈ ਤਾਂ ਉਹਨਾਂ ਅੱਡਿਆਂ ਦਾ ਇਸਤੇਮਾਲ ਇਸਰਾਈਲ ਨੂੰ ਬਚਾਉਣ ਵਾਸਤੇ ਕੀਤਾ ਜਾਣ ਲੱਗਿਆ। ਜਿਸ ਦਾ ਬਦਲਾ ਲੈਣ ਵਾਸਤੇ ਹੈਰਾਨ ਨੇ ਖਾੜੀ ਦੇ ਮੁਲਕਾਂ ਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਇਸ ਕਾਰਨ ਖਾੜੀ ਦੇ ਇਹਨਾਂ ਦੇਸ਼ਾਂ ਦਾ ਅਮਰੀਕਾ ਤੇ ਵਿਸ਼ਵਾਸ ਖਤਮ ਹੋ ਗਿਆ। ਅਮਰੀਕਾ ਨੇ ਇਰਾਨ ਨਾਲ ਜਿਹੜੀ ਨਵੀਂ ਜੰਗ ਸ਼ੁਰੂ ਕੀਤੀ ਹੈ ਉਸ ਨਾਲ ਸਾਰੇ ਸੰਸਾਰ ਦੀ ਆਰਥਿਕਤਾ ਤੇ ਬਹੁਤ ਬੁਰਾ ਅਸਰ ਪਿਆ ਹੈ। ਹਾਰਮੁਜ ਬੰਦ ਹੋ ਗਿਆ ਹੈ ਜਿਸ ਕਰਕੇ ਖਾੜੀ ਦੇਸ਼ਾਂ ਤੋਂ ਦੂਸਰੇ ਦੇਸ਼ਾਂ ਨੂੰ ਤੇਲ ਅਤੇ ਪੈਟਰੋਲ ਅਤੇ ਗੈਸ ਜਾਣੀ ਬੰਦ ਹੋ ਗਈ ਹੈ ਜਿਸ ਕਰਕੇ ਸੰਸਾਰ ਦੀ ਆਰਥਿਕਤਾ ਤੇ ਬੁਰਾ ਅਸਰ ਪੈ ਰਿਹਾ ਹੈ। ਅਲਗ ਅਲਗ ਮੁਲਕਾਂ ਦੇ ਵਿਦੇਸ਼ੀ ਵਪਾਰ ਤੇ ਵੀ ਬੁਰਾ ਅਸਰ ਪੈ ਰਿਹਾ ਹੈ। ਇਸ ਵੇਲੇ ਸੰਸਾਰ ਦੇ ਅਲੱਗ ਅਲੱਗ ਮੁਲਕ ਜੰਗ ਦੀ ਭੜਕੀ ਇਸ ਅੱਗ ਤੋਂ ਬਹੁਤ ਡਰੇ ਹੋਏ ਹਨ। ਟਰੰਪ ਨੇ ਇਰਾਨ ਨੂੰ ਇਹ ਧਮਕੀ ਦਿੱਤੀ ਹੈ ਕਿ ਉਹ ਇਸ ਨੂੰ ਮਿੱਟੀ ਵਿੱਚ ਮਿਲਾ ਦੇਵੇਗਾ। ਦੂਜੀ ਤਰਫ ਈਰਾਨ ਦੇ ਲੜਾਕੇ ਵੀ ਅਮਰੀਕਾ ਤੋਂ ਬਦਲਾ ਲੈਣ ਵਾਸਤੇ ਤਿਆਰ ਹੋ ਗਏ ਹਨ। ਜੇਕਰ ਇਸ ਵਿਚਕਾਰ ਇਸਰਾਈਲ ਨੇ ਵੀ ਇਰਾਨ ਤੇ ਹਮਲਾ ਕਰ ਦਿੱਤਾ ਅਤੇ ਅਮਰੀਕਾ ਵੀ ਈਰਾਨ ਤੇ ਹਮਲਾ ਕਰਦਾ ਰਿਹਾ ਤਾਂ ਇਰਾਨ ਵਾਸਤੇ ਕਾਫੀ ਮੁਸ਼ਕਿਲ ਹੋ ਜਾਏਗੀ। ਹਾਲਾਂਕਿ ਰੂਸ ਅਤੇ ਚੀਨ ਈਰਾਨ ਦੀ ਮਦਦ ਕਰ ਰਹੇ ਹਨ ਇਸ ਤੇ ਬਾਵਜੂਦ ਵੀ ਇਹ ਇਰਾਨ ਦੇ ਲੜਾਕਿਆਂ ਦੀ ਹਿੰਮਤ ਹੈ ਕਿ ਉਹ ਸੰਸਾਰ ਦੀ ਸੁਪਰ ਪਾਵਰ ਅਮਰੀਕਾ ਵਾਸਤੇ ਕਾਫੀ ਮੁਸ਼ਕਿਲਾਂ ਪੈਦਾ ਕਰ ਰਿਹਾ ਹੈ। ਸ਼ਰਮ ਦੀ ਗੱਲ ਇਹ ਹੈ ਕਿ ਸੰਸਾਰ ਦੇ ਲਗਭਗ ਸਾਰੇ ਮੁਲਕਾਂ ਦੀਆਂ ਮੁਸ਼ਕਿਲਾਂ ਦੀ ਅਣ ਦੇਖੀ ਕਰਕੇ ਈਰਾਨ, ਇਸਰਾਈਲ ਅਤੇ ਅਮਰੀਕਾ ਜੰਗ ਲੜ ਰਹੇ ਹਨ। ਇਸ ਗੱਲ ਦੀ ਤਾਂ ਹੱਦ ਹੋ ਗਈ ਹੈ ਕਿ ਇਸ ਜੰਗ ਨੂੰ ਨਾ ਤਾਂ ਕੋਈ ਰੋਕਣ ਵਿੱਚ ਮਦਦ ਕਰ ਰਿਹਾ ਹੈ ਅਤੇ ਨਾ ਹੀ ਜੰਗ ਲੜਨ ਵਾਲਿਆਂ ਨੂੰ ਆਪਣੇ ਆਰਥਿਕਤਾ ਅਤੇ ਸੰਸਾਰ ਦੀ ਆਰਥਿਕਤਾ ਦੇ ਤਬਾਹ ਹੋਣ ਦਾ ਕੋਈ ਅਫਸੋਸ ਹੋ ਰਿਹਾ ਹੈ। ਕੁਝ ਲੋਕਾਂ ਦਾ ਇਹ ਕਹਿਣਾ ਹੈ ਕਿ ਹੋ ਸਕਦਾ ਹੈ ਕਿ ਤੀਜਾ ਮਹਾ ਯੁੱਧ ਸ਼ੁਰੂ ਹੋ ਜਾਏ। ਜੇਕਰ ਐਸਾ ਹੁੰਦਾ ਹੈ ਤਾਂ ਬਹੁਤ ਤਬਾਹੀ ਮਚ ਜਾਏਗੀ ਜਿਸ ਦਾ ਅੰਦਾਜ਼ਾ ਲਗਾਣਾ ਮੁਸ਼ਕਿਲ ਹੈ। ਪਰਮਾਤਮਾ ਨੂੰ ਪ੍ਰਾਰਥਨਾ ਕਰਦੇ ਹਾਂ ਕਿ ਜੰਗ ਲੜਨ ਵਾਲੇ ਦੇਸ਼ਾਂ ਨੂੰ ਪਰਮਾਤਮਾ ਅਕਲ ਦੇਵੇ ਉਹ ਇਨਸਾਨੀਅਤ ਦੇ ਭਲੇ ਨੂੰ ਧਿਆਨ ਵਿੱਚ ਰੱਖ ਕੇ ਜੰਗ ਬੰਦੀ ਕਰ ਲੈਣ ਅਤੇ ਆਪਸੀ ਸਮੱਸਿਆਵਾਂ ਨੂੰ ਮਿਲ ਬੈਠ ਕੇ ਹੱਲ ਕਰਨ ਦੀ ਕੋਸ਼ਿਸ਼ ਕਰਾਂ। ਹਰ ਜੰਗ ਦਾ ਇਲਾਜ ਸਮਝੌਤਾ ਹੁੰਦਾ ਹੈ। ਇਸ ਜੰਗ ਦਾ ਸਮਝੌਤਾ ਕਦੋਂ, ਕਿਵੇਂ ਅਤੇ ਕੌਣ ਕਰਵਾਏਗਾ ਇਸ ਗੱਲ ਦੀ ਸਭ ਨੂੰ ਉਡੀਕ ਰਹੇਗੀ। ਸਿਰਫ ਸਮਝੌਤਾ ਹੋਣਾ ਹੀ ਕਾਫੀ ਨਹੀਂ ਇਸ ਉੱਤੇ ਅਮਲ ਵੀ ਹੋਣਾ ਚਾਹੀਦਾ ਹੈ। ਗਾਜ਼ਾ ਅਤੇ ਫਿਲਸਤੀਨ ਦੀ ਸਮੱਸਿਆ ਨੂੰ ਵੀ ਹੱਲ ਕਰਨਾ ਚਾਹੀਦਾ ਹੈ।

**ਪ੍ਰੋਫੈਸਰ ਸ਼ਾਮ ਲਾਲ ਕੌਸ਼ਲ**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition


# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ — facebook samajweekly

ਸਾਨੂੰ ਐਕਸ ਤੇ ਫੌਲੋ ਕਰੋ — X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ



ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com